PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

25th Sept - 2nd Oct 2025 • Issue No. 3099 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact: S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਏ ਆਈ ਨਾਲ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਵੀਡੀਓ ਬਣਾਏ ਜਾਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ



ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਦਿਆਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਮੁੜ ਗ਼ਲਤ ਅਤੇ ਇਤਰਾਜ਼ਯੋਗ ਵੀਡੀਓ ਬਣਾਈ ਗਈ ਹੈ ਅਤੇ ਸੋਸ਼ਲ ਮੀਡੀਆ ਰਾਹੀਂ ਵਾਇਰਲ ਕੀਤੀ ਗਈ ਹੈ। ਅਜਿਹੇ ਮਾਮਲੇ ਸਿੱਖ ਸੰਸਥਾ ਵਾਸਤੇ ਵੱਡੀ ਪ੍ਰੇਸ਼ਾਨੀ ਅਤੇ ਚਿੰਤਾ ਦਾ ਸਬਬ ਹਨ। ਇਸ ਵੀਡੀਓ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੰਦਿਆਂ ਅਜਿਹੇ ਵਰਤਾਰੇ 'ਤੇ ਸਰਕਾਰਾਂ ਤੋਂ ਤੁਰੰਤ ਰੋਕ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਨੂੰ ਵਿਚਾਰਨ ਵਾਸਤੇ ਮਾਹਰਾਂ ਦੀ ਮੀਟਿੰਗ ਵੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਪੂਰੀ ਖ਼ਬਰ ਅੰਦਰ

## ਪਾਕਿ ਸਰਕਾਰ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਸਥਾਨਕ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ



## ਸੁਖਬੀਰ ਸਿੰਘ ਬਾਦਲ ਦਾ ਗਿਆਨੀ ਹਰਪ੍ਰੀਤ ਸਿੰਘ ਨੂੰ ਕਰਾਰਾ ਜਵਾਬ : ਗੁਰਬਾਣੀ ਨੂੰ ਵੇਚਣ ਦਾ ਇਲਜ਼ਾਮ ਬੇਬੁਨਿਆਦ



## ਹਨੂੰਮਾਨ ਦੀ ਵਿਸ਼ਾਲ ਮੂਰਤ ਬਾਰੇ ਰਿਪਬਲਿਕਨ ਨੇਤਾ ਦੇ ਨਫਰਤੀ ਬਿਆਨ ਦਾ ਹਿੰਦੂ ਸੰਗਠਨਾਂ ਵੱਲੋਂ ਸਖਤ ਵਿਰੋਧ

### ਅਮਰੀਕਾ ਦੇ ਇੱਕ ਮੰਦਰ ਵਿੱਚ ਬਣਾਏ ਗਏ ਹਨੂੰਮਾਨ ਦੇ ਬੁੱਤ ਬਾਰੇ ਵਿਵਾਦ ਭਖਿਆ



## ਰਾਧਾ ਸਵਾਮੀ ਮੁਖੀ ਵੱਲੋਂ ਜੇਲ੍ਹ ਵਿਚ ਮਜੀਠੀਆ ਨਾਲ ਕੀਤੀ ਮੁਲਾਕਾਤ

- ਜੇਲ ਅਧਿਕਾਰੀਆਂ ਨੇ ਅਕਾਲੀ ਲੀਡਰਸ਼ਿਪ ਨੂੰ ਬਿਕਰਮਜੀਤ ਸਿੰਘ ਮਜੀਠੀਆ ਨੂੰ ਨਾ ਮਿਲਣ ਦਿਤਾ



## ਗੁਰਦੁਆਰਾ ਸਿੰਘ ਸਭਾ ਸਾਊਥਾਲ ਵਿੱਚੋਂ ਸ੍ਰੀ ਗੁਰੂ ਗਰੰਥ ਸਾਹਿਬ ਦੇ 7 ਸਰੂਪ ਬਿਨਾਂ ਦੱਸੇ ਬ੍ਰਮਿੰਘਮ ਲੈ ਜਾਣ ਦਾ ਮਾਮਲਾ


### ਬਾਅਦ ਵਿੱਚ ਸਾਰੇ ਸਰੂਪ ਸਿੰਘ ਸਭਾ ਵਿਖੇ ਵਾਪਸ ਲੈ ਆਂਦੇ ਗਏ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਮੰਦਭਾਗੀ ਘਟਨਾ ਵਾਪਰੀ ਜਦੋਂ ਅੱਜ ਸਵੇਰੇ ਕੁਝ ਵਿਅਕਤੀ ਅਚਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 7 ਸਰੂਪ ਬ੍ਰਮਿੰਘਮ ਲੈ ਗਏ, ਜਿਸ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਲੇ ਵਿੱਚ ਪੁਲਿਸ ਕੋਲ ਸ਼ਿਕਾਇਤ ਦਰਜ਼ ਕਰਵਾਈ ਗਈ ਹੈ, ਲੇਕਨ ਅਜੇ ਇਹ ਸ੍ਪਸ਼ਟ ਨਹੀਂ ਹੋ ਸਕਿਆ ਕਿ ਪੁਲਿਸ ਇਸ ਮਾਮਲੇ ਨੂੰ ਚੋਰੀ ਦੇ ਮਾਮਲੇ ਵਜੋਂ ਜਾਂ ਬੇਅਦਬੀ ਦੇ ਮਾਮਲੇ ਵਜੋਂ ਵੇਖ ਰਹੀ ਹੈ।

## 1984 ਸਿਖ ਕਤਲੇਆਮ ਦਾ ਮਾਮਲਾ: ਅਦਾਲਤ ਵੱਲੋਂ ਸੱਜਣ ਕੁਮਾਰ ਵਿਰੁੱਧ ਕੇਸ ਅੰਤਿਮ ਬਹਿਸ ਵਲ

### ਬਹਿਸ ਲਈ ਸੁਣਾਈ 29 ਅਕਤੂਬਰ ਨੂੰ



ਨਵੀਂ ਦਿੱਲੀ - ਦਿੱਲੀ ਦੀ ਰਾਉਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ ਕੇਸ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕਰ ਦਿੱਤਾ ਹੈ ਜਿਸ ਲਈ ਤਰੀਕ 29 ਅਕਤੂਬਰ ਐਲਾਨੀ ਗਈ ਹੈ। ਸੱਜਣ ਕੁਮਾਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਕੇਸ ਵਿੱਚ ਜਨਕਪੁਰੀ ਅਤੇ ਵਿਕਾਸ ਪੁਰੀ ਪੁਲੀਸ ਸਟੇਸ਼ਨਾਂ ਵਿੱਚ ਦਰਜ ਐਫਆਈਆਰਜ਼ ਨਾਲ ਜੁੜੇ ਕੇਸ ਦਾ ਸਾਹਮਣਾ ਕਰ ਰਿਹਾ ਹੈ।

# ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਵਿਖੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਅਰਦਾਸ ਕਰਕੇ ਅਤੇ ਰਾਹਤ ਸਹਾਇਤਾ ਦਿੱਤੀ



ਗੁਰਦੁਆਰਾ ਗ੍ਰੇਵਜ਼ੈਂਡ ਵਿਖੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਵਾਲੀ ਸੰਸਥਾ ਦੇ ਮੁਖੀ ਬਲਬੀਰ ਸਿੰਘ ਬੈਂਸ ਨਾਲ ਇੰਦਰਪਾਲ ਸਿੰਘ ਸੱਲ ਅਤੇ ਹੋਰ ਮੈਂਬਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਦਰਬਾਰ ਗੁਰਦੁਆਰਾ, ਗ੍ਰੇਵਜ਼ੈਂਡ ਵਿਖੇ ਪੰਜਾਬ ਦੇ ਹੜ੍ਹ ਪੀੜਤਾਂ ਲਈ ਸੁਖਮਨੀ ਸਾਹਿਬ ਜੀ ਦੇ ਪਾਠ ਜਾਪ ਅਤੇ ਕੀਰਤਨ ਦੀਵਾਨ ਸਜਾਏ ਗਏ। ਅਰਦਾਸ ਉਪਰੰਤ ਹਾਲ ਹੀ ਵਿੱਚ ਮੁੱਖ ਸੇਵਾਦਾਰ ਵਜੋਂ ਚੁਣੇ ਜਾਣ ਲਈ ਇੰਦਰਪਾਲ ਸਿੰਘ ਸੱਲ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਪੰਜਾਬ ਦੇ ਇਸ ਮੁਸ਼ਕਿਲ ਹਾਲਾਤਾਂ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਸੰਗਤਾਂ ਨੂੰ ਅਪੀਲ ਕੀਤੀ।*

ਉਹਨਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦਰਬਾਰ ਦੇ ਸੇਵਾਦਾਰ ਹਮੇਸ਼ਾਂ ਵਾਂਗ ਸੰਗਤ ਨੂੰ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ। ਖਾਸ ਕਰਕੇ ਉਨ੍ਹਾਂ ਲੋਕਾਂ ਦੀ ਸਹਾਇਤਾ ਲਈ ਜਿਨ੍ਹਾਂ ਦੀਆਂ ਜ਼ਿੰਦਗੀਆਂ ਹੜ੍ਹਾਂ ਨਾਲ ਤਬਾਹ ਹੋ ਗਈਆਂ ਹਨ। ਅਸੀਂ ਉਨ੍ਹਾਂ

ਸੰਸਥਾਵਾਂ ਨੂੰ ਮਦਦ ਕਰਾਂਗੇ ਜੋ ਹੜ੍ਹਾਂ ਤੋਂ ਤੁਰੰਤ ਬਾਅਦ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਹਨ, ਅਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਦੁਬਾਰਾ ਬਣਾਉਣ ਲਈ ਸਹਾਇਤਾ ਵੀ ਪ੍ਰਦਾਨ ਕਰ ਰਹੇ ਹਨ।

ਸਮਾਜ ਸੇਵੀ ਸੰਸਥਾ ਸਿੱਖ ਰਿਲੀਫ ਦੇ ਭਾਈ ਬਲਬੀਰ ਸਿੰਘ ਨੇ ਪੰਜਾਬ ਵਿੱਚ ਸੰਸਥਾ ਦੇ ਕੰਮਾਂ ਬਾਰੇ ਦੱਸਿਆ। ਸਿੱਖ ਰਿਲੀਫ ਲਈ ਇਸ ਦਿਨ ਲਗਭਗ 5,000 ਪੌਂਡ ਭੇਟ ਕੀਤੇ ਗਏ ਸਨ।

ਗੁਰੂ ਨਾਨਕ ਦਰਬਾਰ ਗੁਰਦੁਆਰਾ ਵੱਲੋਂ ਖਾਲਸਾ ਏਡ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਦੌਰਾਨ ਲੋੜ ਅਨੁਸਾਰ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਸਹਾਇਤਾ ਪ੍ਰਦਾਨ ਕਰਨ ਲਈ ਸਹਿਯੋਗ ਦਿੱਤਾ ਜਾਵੇਗਾ।

ਇੰਦਰਪਾਲ ਸਿੰਘ ਸੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ "ਮੈਂ ਵਾਹਿਗੁਰੂ ਅਤੇ ਗ੍ਰੇਵਜ਼ੈਂਡ ਦੀ ਸੰਗਤ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੁੱਖ ਸੇਵਾਦਾਰ ਵਜੋਂ ਸੇਵਾ ਬਖਸ਼ੀ ਹੈ। ਪੰਜਾਬ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨਾ ਭਾਈਚਾਰੇ ਲਈ ਇੱਕ ਤੁਰੰਤ ਤਰਜੀਹ ਹੈ, ਸਾਡੇ ਸਾਰਿਆਂ ਦੇ ਰਿਸ਼ਤੇਦਾਰ ਅਤੇ ਦੋਸਤ ਹਨ ਜੋ ਪ੍ਰਭਾਵਿਤ ਹੋਏ ਹਨ।

ਆਉਣ ਵਾਲੇ ਸਾਲਾਂ ਵਿੱਚ, ਮੈਂ ਪੂਰੇ ਭਾਈਚਾਰੇ ਦੀ ਸੇਵਾ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ।

ਮੈਂ ਗੁਰਦੁਆਰੇ ਦੇ ਪ੍ਰਬੰਧਨ ਵਿੱਚ ਹੋਰ ਮੋਹਰੀ ਭੂਮਿਕਾਵਾਂ ਨਿਭਾਉਣ ਲਈ ਨੌਜਵਾਨਾਂ ਅਤੇ ਔਰਤਾਂ ਨੂੰ ਅੱਗੇ ਲਿਆਵਾਂਗਾ। ਸਾਬਕਾ ਮੁੱਖ ਸੇਵਾਦਾਰ ਅਜਾਇਬ ਸਿੰਘ ਚੀਮਾ ਨੇ ਇੰਦਰਪਾਲ ਸਿੰਘ ਸੱਲ ਨੂੰ ਵਧਾਈ ਦਿੱਤੀ ਅਤੇ ਮਨਪ੍ਰੀਤ ਸਿੰਘ ਧਾਲੀਵਾਲ ਨੇ ਵੀ ਉਨ੍ਹਾਂ ਦਾ ਧੰਨਵਾਦ ਕਰਦਿਆਂ 2019 ਤੋਂ 2023 ਤੱਕ ਮੁੱਖ ਸੇਵਾਦਾਰ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।


## ਸਿੱਖ ਸੇਵਕ ਸੁਸਾਇਟੀ ਵਿਚ ਯੋਗਦਾਨ ਦੀ ਅਪੀਲ



ਸਤਿਗੁਰੂ ਜੀ ਦੀ ਕਿਰਪਾ ਨਾਲ ਸੰਗਤੀ ਜਥਾ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਹੜ੍ਹ ਪੀੜਤ ਖੇਤਰਾਂ ਵਿਚ ਸੇਵਾ ਦਾ ਕਾਰਜ ਕਰ ਰਹੀ ਹੈ। ਇਹ ਸੰਸਥਾ ਸਿਖ ਫ਼ਲਸਫ਼ੇ ਦੀ ਪ੍ਰੇਰਨਾ ਨਾਲ, ਸੇਵਾ ਅਤੇ ਸਮਾਜਿਕ ਭਲਾਈ ਦੇ ਸਿਧਾਂਤਾਂ 'ਤੇ ਅਡਿੱਗ ਹੋ ਕੇ ਕੰਮ ਕਰਦੀ ਹੈ। ਪੰਜਾਬ ਦੇ ਜਲੰਧਰ, ਕਪੂਰਥਲਾ ਅਤੇ ਹੋਰ ਖੇਤਰਾਂ ਵਿਚ, ਜਿੱਥੇ ਸਤਲੁਜ ਦਰਿਆ ਦੇ ਹੜ੍ਹ ਨੇ ਤਬਾਹੀ ਮਚਾਈ ਹੈ, ਸਿਖ ਸੇਵਕ ਸੁਸਾਇਟੀ ਨੇ ਲੋੜਵੰਦਾਂ ਦੀ ਬਾਂਹ ਫੜੀ ਹੈ। ਪਿੰਡ ਬਾਊਪੁਰ, ਅਲੀਪੁਰ, ਖਿਜਤਪੁਰ ਅਤੇ ਸੁਲਤਾਨਪੁਰ ਲੋਧੀ, ਮੰਡਾਲਾ ਛੰਨਾ ਲੋਹੀਆਂ ਧੁਸੀ ਬੰਨ, ਮੁੰਡੀ ਕਾਲੂ ਵਰਗੇ ਆਦਿ ਇਲਾਕਿਆਂ ਵਿਚ, ਜਿੱਥੇ ਹੜ੍ਹ ਦੇ ਪਾਣੀ ਨੇ ਘਰਾਂ, ਫਸਲਾਂ ਅਤੇ ਪਸ਼ੂਆਂ ਨੂੰ ਬਰਬਾਦ ਕਰ ਦਿੱਤਾ, ਇਹ ਸੰਸਥਾ ਰਾਹਤ ਸਮੱਗਰੀ, ਲੰਗਰ, ਪਸ਼ੂਆਂ ਦੇ ਚਾਰੇ ਅਤੇ ਸਿਹਤ ਸੰਭਾਲ ਸੇਵਾਵਾਂ ਮੈਡੀਕਲ, ਫੋਗਿੰਗ ਪ੍ਰਦਾਨ ਕਰ ਰਹੀ ਹੈ। ਇਸ ਔਖੇ ਸਮੇਂ, ਪੰਜਾਬੀ ਭਾਈਚਾਰਾ ਲਈ ਇਸ ਮਹਾਨ ਸੇਵਾ ਨੂੰ ਜਾਰੀ ਰੱਖਣ ਲਈ ਸੰਗਤ ਦੇ ਸਹਿਯੋਗ ਦੀ ਲੋੜ ਹੈ। ਸਾਡੀ ਅਪੀਲ ਹੈ ਕਿ ਸਾਡੇ ਸਮਰੱਥ ਅਤੇ ਸੇਵਾ-ਭਾਵਨਾ ਨਾਲ ਭਰਪੂਰ ਸੰਗਤ ਇਸ ਸੰਸਥਾ ਵਿਚ ਯੋਗਦਾਨ ਪਾਉਣ ਲਈ ਅੱਗੇ ਆਉਣ। ਤੁਸੀਂ ਰਾਸ਼ਨ, ਕੱਪੜੇ, ਦਵਾਈਆਂ ਜਾਂ ਪਸ਼ੂਆਂ ਦੇ ਚਾਰੇ ਦੇ ਰੂਪ ਵਿਚ ਯੋਗਦਾਨ ਪਾ ਸਕਦੇ ਹੋ।



**ਰਜਿੰਦਰ ਸਿੰਘ ਪੁਰੇਵਾਲ ਯੂਕੇ**
ਚੇਅਰਮੈਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ
+44 7966 974505

**ਪਰਮਿੰਦਰ ਪਾਲ ਸਿੰਘ ਖਾਲਸਾ**
ਮੁਖ ਜਥੇਦਾਰ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ
+91-9814646416

**ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ**

# ਸੁਖਬੀਰ ਬਾਦਲ ਦਾ ਗਿਆਨੀ ਹਰਪ੍ਰੀਤ ਸਿੰਘ ਨੂੰ ਕਰਾਰਾ ਜਵਾਬ : ਗੁਰਬਾਣੀ ਨੂੰ ਵੇਚਣ ਦਾ ਇਲਜ਼ਾਮ ਬੇਬੁਨਿਆਦ

## ✪ ਗੋਲਕ ਦੇ ਪੈਸੇ ਦੀ ਗੱਲ ਕਰਨ ਵਾਲਿਆਂ ਨੂੰ ਸੁਖਬੀਰ ਦੀ ਚੁਣੌਤੀ: ਇੱਕ ਰੁਪਏ ਦਾ ਸਬੂਤ ਲਿਆਓ

ਜਲੰਧਰ-ਪੰਜਾਬ ਦੀ ਸਿਆਸੀ ਗਲਿਆਰਿਆਂ ਵਿੱਚ ਹੁਣ ਇੱਕ ਨਵਾਂ ਵਿਵਾਦ ਛਿੜ ਗਿਆ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਬੇਬੁਨਿਆਦ ਬਿਆਨਾਂ ਨੂੰ ਬੜੇ ਸਪੱਸ਼ਟ ਅੰਦਾਜ਼ ਵਿੱਚ ਖਾਰਜ ਕਰ ਦਿੱਤਾ ਹੈ। ਇਹ ਵਿਵਾਦ ਹੜ੍ਹ ਪੀੜਤਾਂ ਲਈ ਨਗਦੀ ਸਹਾਇਤਾ ਨਾਲ ਜੁੜਿਆ ਹੈ, ਜਿੱਥੇ ਗਿਆਨੀ ਹਰਪ੍ਰੀਤ ਸਿੰਘ ਨੇ ਅਕਾਲੀ ਆਗੂ ਵੱਲੋਂ ਪੀੜਤਾਂ ਨੂੰ ਦਿੱਤੀ ਜਾ ਰਹੀ ਰਾਹਤ ਨੂੰ 'ਗੁਰਬਾਣੀ ਵੇਚ ਕੇ ਇਕੱਠਾ ਕੀਤਾ ਗੋਲਕ ਦਾ ਪੈਸਾ' ਕਹਿ ਕੇ ਕਲੰਕਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਸੁਖਬੀਰ ਬਾਦਲ ਨੇ ਇਸ ਨੂੰ ਪੂਰੀ ਤਰ੍ਹਾਂ ਗਲਤ ਠਹਿਰਾਉਂਦਿਆਂ ਗਿਆਨੀ ਹਰਪ੍ਰੀਤ ਨੂੰ ਚੁਣੌਤੀ ਦਿੱਤੀ ਕਿ ਉਹ ਇੱਕ ਰੁਪਏ ਦਾ ਵੀ ਅਜਿਹਾ ਗੈਰ-ਕਾਨੂੰਨੀ ਗ੍ਰਹਿਣ ਸਾਬਤ ਕਰ ਦੇਣ। ਇਹ ਮਾਮਲਾ ਨਾ ਸਿਰਫ਼ ਅਕਾਲੀ ਦਲ ਦੇ ਅੰਦਰੂਨੀ ਵਿਵਾਦ ਨੂੰ ਉਜਾਗਰ ਕਰਦਾ ਹੈ, ਸਗੋਂ ਇਹ ਵੀ ਦਰਸਾਉਂਦਾ ਹੈ ਕਿ ਕੁਝ ਲੋਕ ਗੁਰੂ ਘਰ ਦੀ ਸੇਵਾ ਨੂੰ ਸਿਆਸੀ ਹਥਿਆਰ ਬਣਾ ਕੇ ਪੰਥਕ ਮਾਮਲਿਆਂ ਨੂੰ ਖਰਾਬ ਕਰਨ ਤੋਂ ਨਹੀਂ ਡਰਦੇ।

ਦਰਅਸਲ, ਇਹ ਵਿਵਾਦ ਉਦੋਂ ਭਖਿਆ ਜਦੋਂ ਪੰਜਾਬ ਵਿੱਚ ਹਾਲ ਹੀ ਵਿੱਚ ਭਿਆਨਕ ਹੜ੍ਹਾਂ ਨੇ ਹਜ਼ਾਰਾਂ ਪਰਿਵਾਰਾਂ ਨੂੰ ਬੇਘਰ ਕਰ ਦਿਤਾ, ਖੇਤ ਤਬਾਹ ਕਰ ਦਿਤੇ। ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਪੀੜਤਾਂ ਨੂੰ ਨਗਦੀ ਸਹਾਇਤਾ ਵੰਡਣ ਦਾ ਐਲਾਨ ਕੀਤਾ, ਜੋ ਪੰਜਾਬੀਆਂ ਦੀ ਮੁਸੀਬਤ ਵਿੱਚ ਅਕਾਲੀਆਂ ਦੀ ਪਹਿਲਕਦਮੀ ਨੂੰ ਦਰਸਾਉਂਦੀ ਹੈ। ਪਰ ਇਸ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਟੀਵੀ ਚੈਨਲ ਨਾਲ ਗੱਲਬਾਤ ਦੌਰਾਨ ਬਹੁਤ ਹੀ ਬੇਬੁਨਿਆਦ ਤੇ ਅਪਮਾਨਜਨਕ ਟਿੱਪਣੀ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਪੈਸਾ 'ਸੁਖਬੀਰ ਨੇ ਗੁਰਬਾਣੀ ਵੇਚ ਕੇ ਇਕੱਠਾ ਕੀਤਾ ਹੈ ਅਤੇ ਇਹ ਗੋਲਕ ਦਾ ਪੈਸਾ ਹੈ'। ਇਹ ਬਿਆਨ ਨਾ ਸਿਰਫ਼ ਸੁਖਬੀਰ ਬਾਦਲ ਨੂੰ ਨਿਸ਼ਾਨਾ ਬਣਾਉਂਦਾ ਹੈ, ਸਗੋਂ ਸ਼੍ਰੋਮਣੀ ਅਕਾਲੀ ਦਲ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਗੁਰਬਾਣੀ ਪ੍ਰਸਾਰਣ ਦੀ ਨੀਤੀ ਨੂੰ ਵੀ ਗਲਤ ਰੰਗ ਵਿੱਚ ਰੰਗਣ ਵਾਲਾ ਹੈ। ਗਿਆਨੀ ਹਰਪ੍ਰੀਤ ਨੂੰ ਲੱਗਦਾ ਹੈ ਕਿ ਅਕਾਲੀ ਆਗੂਆਂ ਨੂੰ ਬਦਨਾਮ ਕਰ ਕੇ ਉਹ ਆਪਣੇ ਨਵੇਂ ਅਕਾਲੀ ਦਲ ਨੂੰ ਮਜ਼ਬੂਤ ਕਰ ਲੈਣਗੇ, ਪਰ ਇਹ ਉਨ੍ਹਾਂ ਦੀ ਭੁਲੇਖਾ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਗੁਰਬਾਣੀ ਨੂੰ ਵੇਚਿਆ ਨਹੀਂ ਜਾ ਸਕਦਾ।



ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਅਕਾਲੀ ਸਰਕਾਰ ਦੇ ਸਮੇਂ ਪੰਜਾਬ ਟ੍ਰਾਂਸਮਿਸ਼ਨ ਕਾਰਪੋਰੇਸ਼ਨ (ਪੀ.ਟੀ.ਸੀ.) ਵੱਲੋਂ ਗੁਰਬਾਣੀ ਦੇ ਪ੍ਰਸਾਰ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨੂੰ ਸਾਲਾਨਾ 2 ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਂਦੀ ਸੀ। ਇਹ ਗਰਾਂਟ ਗੁਰੂ ਘਰ ਦੀ ਸੇਵਾ ਲਈ ਸੀ, ਨਾ ਕਿ ਕਿਸੇ ਨਿੱਜੀ ਲਾਭ ਲਈ। ਸੁਖਬੀਰ ਨੇ ਕਿਹਾ ਕਿ ਇਹ ਪੈਸਾ ਗੁਰਬਾਣੀ ਨੂੰ ਦੇਸ਼ ਵਿਦੇਸ਼ ਤੱਕ ਪਹੁੰਚਾਉਣ ਲਈ ਵਰਤਿਆ ਜਾਂਦਾ ਸੀ, ਜੋ ਸਿੱਖ ਪੰਥ ਦੇ ਸਿਧਾਂਤ ਨੂੰ ਮਜ਼ਬੂਤ ਕਰਨ ਵਾਲਾ ਕਦਮ ਸੀ। ਉਨ੍ਹਾਂ ਨੇ ਗਿਆਨੀ ਹਰਪ੍ਰੀਤ ਨੂੰ ਕਿਹਾ ਕਿ ਜਦੋਂ ਕੋਈ ਘਬਰਾ ਜਾਵੇ ਤਾਂ ਉਹ ਬਿਨਾਂ ਸੋਚੇ-ਸਮਝੇ ਬੋਲਣ ਲੱਗ ਪੈਂਦਾ ਹੈ। ਇਹ ਬਿਆਨ ਨਾ ਸਿਰਫ਼ ਬੇਬੁਨਿਆਦ ਹੈ, ਸਗੋਂ ਇਹ ਗੁਰੂ ਘਰ ਦੀ ਪਵਿੱਤਰਤਾ ਨੂੰ ਨੁਕਸਾਨ ਪਹੁੰਚਾਉਣ ਵਾਲਾ ਵੀ ਹੈ।

ਇਸ ਵਿਵਾਦ ਦੀ ਬੁਨਿਆਦ ਵਿੱਚ ਅਕਾਲੀ ਦਲ ਦੇ ਅੰਦਰੂਨੀ ਵੰਡ ਨੂੰ ਵੀ ਲੱਭਿਆ ਜਾ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਹਾਲ ਹੀ ਵਿੱਚ ਇੱਕ ਨਵਾਂ ਅਕਾਲੀ ਦਲ ਬਣਾ ਕੇ ਸੁਖਬੀਰ ਵਿਰੋਧੀ ਧਿਰ ਨੂੰ ਹਵਾ ਦਿੱਤੀ ਹੈ। ਉਹ ਐੱਸ.ਜੀ.ਪੀ.ਸੀ. ਦੀਆਂ ਚੋਣਾਂ ਵਿੱਚ ਆਪਣੀ ਨਵੀਂ ਟੀਮ ਨੂੰ ਮਜ਼ਬੂਤ ਕਰਨ ਲਈ ਅਜਿਹੇ ਬਿਆਨਾਂ ਨਾਲ ਸੁਖਬੀਰ ਨੂੰ ਨਿਸ਼ਾਨਾ ਬਣਾ ਰਹੇ ਹਨ।

ਪਰ ਸੁਖਬੀਰ ਬਾਦਲ ਨੇ ਇਸ ਨੂੰ ਚੁਣੌਤੀ ਵਜੋਂ ਲੈਂਦਿਆਂ ਵਿਰੋਧੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੇ ਗੁਰਬਾਣੀ ਨਾਲ ਜੁੜੇ ਕਿਸੇ ਵੀ ਫੰਡ ਨੂੰ ਗਲਤ ਵਰਤੋਂ ਕੀਤੀ ਹੈ ਤਾਂ ਉਹ ਇੱਕ ਰੁਪਏ ਦਾ ਵੀ ਸਬੂਤ ਪੇਸ਼ ਕਰ ਦੇਣ। ਇਹ ਚੁਣੌਤੀ ਨਾ ਸਿਰਫ਼ ਗਿਆਨੀ ਹਰਪ੍ਰੀਤ ਨੂੰ ਬੇਪਰਦ ਕਰਦੀ ਹੈ, ਸਗੋਂ ਪੰਥਕ ਭਾਈਚਾਰੇ ਨੂੰ ਵੀ ਸਪੱਸ਼ਟ ਕਰਦੀ ਹੈ ਕਿ ਅਕਾਲੀ ਦਲ ਹਮੇਸ਼ਾਂ ਗੁਰੂ ਘਰ ਦੀ ਸੇਵਾ ਵਿੱਚ ਅੱਗੇ ਰਿਹਾ ਹੈ।

# ਆਪ ਵਿਧਾਇਕ ਸੰਜੀਵ ਅਰੋੜਾ ਦੀ ਜਿੱਤ ਨੂੰ ਹਾਈ ਕੋਰਟ ਵਿਚ ਚੈਲਿੰਜ

## ✪ ਅਰੋੜਾ 'ਤੇ 'ਭ੍ਰਿਸ਼ਟ ਚਰਿੱਤਰ' ਤੇ 'ਚੋਣ ਖਰਚਿਆਂ ਨੂੰ ਲੁਕਾਉਣ' ਦੇ ਦੋਸ਼ ਲਗਾਏ ਗਏ ✪ ਚੋਣ ਕਮਿਸ਼ਨ ਨੂੰ ਵੀ ਭੇਜਿਆ ਗਿਆ ਨੋਟਿਸ




ਚੰਡੀਗੜ੍ਹ-ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਸੰਜੀਵ ਅਰੋੜਾ ਦੀ ਚੋਣ ਜਿੱਤ ਗੰਭੀਰ ਜਾਂਚ ਦੇ ਘੇਰੇ ਵਿੱਚ ਆ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਰੋੜਾ ਦੀ ਜਿੱਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਿੱਚ ਗੰਭੀਰ ਦੋਸ਼ ਲਗਾਏ ਗਏ ਹਨ। ਅਦਾਲਤ ਨੇ ਅਰੋੜਾ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ।

ਇਹ ਪਟੀਸ਼ਨ ਜਸਵਿੰਦਰ ਸਿੰਘ ਮੱਲ੍ਹੀ ਵੱਲੋਂ ਦਾਇਰ ਕੀਤੀ ਗਈ ਹੈ ਜਿਸ ਵਿਚ ਅਰੋੜਾ 'ਤੇ 'ਭ੍ਰਿਸ਼ਟ ਚਰਿੱਤਰ' ਤੇ 'ਚੋਣ ਖਰਚਿਆਂ ਨੂੰ ਲੁਕਾਉਣ' ਦੇ ਦੋਸ਼ ਲਗਾਏ ਗਏ ਹਨ। ਪਟੀਸ਼ਨਕਰਤਾ ਦਾ ਦਾਅਵਾ ਹੈ ਕਿ ਅਰੋੜਾ ਨੇ ਆਪਣੇ ਨਾਮਜ਼ਦਗੀ ਪੱਤਰਾਂ ਨਾਲ ਜਮ੍ਹਾ ਕੀਤੇ ਗਏ ਹਲਫ਼ਨਾਮੇ (ਫਾਰਮ 26) ਵਿੱਚ ਜਾਣਬੁੱਝ ਕੇ ਮਹੱਤਵਪੂਰਨ ਜਾਣਕਾਰੀ ਲੁਕੋਈ ਅਤੇ ਚੋਣ ਕਮਿਸ਼ਨ ਨੂੰ ਝੂਠੀ ਅਤੇ ਮਨਘੜਤ ਜਾਣਕਾਰੀ ਦਿੱਤੀ।

ਮੱਲ੍ਹੀ ਦੇ ਵਕੀਲਾਂ ਸਿਮਰਨਜੀਤ ਸਿੰਘ ਅਤੇ ਪਰਮਿੰਦਰ ਸਿੰਘ ਵਿੱਗ ਅਨੁਸਾਰ, ਅਰੋੜਾ ਨੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਵੋਟਰ ਸਲਿੱਪਾਂ ਵੰਡੀਆਂ, ਰੋਜ਼ਾਨਾ 25-30 ਜਨਤਕ ਮੀਟਿੰਗਾਂ ਕੀਤੀਆਂ ਅਤੇ ਪ੍ਰਚਾਰ ਲਈ ਸੋਸ਼ਲ ਮੀਡੀਆ ਅਤੇ ਪੇਡ ਨਿਊਜ਼ ਦੀ ਵਰਤੋਂ ਕੀਤੀ ਪਰ ਖਰਚੇ ਦੇ ਸਹੀ ਵੇਰਵੇ ਨਹੀਂ ਦਿੱਤੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਜੇਕਰ ਸਾਰੇ ਅਸਲ ਖਰਚਿਆਂ ਨੂੰ ਜੋੜਿਆ ਜਾਵੇ, ਤਾਂ ਇਹ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਹੱਦ ਤੋਂ ਕਿਤੇ ਵੱਧ ਹੋਣਗੇ।

ਇਸ ਤੋਂ ਇਲਾਵਾ ਅਰੋੜਾ 'ਤੇ ਧਰਮ ਦੇ ਨਾਂ 'ਤੇ ਵੋਟਾਂ ਮੰਗਣ ਅਤੇ ਪ੍ਰਚਾਰ ਵਿੱਚ ਪੇਸ਼ੇਵਰ ਧਾਰਮਿਕ ਪ੍ਰਚਾਰਕਾਂ ਨੂੰ ਸ਼ਾਮਲ ਕਰਨ ਦਾ ਦੋਸ਼ ਹੈ। ਮੱਲ੍ਹੀ ਨੇ ਅਦਾਲਤ ਨੂੰ ਦੱਸਿਆ ਕਿ ਸੱਤਾਧਾਰੀ ਪਾਰਟੀ ਨਾਲ ਜੁੜੇ ਅਰੋੜਾ ਨੇ ਚੋਣ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ। ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਰੋੜਾ ਦੀ ਟੀਮ ਨੇ ਗੁਰਦੁਆਰਿਆਂ ਅਤੇ ਹਿੰਦੂ ਧਾਰਮਿਕ ਸਥਾਨਾਂ ਨੂੰ ਗ੍ਰਾਂਟਾਂ ਦਿੱਤੀਆਂ ਅਤੇ ਨਗਰ ਨਿਗਮ ਅਤੇ ਸਰਕਾਰੀ ਖਜ਼ਾਨੇ ਤੋਂ ਸਿਵਲ ਕੰਮ ਕਰਵਾਏ।

# ਰਾਧਾ ਸਵਾਮੀ ਮੁਖੀ ਵੱਲੋਂ ਜੇਲ੍ਹ ਵਿਚ ਮਜੀਠੀਆ ਨਾਲ ਕੀਤੀ ਮੁਲਾਕਾਤ

## ✪ ਜੇਲ ਅਧਿਕਾਰੀਆਂ ਨੇ ਅਕਾਲੀ ਲੀਡਰਸ਼ਿਪ ਨੂੰ ਮਜੀਠੀਆ ਨੂੰ ਨਾ ਮਿਲਣ ਦਿਤਾ



ਨਾਭਾ-ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਇਥੇ ਨਾਭਾ ਜੇਲ੍ਹ ਵਿਚ ਬੰਦ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕੀਤੀ। ਦੋਵਾਂ ਦਰਮਿਆਨ ਇਹ ਬੈਠਕ ਅੱਧੇ ਘੰਟੇ ਦੇ ਕਰੀਬ ਚੱਲੀ। ਹਾਲਾਂਕਿ ਇਸ ਮੁਲਾਕਾਤ ਮਗਰੋਂ ਡੇਰਾ ਮੁਖੀ ਜੇਲ੍ਹ ਦੇ ਬਾਹਰ ਇਕੱਤਰ ਲੋਕਾਂ ਨੂੰ ਵੀ ਮਿਲੇ। ਜੇਲ੍ਹ ਮਗਰੋਂ ਡੇਰਾ ਬਿਆਸ ਮੁਖੀ ਨਾਭਾ ਦੇ ਸ਼ਾਹੀ ਪਰਿਵਾਰ ਦੇ ਵੰਸ਼ਜਾਂ ਨੂੰ ਮਿਲਣ ਲਈ ਹੀਰਾ ਮਹਿਲਾ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਗਏ। ਜ਼ਿਕਰਯੋਗ ਹੈ ਕਿ ਜੇਲ੍ਹ ਪ੍ਰਸ਼ਾਸਨ ਨੇ ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂਆਂ ਨੂੰ ਅਜੇ ਤੱਕ ਬਿਕਰਮ ਮਜੀਠੀਆ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ। ਬੀਤੇ ਦਿਨਾਂ ਵਿਚ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ ਇੰਦਰ ਗਰੇਵਾਲ, ਵਿਰਸਾ ਸਿੰਘ ਵਲਟੋਹਾ ਆਦਿ ਆਗੂਆਂ ਨੂੰ ਇਹ ਕਹਿ ਕੇ ਜੇਲ੍ਹ ਦੇ ਬਾਹਰੋਂ ਮੋੜ ਦਿੱਤਾ ਗਿਆ ਕਿ ਸਿਰਫ ਰਿਸ਼ਤੇਦਾਰ ਹੀ ਮਿਲ ਸਕਦੇ ਹਨ

# ਕੈਨੇਡੀਅਨ ਪੁਲੀਸ ਵੱਲੋਂ ਹਥਿਆਰਾਂ ਨਾਲ ਸਬੰਧਤ ਮਾਮਲੇ ਵਿੱਚ ਖਾਲਿਸਤਾਨੀ ਆਗੂ ਗੋਸਲ ਗ੍ਰਿਫ਼ਤਾਰ



ਟੋਰਾਂਟੋ-ਬੀਤੇ ਦਿਨੀਂ ਕੈਨੇਡੀਅਨ ਪੁਲੀਸ ਨੇ ਓਨਟਾਰੀਓ ਦੇ ਵਿਟਬੀ ਵਿੱਚ ਇੱਕ ਵੱਖਵਾਦੀ ਆਗੂ ਇੰਦਰਜੀਤ ਸਿੰਘ ਗੋਸਲ ਨੂੰ ਹਥਿਆਰਾਂ ਨਾਲ ਸਬੰਧਤ ਇੱਕ ਦਰਜਨ ਤੋਂ ਵੱਧ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਹੈ। ਗਲੋਬਲ ਨਿਊਜ਼ ਨੇ ਸੋਮਵਾਰ ਨੂੰ ਅਦਾਲਤੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲੀਸ ਅਧਿਕਾਰੀਆਂ ਨੇ ਗੋਸਲ ਨੂੰ ਸ਼ੁੱਕਰਵਾਰ ਨੂੰ ਹੈਂਡਗਨ ਦੀ ਲਾਪਰਵਾਹੀ ਨਾਲ ਵਰਤੋਂ ਅਤੇ ਹੋਰ ਸਬੰਧਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ। 36 ਸਾਲਾ ਗੋਸਲ ਨੂੰ ਸੋਮਵਾਰ ਨੂੰ ਓਸ਼ਾਵਾ ਵਿੱਚ ਅਦਾਲਤ ਵਿੱਚ ਕੀਤਾ ਗਿਆ ਅਤੇ ਉਸ 'ਤੇ ਟੋਰਾਂਟੋ ਦੇ 23 ਸਾਲਾ ਅਰਮਾਨ ਸਿੰਘ ਅਤੇ ਨਿਊਯਾਰਕ ਦੇ 41 ਸਾਲਾ ਜਗਦੀਪ ਸਿੰਘ ਦੇ ਨਾਲ ਦੋਸ਼ ਲਗਾਏ ਗਏ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੋਸਲ ਖਾਲਿਸਤਾਨ 'ਤੇ ਰੈਫਰੈਂਡਮ ਕੈਂਪੇਨ ਚਲਾਉਂਦਾ ਹੈ, ਇਹ ਅਹੁਦਾ ਉਸ ਨੇ ਕੋਆਰਡੀਨੇਟਰ ਹਰਦੀਪ ਸਿੰਘ ਨਿੱਝਰ ਦੀ ਮੌਤ ਤੋਂ ਬਾਅਦ ਸੰਭਾਲਿਆ ਸੀ।

# ਹਨੂੰਮਾਨ ਜੀ ਦੀ ਵਿਸ਼ਾਲ ਮੂਰਤ ’ਤੇ ਰਿਪਬਲਿਕਨ ਨੇਤਾ ਨੇ ਦਿੱਤਾ ਨਫ਼ਰਤੀ ਬਿਆਨ

## ✪ ਹਿੰਦੂ ਸੰਗਠਨਾਂ ਨੇ ਕੀਤਾ ਸਖਤ ਵਿਰੋਧ





ਟੈਕਸਾਸ-ਅਮਰੀਕਾ ਦੇ ਟੈਕਸਾਸ ਰਾਜ ਵਿੱਚ ਹਨੂੰਮਾਨ ਜੀ ਦੀ 90 ਫੁੱਟ ਉੱਚੀ ਭਵਿੱਖਬਾਧਕ ਮੂਰਤ ‘ਸਟੈਚੂ ਆਫ਼ ਯੂਨੀਅਨ’ ਨੂੰ ਲੈ ਕੇ ਇੱਕ ਵੱਡਾ ਵਿਵਾਦ ਪੈਦਾ ਹੋ ਗਿਆ ਹੈ। ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਟੈਕਸਾਸ ਸੈਨੇਟ ਚੋਣਾਂ ਲਈ ਉਮੀਦਵਾਰ ਅਲੈਗਜ਼ੈਂਡਰ ਡੰਕਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ (ਪਹਿਲਾਂ ਟਵਿੱਟਰ) ਤੇ ਇੱਕ ਵੀਡੀਓ ਸਾਂਝਾ ਕਰਦਿਆਂ ਇਹ ਨਫ਼ਰਤੀ ਬਿਆਨ ਦਿੱਤਾ ਹੈ ਕਿ, “ਅਸੀਂ ਟੈਕਸਾਸ ਵਿੱਚ ਇੱਕ ਨਕਲੀ ਹਿੰਦੂ ਭਗਵਾਨ ਦੀ ਇੱਕ ਨਕਲੀ ਮੂਰਤ ਨੂੰ ਸਥਾਪਤ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਹੈ? ਅਸੀਂ ਇੱਕ ਈਸਾਈ ਰਾਸ਼ਟਰ ਹਾਂ।” ਡੰਕਨ ਨੇ ਆਪਣੇ ਬਿਆਨ ਨੂੰ ਬਾਈਬਲ ਦੇ ਹਵਾਲੇ ਨਾਲ ਜੋੜਦਿਆਂ ਲਿਖਿਆ ਕਿ, ”ਤੁਹਾਨੂੰ ਕੋਈ ਹੋਰ ਭਗਵਾਨ ਨਹੀਂ ਰੱਖਣਾ ਚਾਹੀਦਾ, ਨਾ ਹੀ ਮੂਰਤ ਨੂੰ ਬਣਾਉਣਾ ਚਾਹੀਦਾ।” ਇਸ ਬਿਆਨ ਨੇ ਨਾ ਸਿਰਫ਼ ਹਿੰਦੂ ਅਮਰੀਕੀਆਂ ਵਿੱਚ ਗੁੱਸਾ ਪੈਦਾ ਕੀਤਾ ਹੈ, ਸਗੋਂ ਧਾਰਮਿਕ ਅਜ਼ਾਦੀ ’ਤੇ ਵੀ ਸਵਾਲ ਉਠਾ ਦਿੱਤੇ ਹਨ। ਇਹ ਮੂਰਤ, ਜੋ ਸ਼੍ਰੀ ਅਸ਼ਟਲਕਸ਼ਮੀ ਟੈਂਪਲ ਵਿੱਚ ਸਥਾਪਤ ਹੈ, 2024 ਵਿੱਚ ਉਜਾਗਰ ਕੀਤੀ ਗਈ ਸੀ ਅਤੇ ਉੱਤਰੀ ਅਮਰੀਕਾ ਦੀ ਸਭ ਤੋਂ ਲੰਮੀ ਹਨੂੰਮਾਨ ਜੀ ਦੀ ਮੂਰਤ ਹੈ। ਇਹ ਤੀਜੀ ਸਭ ਤੋਂ ਲੰਮੀ ਅਮਰੀਕੀ ਮੂਰਤ ਵੀ ਹੈ। ਪਰ ਡੰਕਨ ਦੇ ਟਵੀਟ ਨੇ ਇਸ ਨੂੰ ‘ਨਕਲੀ ਭਗਵਾਨ’ ਕਹਿ ਕੇ ਅਪਮਾਨਿਤ ਕੀਤਾ, ਜਿਸ ਨਾਲ ਹੋਰ ਵੀ ਨਫ਼ਰਤੀ ਟਿੱਪਣੀਆਂ ਵਧ ਗਈਆਂ। ਕਈ ਯੂਜ਼ਰਾਂ ਨੇ ਤਾਂ ਮੂਰਤ ਨੂੰ ਢਾਹੁਣ ਦੀ ਮੰਗ ਵੀ ਕੀਤੀ।

ਡੰਕਨ ਦਾ ਬਿਆਨ ਬਹੁਤ ਸਾਰੇ ਲੋਕਾਂ ਨੂੰ ਨਸਲਵਾਦੀ ਅਤੇ ਧਾਰਮਿਕ ਨਫ਼ਰਤ ਵਾਲਾ ਲੱਗ ਰਿਹਾ ਹੈ। ਉਹ ਅਮਰੀਕਾ ਨੂੰ ਸਿਰਫ਼ ਈਸਾਈ ਰਾਸ਼ਟਰ ਕਹਿ ਰਿਹਾ ਹੈ, ਜੋ ਅਮਰੀਕੀ ਸੰਵਿਧਾਨ ਦੇ ਪਹਿਲੇ ਸੋਧ ਨਾਲ ਟਕਰਾਉਂਦਾ ਹੈ, ਜੋ ਧਾਰਮਿਕ ਅਜ਼ਾਦੀ ਦੀ ਗਾਰੰਟੀ ਦਿੰਦਾ ਹੈ। ਐਕਸ ਤੇ ਇੱਕ ਯੂਜ਼ਰ ਜੋਰਡਨ ਕ੍ਰੋਡਰ ਨੇ ਲਿਖਿਆ, “ਸਿਰਫ਼ ਇਸ ਲਈ ਨਹੀਂ ਕਿ ਤੁਸੀਂ ਹਿੰਦੂ ਨਹੀਂ ਹੋ, ਇਹ ਨਕਲੀ ਨਹੀਂ ਬਣ ਜਾਂਦਾ। ਵੇਦਾਂ ਨੂੰ ਯੀਸੂ ਤੋਂ 2000 ਸਾਲ ਪਹਿਲਾਂ ਲਿਖਿਆ ਗਿਆ ਸੀ। ਅਸੀਂ ਕਈ ਧਰਮਾਂ ਵਾਲਾ ਰਾਸ਼ਟਰ ਹਾਂ।” ਹੋਰ ਯੂਜ਼ਰਾਂ ਨੇ ਡੰਕਨ ਨੂੰ ਯਾਦ ਕਰਵਾਇਆ ਕਿ ਅਮਰੀਕਾ ਵਿਭਿੰਨਤਾ ਤੇ ਟਿਕਿਆ ਹੈ, ਨਾ ਕਿ ਇੱਕ ਧਰਮ ਤੇ। ਇਹ ਬਿਆਨ ਐਚ-1 ਬੀ ਵੀਜ਼ਾ ਵਿਵਾਦ ਦੇ ਵਿੱਚ ਵੀ ਆਇਆ ਹੈ, ਜਿੱਥੇ ਟਰੰਪ ਪ੍ਰਸ਼ਾਸਨ ਨੇ ਭਾਰਤੀਆਂ ਖਿਲਾਫ਼ ਨਵੀਆਂ ਪਾਬੰਦੀਆਂ ਲਗਾਈਆਂ ਹਨ, ਜਿਸ ਨਾਲ ਐਂਟੀ-ਹਿੰਦੂ ਭਾਵਨਾਵਾਂ ਵਧੀਆਂ ਹਨ।

### ਹਿੰਦੂ ਸੰਗਠਨਾਂ ਨੇ ਕੀ ਕਾਰਵਾਈ ਕੀਤੀ?

ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਡੰਕਨ ਦੇ ਬਿਆਨ ਨੂੰ “ਐਂਟੀ-ਹਿੰਦੂ ਅਤੇ ਭੜਕਾਊ” ਕਹਿ ਕੇ ਨਿੰਦਾ ਕੀਤੀ ਹੈ। ਐਚਏਐਫ਼ ਨੇ ਟੈਕਸਾਸ ਰਿਪਬਲਿਕਨ ਪਾਰਟੀ ਨੂੰ ਰਸਮੀ ਸ਼ਿਕਾਇਤ ਕੀਤੀ ਹੈ ਅਤੇ ਪੁੱਛਿਆ ਹੈ ਕਿ, “ਕੀ ਤੁਸੀਂ ਆਪਣੇ ਉਮੀਦਵਾਰ ਨੂੰ ਸਜ਼ਾ ਦਿਓਗੇ, ਜੋ ਨਸਲਵਾਦ ਫੈਲਾ ਰਿਹਾ ਹੈ?” ਐਚਏਐਫ਼ ਨੇ ਐਕਸ ਤੇ ਪੋਸਟ ਕੀਤਾ ਕਿ ਇਹ ਨਫ਼ਰਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹੋਰ ਹਿੰਦੂ ਸੰਗਠਨਾਂ ਨੇ ਵੀ ਡੰਕਨ ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ ਹੈ।

### ਅਮਰੀਕਨ ਅਖ਼ਬਾਰਾਂ ਵਿੱਚ ਕੀ ਕਿਹਾ ਜਾ ਰਿਹਾ ਹੈ?

ਅਮਰੀਕਨ ਮੀਡੀਆ ਵਿੱਚ ਵੀ ਇਸ ਨੂੰ ਵਿਆਪਕ ਕਵਰੇਜ਼ ਮਿਲੀ ਹੈ। ਨਿਊਜ਼ਵੀਕ ਨੇ ਇਸ ਨੂੰ “ਟੈਕਸਾਸ ਵਿੱਚ ਵੱਡੀ ਅਰਧ-ਬਾਂਦਰ ਅਰਧ-ਮਨੁੱਖੀ ਮੂਰਤ ਨੇ ਕੰਜ਼ਰਵੇਟਿਵ ਵਿਰੋਧ ਨੂੰ ਭੜਕਾਇਆ” ਕਹਿ ਕੇ ਰਿਪੋਰਟ ਕੀਤਾ, ਜਿਸ ਨੂੰ ਹਿੰਦੂ ਭਾਈਚਾਰੇ ਨੇ ਅਪਮਾਨਜਨਕ ਕਿਹਾ। ਹਿੰਦੂਸਟਾਨ ਟਾਈਮਜ਼ (ਅਮਰੀਕੀ ਐਡੀਸ਼ਨ) ਨੇ ਲਿਖਿਆ ਕਿ ਡੰਕਨ ਦਾ ਬਿਆਨ ਅਮਰੀਕੀ ਵਿਭਿੰਨਤਾ ਨੂੰ ਚੁਣੌਤੀ ਦਿੰਦਾ ਹੈ।

# ਮੋਦੀ ਸਰਕਾਰ ਨੇ ਪੰਜਾਬ ਨੂੰ ‘ਅਤਿ ਹੜ੍ਹ ਪ੍ਰਭਾਵਿਤ’ ਸੂਬਾ ਐਲਾਨਿਆ!



ਦਿੱਲੀ-ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ‘ਅਤਿ ਹੜ੍ਹ ਪ੍ਰਭਾਵਿਤ’ ਸੂਬਾ ਐਲਾਨ ਦਿੱਤਾ ਹੈ। ਕੇਂਦਰ ਨੇ ਪੰਜਾਬ ਸਰਕਾਰ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਵਿੱਚ ਪੰਜਾਬ ਨੂੰ ‘ਅਤਿ ਹੜ੍ਹ ਪ੍ਰਭਾਵਿਤ’ ਐਲਾਨਣ ਦੀ ਸਿਫਾਰਸ਼ ਕੀਤੀ ਗਈ ਸੀ। ਕੇਂਦਰ ਦੇ ਇਸ ਫੈਸਲੇ ਦੇ ਨਾਲ ਹੁਣ ਪੰਜਾਬ ਨੂੰ ਵਧਿਆ ਹੋਇਆ ਮੁਆਵਜ਼ਾ ਮਿਲਣ ਦੀ ਉਮੀਦ ਹੈ। ਪੰਜਾਬ ਸਰਕਾਰ ਨੂੰ ਵਿਸ਼ੇਸ਼ ਸਹਾਇਤਾ ਪੂੰਜੀ ਨਿਵੇਸ਼ ਯੋਜਨਾ ਦੇ ਤਹਿਤ 590 ਕਰੋੜ ਰੁਪਏ ਦਾ 50 ਸਾਲਾਂ ਦਾ ਸੋਫਨ ਲੋਨ ਵੀ ਮਿਲੇਗਾ। ਇਹ ਰਕਮ ਵਿਸ਼ੇਸ਼ ਤੌਰ ’ਤੇ ਨੁਕਸਾਨੇ ਗਏ ਜਨਤਕ ਬੁਨਿਆਦੀ ਢਾਂਚੇ ਦੀ ਮੁਰੰਮਤ ’ਤੇ ਖ਼ਰਚ ਕੀਤੀ ਜਾਵੇਗੀ।

# ਨਾਭਾ ਵਿੱਚ ਪੁਲੀਸ ਤੇ ਕਿਸਾਨਾਂ ਦਰਮਿਆਨ ਤਕਰਾਰ

## ✪ ਪੁਲੀਸ ਨੇ ਕੀਤਾ ਲਾਠੀਚਾਰਜ; ਕਈ ਕਿਸਾਨ ਜ਼ਖ਼ਮੀ, ਪੱਗਾਂ ਲਥੀਆਂ



ਪਟਿਆਲਾ-ਨਾਭਾ ਵਿਚ ਕਿਸਾਨ ਯੂਨੀਅਨ ਤੇ ਪੁਲੀਸ ਦਰਮਿਆਨ ਝੜਪ ਹੋਈ। ਕਿਸਾਨਾਂ ਨੇ ਦੋਸ਼ ਲਾਇਆ ਕਿ ਨਾਭਾ ਪੁਲੀਸ ਨੇ ਟਰੈਕਟਰ ਟਰਾਲੀਆਂ ਚੋਰੀ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕੀਤੀ। ਉਨ੍ਹਾਂ ਵਲੋਂ ਨਾਭਾ ਡੀਐਸਪੀ ਦਫਤਰ ਦੇ ਬਾਹਰ ਡੀਐਸਪੀ ਦੀ ਗੱਡੀ ਦਾ ਘਿਰਾਓ ਕੀਤਾ ਗਿਆ ਜਿਸ ਦੌਰਾਨ ਕਿਸਾਨਾਂ ਤੇ ਪੁਲੀਸ ਦਰਮਿਆਨ ਹੱਥੋਪਾਈ ਤੇ ਖਿੱਚਧੂਹ ਹੋਈ। ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਉਨ੍ਹਾਂ ਦੀਆਂ ਟਰੈਕਟਰ ਟਰਾਲੀਆਂ ਚੋਰੀ ਕਰਨ ਵਾਲੇ ਮੁਲਜ਼ਮ ਨੂੰ ਗ੍ਰਿਫ਼ਤਾਰ ਨਾ ਕੀਤਾ ਜਿਸ ’ਤੇ ਉਨ੍ਹਾਂ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਪੁਲੀਸ ਨੇ ਦੱਸਿਆ ਕਿ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਉਨ੍ਹਾਂ ਦੇ ਦਫ਼ਤਰ ਰੋਡ ’ਤੇ ਜਾਮ ਲਗਾ ਦਿੱਤਾ ਅਤੇ ਸਥਾਨਕ ਮਹਿਲਾ ਡੀਐਸਪੀ ਨਾਲ ਵੀ ਮਾੜਾ ਵਿਹਾਰ ਕੀਤਾ। ਨਾਭਾ ਦੀ ਡੀਐਸਪੀ ਮਨਦੀਪ ਕੌਰ ਦੇ ਦਫ਼ਤਰ ਦੇ ਬਾਹਰ ਤਕਰਾਰ ਉਦੋਂ ਵਧ ਗਈ ਜਦੋਂ ਇਹ ਡੀਐਸਪੀ ਜਾਣ ਲੱਗੀ ਤੇ ਕਿਸਾਨਾਂ ਨੇ ਉਸ ਦਾ ਘਿਰਾਓ ਕਰ ਦਿੱਤਾ। ਇਸ ਦੌਰਾਨ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਪੁਲੀਸ ਨਾਲ ਝੜਪ ਹੋ ਗਈ ਜਿਸ ਕਾਰਨ ਦੋਵਾਂ ਧਿਰਾਂ ਨੂੰ ਕੁਝ ਸੱਟਾਂ ਲੱਗੀਆਂ। ਇਸ ਝਗੜੇ ਦੌਰਾਨ ਜਿੱਥੇ ਕੁਝ ਕਿਸਾਨ ਜ਼ਖ਼ਮੀ ਹੋਏ, ਉੱਥੇ ਹੀ ਕਈਆਂ ਦੀਆਂ ਪੱਗਾਂ ਵੀ ਲੱਥ ਗਈਆਂ।

# ਪਾਕਿ ਸਰਕਾਰ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਮੁੜ ਖੋਲ੍ਹਿਆ



ਲਾਹੌਰ-ਪਾਕਿਸਤਾਨ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਹਾਲ ਹੀ ’ਚ ਹੜ੍ਹ ਕਾਰਨ ਪ੍ਰਭਾਵਿਤ ਸਿੱਖਾਂ ਦੇ ਧਾਰਮਿਕ ਅਸਥਾਨ ਸ੍ਰੀ ਕਰਤਾਰਪੁਰ ਸਾਹਿਬ ਦਾ ਕੰਪਲੈਕਸ ਪੂਰੀ ਤਰ੍ਹਾਂ ਸਾਫ਼ ਹੈ ਅਤੇ ਇਸ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ, “ਹਾਲ ਹੀ ’ਚ ਮੌਨਸੂਨੀ ਮੀਂਹ ਦੌਰਾਨ ਕਰਤਾਰਪੁਰ ਸਾਹਿਬ ਹੜ੍ਹ ਨਾਲ ਪ੍ਰਭਾਵਿਤ ਹੋਇਆ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਸਾਫ਼ ਹੈ।” ਦੱਸਣਯੋਗ ਹੈ ਕਿ ਪੰਜਾਬ ਜੋ ਕਿ ਪਾਕਿਸਤਾਨ ਦਾ ਸਭ ਵੱਡਾ ਸੂਬਾ ਹੈ, ਵਿੱਚ ਅਗਸਤ ਮਹੀਨੇ ਦੇ ਆਖਰ ’ਚ ਭਾਰੀ ਹੜ੍ਹ ਆਏ ਸਨ, ਜਿਸ ਕਾਰਨ ਵੱਡੇ ਪੈਮਾਨੇ ’ਤੇ ਤਬਾਹੀ ਹੋਈ ਸੀ। ਗੁਰਦੁਆਰਾ ਸਾਹਿਬ ਕੰਪਲੈਕਸ ’ਚ ਪਾਣੀ ਭਰ ਗਿਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਤੇ ਸੇਵਾਦਾਰ ਪਹਿਲੀ ਮੰਜ਼ਿਲ ’ਤੇ ਸੁਰੱਖਿਅਤ ਰਹੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਉੱਥੋਂ ਬਾਹਰ ਕੱਢ ਲਿਆ ਗਿਆ ਸੀ। ਅਧਿਕਾਰੀਆਂ ਨੇ ਆਖਿਆ ਕਿ ਧਾਰਮਿਕ ਸਥਾਨ ’ਚ ਸੰਚਾਲਨ ਪੂਰੀ ਤਰ੍ਹਾਂ ਬਹਾਲ ਹੋ ਗਿਆ ਹੈ, ਹੜ੍ਹਾਂ ਨਾਲ ਹੋਏ ਨੁਕਸਾਨ ਦੀ ਮੁਰੰਮਤ ਕਰ ਦਿੱਤੀ ਗਈ ਹੈ ਅਤੇ ਸ਼ਰਧਾਲੂ ਸੁਰੱਖਿਅਤ ਅਤੇ ਆਰਾਮ ਨਾਲ ਦਰਸ਼ਨ ਕਰ ਸਕਦੇ ਹਨ।

# ਕੀ ਲਾਰੈਂਸ ਆਪਣੇ ਭਰਾ ਅਨਮੋਲ ਨੂੰ ਬਚਾਉਣ ਲਈ ਅਮਰੀਕੀ ਏਜੰਸੀਆਂ ਲਈ ਬਣ ਗਿਆ ਏ ਮੁਖਬਰ !

## ✪ ਗੈਂਗਸਟਰ ਰੋਹਿਤ ਗੋਦਾਰਾ ਨੇ ਕਿਉਂ ਲਗਾਏ ਦੋਸ਼



ਚੰਡੀਗੜ੍ਹ-ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਹੁਣ ਦੇਸ਼ਧ੍ਰੋਹ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਦੁਬਈ ਵਿੱਚ ਰਹਿਣ ਵਾਲਾ ਰੋਹਿਤ ਗੋਦਾਰਾ ਦਾਅਵਾ ਕਰਦਾ ਹੈ ਕਿ ਲਾਰੈਂਸ ਅਮਰੀਕੀ ਏਜੰਸੀਆਂ ਨਾਲ ਮਿਲ ਗਿਆ ਹੈ ਅਤੇ ਵਿਦੇਸ਼ਾਂ ਵਿੱਚ ਭਾਰਤੀ ਖੁਫੀਆ ਜਾਣਕਾਰੀ ਲੀਕ ਕਰ ਰਿਹਾ ਹੈ ਗੋਦਾਰਾ ਦੇ ਅਨੁਸਾਰ, ਲਾਰੈਂਸ ਨੇ ਆਪਣੇ ਭਰਾ ਅਨਮੋਲ ਬਿਸ਼ਨੋਈ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਹ ਕਦਮ ਚੁੱਕਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਗੋਦਾਰਾ, ਲਾਰੈਂਸ ਅਤੇ ਗੋਲਡੀ ਬਰਾੜ ਹੁਣ ਵੱਖ-ਵੱਖ ਰਸਤਿਆਂ ’ਤੇ ਹਨ। ਗੋਦਾਰਾ ਨੇ ਗੋਲਡੀ ਨਾਲ ਮਿਲ ਕੇ ਫੌਜਾਂ ਬਣਾਈਆਂ ਹਨ। ਅਨਮੋਲ, ਜੋ ਕਿ ਕਈ ਅਪਰਾਧਾਂ ਵਿੱਚ ਲੋੜੀਂਦਾ ਹੈ, ਇਸ ਸਮੇਂ ਵਿਦੇਸ਼ ਵਿੱਚ ਲੁਕਿਆ ਹੋਇਆ ਹੈ। ਦੋਸ਼ ਹੈ ਕਿ ਲਾਰੈਂਸ ਨੇ ਆਪਣੀ ਸੁਰੱਖਿਆ ਦੇ ਬਦਲੇ ਅਮਰੀਕਾ ਨੂੰ ਸੰਵੇਦਨਸ਼ੀਲ ਜਾਣਕਾਰੀ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ, ਕਿਸੇ ਵੀ ਏਜੰਸੀ ਨੇ ਅਧਿਕਾਰਤ ਤੌਰ ’ਤੇ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਕੀਤੀ ਹੈ।

ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ ਅਤੇ ਸਾਰੇ ਪਹਿਲੂਆਂ ਦੀ ਜਾਂਚ ਕਰਨਗੇ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਮਾਮਲਾ ਸਿਰਫ਼ ਅੰਤਰ-ਗੈਂਗ ਦੁਸ਼ਮਣੀ ਦਾ ਮਾਮਲਾ ਹੋ ਸਕਦਾ ਹੈ। ਦੋਵੇਂ ਗਿਰੋਹ ਲੰਬੇ ਸਮੇਂ ਤੋਂ ਇੱਕ ਦੂਜੇ ਨਾਲ ਟਕਰਾਅ ਵਿੱਚ ਹਨ। ਇਸ ਲਈ, ਗੋਦਾਰਾ ਦੁਆਰਾ ਲਗਾਏ ਗਏ ਦੋਸ਼ ਲਾਰੈਂਸ ਨੂੰ ਬਦਨਾਮ ਕਰਨ ਦੀ ਇੱਕ ਚਾਲ ਹੋ ਸਕਦੇ ਹਨ। ਹਾਲਾਂਕਿ, ਸੁਰੱਖਿਆ ਚਿੰਤਾਵਾਂ ਨੂੰ ਦੇਖਦੇ ਹੋਏ, ਇਹਨਾਂ ਦਾਅਵਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

### ਹਰੀ ਬਾਕਸਰ ਦੇ ਇਸ਼ਾਰੇ ’ਤੇ ਗਲਤ ਪੋਸਟਾਂ ਕੀਤੀਆਂ ਜਾ ਰਹੀਆਂ ਹਨ

ਪੋਸਟ ਵਿੱਚ ਲਿਖਿਆ ਹੈ: “ਮੈਂ, ਰੋਹਿਤ ਗੋਦਾਰਾ, ਗੋਲਡੀ ਬਰਾੜ, ਭਰਾਵੋ, ਮੈਂ ਤੁਹਾਨੂੰ ਦੱਸਦਾ ਹਾਂ, ਸਾਡੇ ਵਿਰੁੱਧ ਇਹ ਫੇਸਬੁੱਕ ਪੋਸਟ ਜੋ ਇੰਟਰਨੈੱਟ ਮੀਡੀਆ ’ਤੇ ਘੁੰਮ ਰਹੀ ਹੈ, ਉਹ (ਹਰੀ ਬਾਕਸਰ) ਉਸ ਕੁੱਤੇ ਦੇ ਇਸ਼ਾਰੇ ’ਤੇ ਸ਼ਰਾਬ ਪੀਣ ਤੋਂ ਬਾਅਦ ਝੂਠੀਆਂ ਪੋਸਟਾਂ ਬਣਾਉਂਦਾ ਹੈ। ਸਵੇਰੇ, ਉਹ ਸਾਡੇ ਤੋਂ ਮੁਆਫੀ ਮੰਗਦਾ ਹੈ। ਸਾਡੇ ਕੋਲ ਇਸਦੀ ਰਿਕਾਰਡਿੰਗ ਹੈ, ਜੋ ਅਸੀਂ ਤੁਹਾਨੂੰ ਭੇਜੀ ਹੈ। ਉਹ ਇੱਕ ਮੋਟਰਸਾਈਕਲ ਚੋਰ ਹੈ।”

ਲਾਰੈਂਸ ਇੱਕ ਗੱਦਾਰ ਹੈ: ਪੋਸਟ ਵਿੱਚ ਅੱਗੇ ਲਿਖਿਆ ਹੈ: “ਉਸ ਕੁੱਤੇ (ਲਾਰੈਂਸ ਬਿਸ਼ਨੋਈ) ਵਿੱਚ ਸਾਡੇ ਨਾਲ ਲੜਨ ਦੀ ਹਿੰਮਤ ਨਹੀਂ ਹੈ। ਪੂਰੀ ਦੁਨੀਆ ਵਿੱਚ ਉਸ ਤੋਂ ਵੱਡਾ ਕੋਈ ਚੋਰ ਅਤੇ ਗੱਦਾਰ ਨਹੀਂ ਹੈ।” ਉਸਨੇ ਦੇਸ਼ ਨਾਲ ਧੋਖਾ ਕੀਤਾ ਹੈ। ਉਸਨੇ ਇੱਕ ਅਮਰੀਕੀ ਏਜੰਸੀ ਨਾਲ ਮਿਲੀਭੁਗਤ ਕਰਕੇ ਆਪਣੇ ਭਰਾ (ਅਨਮੋਲ) ਨੂੰ ਬਚਾਇਆ। ਹੁਣ ਉਹ ਉਨ੍ਹਾਂ ਨਾਲ ਰਾਸ਼ਟਰੀ ਭੇਦ ਸਾਂਝੇ ਕਰਦਾ ਹੈ। ਉਹ ਸਾਡੇ ਸਾਰੇ ਭਰਾਵਾਂ ਬਾਰੇ ਵੀ ਜਾਣਕਾਰੀ ਦੇ ਰਿਹਾ ਹੈ ਜੋ ਵਿਦੇਸ਼ਾਂ ਵਿੱਚ ਹਨ।

ਗੈਂਗਸਟਰਾਂ ਦੀ ਪੋਸਟ ਵਿੱਚ ਲਿਖਿਆ ਹੈ, “ਉਹ ਸਲਮਾਨ ਦੇ ਨਾਮ ’ਤੇ ਪ੍ਰਸਿੱਧੀ ਪ੍ਰਾਪਤ ਕਰਦਾ ਰਹਿੰਦਾ ਹੈ।” ਲਾਰੈਂਸ ਖੁਦ ਸਾਨੂੰ ਕਹਿ ਰਿਹਾ ਹੈ, “ਭਰਾ, ਸਾਨੂੰ ਪ੍ਰਸਿੱਧੀ ਲਈ ਉਸਨੂੰ ਮਾਰਨਾ ਪਵੇਗਾ।” ਉਹ ਚੀਨੂ (ਆਨੰਦਪਾਲ ਦੀ ਧੀ) ਨੂੰ, ਜਿਸ ਬਾਰੇ ਉਹ ਬੁਰਾ ਬੋਲ ਰਿਹਾ ਹੈ, “ਭੈਣ” ਕਹਿੰਦਾ ਸੀ। ਉਹ ਸਾਡੀ ਛੋਟੀ ਭੈਣ ਹੈ।

ਸਾਡਾ ਨਾਮ ਉਸ ਨਾਲ ਨਾ ਜੋੜੋ: ਪੋਸਟ ਵਿੱਚ ਲਿਖਿਆ ਹੈ, “ਉਹ (ਲਾਰੈਂਸ) ਸਨਾਤਨ ਨਾਮ ਦਾ ਅਰਥ ਵੀ ਨਹੀਂ ਜਾਣਦਾ। ਉਹ ਨੌਂ ਦਿਨਾਂ ਦੀ ਨਵਰਾਤਰੀ ਮਨਾਉਣ ਤੋਂ ਪਹਿਲਾਂ ਮੀਡੀਆ ਨੂੰ ਫ਼ੋਨ ਕਰਦਾ ਹੈ ਅਤੇ ਉਨ੍ਹਾਂ ਨੂੰ ਦੱਸਦਾ ਹੈ। ਉਹ (ਲਾਰੈਂਸ) ਇੱਕ ਗੱਦਾਰ ਅਤੇ ਕੁੱਤਾ ਹੈ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਸਾਡੀ ਕਿਸੇ ਵੀ ਫੋਟੋ ਜਾਂ ਸਾਡੇ ਨਾਮ ਨੂੰ ਇਸ ਕੁੱਤੇ ਨਾਲ ਨਾ ਜੋੜੋ।” ਉਹ (ਲਾਰੈਂਸ) ਆਪਣੀ ਪੋਸਟ ਵਿੱਚ ਗੋਗੀ ਸਮੂਹ, ਕਾਲਾ ਜਠੇਰੀ, ਕਾਲਾ ਰਾਣਾ, ਨਰੇਸ਼ ਸੇਠੀਆ, ਟੀਨੂ ਹਰਿਆਣਾ, ਪਵਨ ਨਹਿਰਾ, ਸਚਿਨ ਭਿਵਾਨੀ ਅਤੇ ਹੋਰ ਸਾਰੇ ਭਰਾਵਾਂ ਦਾ ਨਾਮ ਲੈਂਦਾ ਹੈ, ਜਿਨ੍ਹਾਂ ਸਾਰਿਆਂ ਨੇ ਉਸਨੂੰ ਲੱਤ ਮਾਰੀ ਹੈ। ਉਹ ਸਾਡੇ ਭਰਾ ਹਨ।

## ਵਿਦੇਸ਼ਾਂ ਤੋਂ ਗੈਂਗਸਟਰਾਂ ਨੂੰ ਲਿਆਂਦਾ ਜਾਵੇਗਾ ਇੰਡੀਆ

### ✪ ਚੰਡੀਗੜ੍ਹ ਪੁਲਿਸ ਇੱਕ ਡੋਜ਼ੀਅਰ ਕਰ ਰਹੀ ਤਿਆਰ

ਚੰਡੀਗੜ੍ਹ-ਚੰਡੀਗੜ੍ਹ ਪੁਲਿਸ ਵਿਦੇਸ਼ਾਂ ਵਿੱਚ ਲੁਕੇ ਹਿੰਸਕ ਅਪਰਾਧਾਂ ਵਿੱਚ ਸ਼ਾਮਲ ਵੱਡੇ ਗੈਂਗਸਟਰਾਂ ਅਤੇ ਅਪਰਾਧੀਆਂ ਨੂੰ ਵਾਪਸ ਲਿਆਉਣ ਦੀ ਤਿਆਰੀ ਕਰ ਰਹੀ ਹੈ। ਇਨ੍ਹਾਂ ਵਿੱਚ ਅਨਮੋਲ ਬਿਸ਼ਨੋਈ, ਰੋਹਿਤ ਗੋਦਾਰਾ, ਰਣਦੀਪ ਮਲਿਕ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਗੋਲਡੀ ਬਰਾੜ ਸ਼ਾਮਲ ਹਨ। ਪਹਿਲੀ ਵਾਰ, ਪੁਲਿਸ ਅਜਿਹੇ ਅਪਰਾਧੀਆਂ ਦਾ ਵਿਸਤ੍ਰਿਤ ਡੋਜ਼ੀਅਰ ਤਿਆਰ ਕਰ ਰਹੀ ਹੈ, ਜਿਸ ਵਿੱਚ ਉਨ੍ਹਾਂ ਦੇ ਨਾਮ, ਫੋਟੋਆਂ, ਅਪਰਾਧਿਕ ਰਿਕਾਰਡ ਅਤੇ ਠਿਕਾਣਿਆਂ ਦੀ ਜਾਣਕਾਰੀ ਹੋਵੇਗੀ। ਇਹ ਡੋਜ਼ੀਅਰ ਇੱਕ ਮਹੀਨੇ ਵਿੱਚ ਤਿਆਰ ਹੋ ਕੇ ਸੀਬੀਆਈ ਨੂੰ ਸੌਂਪਿਆ ਜਾਵੇਗਾ, ਜਿਸਨੂੰ ਗ੍ਰਹਿ ਮੰਤਰਾਲੇ ਨੇ ਨੋਡਲ ਅਫਸਰ ਨਿਯੁਕਤ ਕੀਤਾ ਹੈ।

## ਲੁਧਿਆਣਾ ਵਿੱਚ ਕਾਂਗਰਸੀ ਆਗੂ ਦੇ ਭਰਾ ਦੀ ਹੱਤਿਆ

### ✪ 3 ਮੋਟਰਸਾਈਕਲ ਸਵਾਰਾਂ ਨੇ ਮਾਰੀਆਂ ਗੋਲੀਆਂ



ਲੁਧਿਆਣਾ-ਬੀਤੇ ਦਿਨੀਂ ਯੂਥ ਕਾਂਗਰਸ ਆਗੂ ਅਨੁਜ ਕੁਮਾਰ ਦੇ ਭਰਾ ਅਮਿਤ ਕੁਮਾਰ (ਉਮਰ ਲਗਭਗ 35 ਸਾਲ) ਨੂੰ ਤਿੰਨ ਅਣਪਛਾਤੇ ਨੌਜਵਾਨਾਂ ਨੇ ਮੋਟਰਸਾਈਕਲ ਤੇ ਆ ਕੇ ਗੋਲੀ ਮਾਰ ਕੇ ਮਾਰ ਦਿਤਾ। ਅਮਿਤ, ਜੋ ਇੱਕ ਬਾਰ ਚਲਾਉਂਦਾ ਸੀ ਅਤੇ ਵਿਆਹਿਆ ਹੋਇਆ ਸੀ, ਦੇ ਦੋ ਛੋਟੇ ਬੱਚੇ ਹਨ। ਉਸਦਾ ਵਿਆਹ 17 ਸਾਲ ਪਹਿਲਾਂ ਹੋਇਆ ਸੀ ਅਤੇ ਪਰਿਵਾਰ ਲਗਭਗ 25 ਸਾਲਾਂ ਤੋਂ ਇਸ ਇਲਾਕੇ ਵਿੱਚ ਰਹਿ ਰਿਹਾ ਹੈ। ਅਨੁਜ ਕੁਮਾਰ ਨੇ ਦੱਸਿਆ ਕਿ ਬੀਤੀ ਰਾਤ ਅਮਿਤ ਆਪਣੇ ਬਾਰ ਨੇੜੇ ਸੀ। ਤਿੰਨ ਨੌਜਵਾਨ ਇੱਕ ਬਾਈਕ ਉਪਰ ਆਏ ਅਤੇ ਕੁਝ ਖਾਣਾ ਖਾਧਾ। ਜਦੋਂ ਅਮਿਤ ਨੇ ਬਿੱਲ ਦੇਣ ਲਈ ਕਿਹਾ, ਤਾਂ ਉਨ੍ਹਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ। ਬਹਿਸ ਦੌਰਾਨ ਇੱਕ ਨੌਜਵਾਨ ਨੇ ਅਮਿਤ ਨੂੰ ਗੋਲੀ ਮਾਰ ਦਿੱਤੀ। ਅਮਿਤ ਖੂਨ ਨਾਲ ਲੱਥਪੱਥ ਜ਼ਮੀਨ ਬਾਰ ਡਿੱਗ ਪਿਆ। ਕੰਪਾਊਂਡ ਗਾਰਡ ਨੇ ਅਨੁਜ ਨੂੰ ਤੁਰੰਤ ਸੂਚਿਤ ਕੀਤਾ। ਪਰਿਵਾਰ ਨੇ ਅਮਿਤ ਨੂੰ ਨੇੜਲੇ ਹਸਪਤਾਲ ਲਿਜਾਇਆ, ਪਰ ਡਾਕਟਰਾਂ ਨੇ ਉਸ ਨੂੰ ਮੌਕੇ ਤੇ ਹੀ ਮ੍ਰਿਤਕ ਐਲਾਨ ਦਿੱਤਾ। ਹਮਲਾਵਰ ਘਟਨਾ ਤੋਂ ਬਾਅਦ ਭੱਜ ਗਏ ਅਤੇ ਉਨ੍ਹਾਂ ਦੀ ਪਛਾਣ ਅਜੇ ਹੋਈ ਨਹੀਂ। ਅਨੁਜ, ਜੋ ਖੁਦ ਜ਼ਿਲ੍ਹਾ ਕਾਂਗਰਸ ਸਕੱਤਰ ਹੈ, ਨੇ ਦੱਸਿਆ ਕਿ ਘਟਨਾ ਬਾਰੇ ਉਸ ਨੇ ਫਤਿਹਗੜ੍ਹ ਸਾਹਿਬ ਦੇ ਸੰਸਦ ਮੈਂਬਰ ਡਾ. ਅਮਰ ਸਿੰਘ ਨਾਲ ਗੱਲ ਕੀਤੀ। ਡਾ. ਅਮਰ ਸਿੰਘ ਨੇ ਪੁਲਿਸ ਨੂੰ ਫੋਨ ਕਰਕੇ ਢੁਕਵੀਂ ਕਾਰਵਾਈ ਦੀ ਮੰਗ ਕੀਤੀ। ਸਾਹਨੇਵਾਲ ਥਾਣੇ ਦੇ ਐਸਐਚਓ ਗੁਰਮੁਖ ਸਿੰਘ ਨੇ ਦੱਸਿਆ ਕਿ ਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇਗਾ।

## ਅੰਮ੍ਰਿਤਸਰ ਵਿਚ ਲੁਟੇਰੇ ਉਂਗਲ ਵੱਢ ਕੇ ਲੈ ਗਏ ਅੰਗੂਠੀ

### ✪ ਜ਼ਖ਼ਮੀ ਬਜ਼ੁਰਗ ਦੀ ਹਸਪਤਾਲ ਵਿਚ ਹੋਈ ਮੌਤ

ਅਟਾਰੀ-ਪਿੰਡ ਭੰਡਿਆਰ ’ਚ ਘਰ ਵਿਚ ਸੌਂ ਰਹੇ ਬਜ਼ੁਰਗ ਵਿਅਕਤੀ ਜਗੀਰ ਸਿੰਘ ਦੀ ਲੁਟੇਰੇ ਉਂਗਲ ਵੱਢ ਕੇ ਸੋਨੇ ਦੀ ਅੰਗੂਠੀ ਤੇ 40 ਹਜ਼ਾਰ ਰੁਪਏ ਲੁੱਟ ਕੇ ਫਰਾਰ ਹੋ ਗਏ ਸਨ। ਹਸਪਤਾਲ ਵਿਚ ਦਾਖਲ ਜਗੀਰ ਸਿੰਘ ਦੀ ਬੀਤੇ ਦਿਨੀਂ ਮੌਤ ਹੋ ਗਈ। ਥਾਣਾ ਘਰਿੰਡਾ ਦੇ ਐਸਐਚਓ ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਹੱਤਿਆ ਕਰਨ ਵਾਲਿਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਗੈਰ ਕਾਨੂੰਨੀ ਪਰਵਾਸੀਆਂ ’ਤੇ ਪੰਚਾਇਤ ਪੱਟੀ ਹੋਈ ਸਖਤ

## ✪ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਮਤੇ ਪਾਏ, ਭਾਰੀ ਜੁਰਮਾਨਾ ਰਖਿਆ



ਚੱਬੇਵਾਲ-ਅਪਰਾਧਿਕ ਬਿਰਤੀ ਵਾਲੇ ਅਤੇ ਗੈਰ ਕਾਨੂੰਨੀ ਢੰਗ ਨਾਲ ਪਿੰਡ ਪੱਟੀ ਵਿੱਚ ਰਹਿ ਰਹੇ ਪਰਵਾਸੀਆਂ ਉੱਤੇ ਗਰਾਮ ਪੰਚਾਇਤ ਪੱਟੀ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਸ਼ਿਕੰਜਾ ਕੱਸਣ ਦੇ ਉਦੇਸ਼ ਨਾਲ ਸਰਪੰਚ ਸ਼ਿੰਦਰਪਾਲ ਦੀ ਅਗਵਾਈ ਵਿੱਚ ਸਾਰੇ ਜ਼ਿਮੀਂਦਾਰਾਂ, ਪਰਵਾਸੀ ਮਜ਼ਦੂਰਾਂ ਅਤੇ ਬਾਕੀ ਪਿੰਡ ਵਾਸੀਆਂ ਦਾ ਇੱਕ ਵੱਡਾ ਇਕੱਠ ਕਰਕੇ ਸਾਰੇ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਮਤੇ ਪਾਏ ਗਏ।

ਪਿੰਡ ਦੇ ਸਰਪੰਚ ਸਿੰਦਰਪਾਲ ਨੇ ਦੱਸਿਆ ਕਿ ਸਰਬ ਸੰਮਤੀ ਨਾਲ ਪਾਸ ਕੀਤੇ ਮਤਿਆਂ ਵਿਚ ਕਿਸੇ ਦੀ ਪਰਵਾਸੀ ਦਾ ਵੋਟਰ ਕਾਰਡ, ਅਧਾਰ ਕਾਰਡ ਅਤੇ ਰਾਸ਼ਨ ਕਾਰਡ ਨਹੀਂ ਬਣਾਇਆ ਜਾਵੇਗਾ। ਪਰਵਾਸੀ ਮਜ਼ਦੂਰਾਂ ਨੂੰ ਆਪਣੀ ਪੀ ਸੀ ਸੀ ਕਰਵਾਉਣ ਲਈ 31 ਦਸੰਬਰ 2025 ਤੱਕ ਸਮਾਂ ਦਿੱਤਾ ਗਿਆ। ਗੁੱਜਰ ਭਾਈਚਾਰਾ ਆਪਣੇ ਪਸ਼ੂਆਂ ਨੂੰ ਸੜਕਾਂ ’ਤੇ ਲੈ ਕੇ ਨਹੀ ਘੁੰਮੇਗਾ ਅਤੇ ਫੜੇ ਜਾਣ ’ਤੇ 10 ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਜੇਕਰ ਪਿੰਡ ਵਿੱਚ ਕੋਈ ਵੀ ਪ੍ਰਵਾਸੀ ਮਜ਼ਦੂਰ ਜਾਂ ਗੁੱਜਰ ਰਹਿ ਰਿਹਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਪਨਾਹ ਦੇਣ ਵਾਲੇ ਲੋਕਾਂ ਦੀ ਹੋਵੇਗੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿੱਚੋਂ 7 ਸਰੂਪ ਬਿਨਾਂ ਦੱਸੇ ਬ੍ਰਮਿੰਘਮ ਲੈ ਜਾਣ ਦਾ ਮਾਮਲਾ ਪੁਲਿਸ ਕੋਲ ਪਹੁੰਚਿਆ

## ਸਰੂਪਾਂ ਨੂੰ ਇਸ ਤਰ੍ਹਾਂ ਲਿਜਾਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ, ਚੋਰੀ ਜਾਂ ਬੇਅਦਬੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਮੰਦਭਾਗੀ ਘਟਨਾ ਵਾਪਰੀ ਜਦੋਂ ਸਵੇਰੇ ਕੁਝ ਵਿਅਕਤੀ ਅਚਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 7 ਸਰੂਪ ਬ੍ਰਮਿੰਘਮ ਲੈ ਗਏ, ਜਿਸ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ ਪੁਲਿਸ ਕੋਲ ਸ਼ਿਕਾਇਤ ਦਰਜ਼ ਕਰਵਾਈ ਗਈ ਹੈ, ਲੇਕਨ ਅਜੇ ਇਹ ਸ਼ਪਸ਼ਟ ਨਹੀਂ ਹੋ ਸਕਿਆ ਕਿ ਪੁਲਿਸ ਇਸ ਮਾਮਲੇ ਨੂੰ ਚੋਰੀ ਦੇ ਮਾਮਲੇ ਵਜੋਂ ਜਾਂ ਬੇਅਦਬੀ ਦੇ ਮਾਮਲੇ ਵਜੋਂ ਵੇਖ ਰਹੀ ਹੈ।**

ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਣ ਦੀ ਬਜਾਏ ਸਿਆਸੀ ਮੁੱਦਾ ਬਣਾਇਆ ਜਾ ਰਿਹਾ ਹੈ। ਜਿੱਥੇ ਇਸ ਘਟਨਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਕਿਹਾ ਜਾ ਰਿਹਾ ਹੈ ਉੱਥੇ ਹੀ ਪ੍ਰਬੰਧਕ ਕਮੇਟੀ ਇਸ ਨੂੰ ਚੋਣ ਮੁੱਦਾ ਦੱਸ ਰਹੀ ਹੈ।

ਗੁਰਦੁਆਰਾ ਸਾਹਿਬ ਵੱਲੋਂ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇੱਕ ਪੁਰਾਣਾ ਸੇਵਾਦਾਰ ਸੱਚਖੰਡ ਦੀ ਸੇਵਾ ਕਰ ਰਿਹਾ ਸੀ, ਜੋ ਗੁਰਦੁਆਰਾ ਕਮੇਟੀ ਜਾਂ ਗ੍ਰੰਥੀਆਂ ਦੀ ਇਜਾਜ਼ਤ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਤ ਸਰੂਪ ਗੁਰਦੁਆਰੇ ਤੋਂ ਪਾਲਕੀ ਵੈਨ ਰਾਹੀਂ ਬ੍ਰਮਿੰਘਮ ਵਿੱਚ ਸਤਿਕਾਰ ਕਮੇਟੀ ਕੋਲ ਲੈ ਗਿਆ। ਜਿੱਥੇ ਪੁਰਾਣੇ ਫਟੇ ਹੋਏ ਪੰਨਿਆਂ ਵਾਲੇ ਜਾਂ ਬਿਰਧ ਸਰੂਪਾਂ ਦੀ ਸੇਵਾ ਕੀਤੀ ਜਾਂਦੀ ਹੈ। ਪ੍ਰਬੰਧਕਾਂ ਅਨੁਸਾਰ ਉਸ ਵਿਅਕਤੀ ਨੇ ਸੁਰੱਖਿਆ ਕਰਮਚਾਰੀਆਂ ਕੋਲ ਵੀ ਝੂਠ ਬੋਲਿਆ ਕਿ ਉਸ ਨੇ ਇਜਾਜ਼ਤ ਲਈ ਹੈ। ਹੁਣ ਉਨ੍ਹਾਂ ਸਰੂਪਾਂ ਨੂੰ ਵਾਪਸ ਲਿਆਂਦਾ ਜਾ ਰਿਹਾ ਹੈ। ਪ੍ਰਬੰਧਕਾਂ ਨੇ ਇਸ ਨੂੰ ਚੋਣਾਂ ਦਾ ਮੁੱਦਾ ਹੋਣ ਦੀ ਸ਼ੰਕਾ ਵੀ ਜ਼ਾਹਰ ਕੀਤੀ ਹੈ। ਭਾਵੇਂ ਕਿ ਇਹ ਘਟਨਾ ਬਹੁਤ ਚਿੰਤਾਜਨਕ ਅਤੇ ਗੰਭੀਰ ਹੈ ਪਰ ਇਸ ਮਾਮਲੇ ਨੂੰ ਚੋਣਾਂ ਨਾਲ ਜੋੜ ਕੇ ਦੇਖਿਆ ਜਾਣਾ ਹੋਰ ਵੀ ਗੰਭੀਰ ਹੈ। ਲੇਕਨ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ 7 ਸਰੂਪ ਇਕੋ ਸਮੇਂ ਉਕਤ ਵੈਨ ਵਿੱਚ ਕਿਸ ਤਰ੍ਹਾਂ ਲਿਜਾਏ ਜਾ ਸਕਦੇ ਹਨ, ਸ਼ੰਕਾਂ ਇਹ ਵੀ ਹੈ ਕਿ ਉਸ ਸਮੇਂ ਮਾਣ ਮਰਿਯਾਦਾ ਦੀ ਉਲੰਘਣਾ ਹੋਈ ਹੈ। ਜੇ ਸੱਤ ਸਰੂਪ ਇਕੋ ਸਮੇਂ ਲਿਜਾਏ ਗਏ ਤਾਂ ਕਿੰਨੇ ਵਿਅਕਤੀ ਉਸ ਸਮੇਂ ਮੌਜੂਦ ਸਨ ਅਤੇ ਉਹਨਾਂ ਨੂੰ ਰੋਕਿਆ ਕਿਉਂ ਨਹੀਂ ਗਿਆ? ਉਸ ਸਮੇਂ ਇਸ ਮਾਮਲੇ ਸਬੰਧੀ ਜਦੋਂ ਹਰਮੀਤ ਸਿੰਘ ਗਿੱਲ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸੰਪਰਕ ਨਹੀਂ ਹੋ ਸਕਿਆ। ਦੂਜੇ ਪਾਸੇ ਸਭਾ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮੱਲੀ ਨੇ ਕਿਹਾ ਕਿ ਇਹ ਬਹੁਤ ਗੰਭੀਰ ਅਤੇ ਚਿੰਤਾਜਨਕ ਘਟਨਾ ਹੈ। ਇਸ ਦੀ ਸਾਰੀ ਸਚਾਈ ਸੰਗਤਾਂ ਸਾਹਮਣੇ ਆਉਣੀ ਚਾਹੀਦੀ ਹੈ। ਇੱਕ ਹੋਰ ਸੇਵਾਦਾਰ ਨੇ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਸਭਾ ਦੇ ਪ੍ਰਬੰਧਕਾਂ ਨੇ ਸੁਰੱਖਿਆ ਦੀ ਘਾਟ ਜਾਂ ਲਾਪਰਵਾਹੀ ਵਾਲੀ ਗਲਤੀ ਨੂੰ ਮੰਨਣ ਦੀ ਬਜਾਏ ਚੋਣ ਮੁੱਦੇ ਦਾ ਨਾਮ ਦੇਣ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਗੁਰੂ ਘਰਾਂ ਵਿੱਚ ਸੁਰੱਖਿਆ ਪ੍ਰਬੰਧ ਹੋਰ ਕਰੜੇ ਕਰਨੇ ਚਾਹੀਦੇ ਹਨ। ਸਭਾ ਦੇ ਸਾਬਕਾ ਗ੍ਰੰਥੀ ਭਾਈ ਬਲਵਿੰਦਰ ਸਿੰਘ ਪੱਟੀ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਮੰਗ ਕੀਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਸਾਰੀ ਵੀਡੀਓ ਜਨਤਕ ਕੀਤੀ ਜਾਵੇ ਤਾਂ ਜੋ ਸੰਗਤਾਂ ਅਸਲੀਅਤ ਤੋਂ ਜਾਣੂ ਹੋ ਸਕਣ। ਹੁਣ ਸਮਾਂ ਹੀ ਦੱਸੇਗਾ ਕਿ ਲਾਪਰਵਾਹੀ ਕਿੱਥੇ ਹੋਈ ਹੈ ਪਰ ਕੁਝ ਸੰਗਤਾਂ ਦਾ ਕਹਿਣਾ ਹੈ ਕਿ ਜਦੋਂ ਪਤਾ ਹੀ ਲੱਗ ਗਿਆ ਸੀ ਕਿ ਸਰੂਪ ਸਤਿਕਾਰ ਕਮੇਟੀ ਕੋਲ ਸੁਰੱਖਿਅਤ ਪਹੁੰਚ ਗਏ ਹਨ ਤਾਂ ਇਸ ਮਾਮਲੇ ਨੂੰ ਬੈਠ ਕੇ ਕਿਉਂ ਨਹੀਂ ਸੁਲਝਾਇਆ ਗਿਆ? ਜੋ ਵੀ ਹੋਇਆ ਪਰ ਇਸ ਘਟਨਾ ਨੂੰ ਲੈ ਕੇ ਆਮ ਸੰਗਤ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿੱਚੋਂ ਸਰੂਪ ਲੈ ਜਾਣ ਸਮੇਂ ਦੀ ਵਾਇਰਲ ਹੋ ਰਹੀ ਤਸਵੀਰ

ਕੁਝ ਸੰਗਤਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਘਟਨਾ ਵਿੱਚ ਹੋ ਸਕਦਾ ਕਿਸੇ ਵੀ ਧਿਰ ਦੀ ਸ਼ਮੂਲੀਅਤ ਨਾ ਹੋਵੇ ਪਰ ਸਰੂਪ ਲਿਜਾਣ ਵਾਲੇ ਇੱਕ ਵਿਅਕਤੀ ਦੀ ਗਲਤੀ ਨੂੰ ਬੇਲੋੜਾ ਹੁਣ ਚੋਣ ਮੁੱਦਾ ਬਣਾਇਆ ਜਾ ਰਿਹਾ ਹੈ, ਜਦ ਕਿ ਇਹ ਬਹੁਤ ਵੱਡੀ ਬੇਅਦਬੀ ਹੋਈ ਹੈ, ਜੋ ਬਹੁਤ ਹੀ ਨਿੰਦਣਯੋਗ ਹੈ। ਲੇਕਨ ਅਜੇਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਪ੍ਰਬੰਧ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਪ੍ਰਬੰਧਕਾਂ ਵੱਲੋਂ ਉਸੇ ਸ਼ਾਮ ਨੂੰ ਸੱਤੇ ਸਰੂਪ ਮਾਣ ਮਰਿਯਾਦਾ ਨਾਲ ਵਾਪਿਸ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਲਿਆਂਦੇ ਗਏ ਹਨ। ਪ੍ਰਬੰਧਕ ਕਮੇਟੀ ਅਨੁਸਾਰ ਇਸ ਘਟਨਾ ਦੀ ਜਾਂਚ ਜਾਰੀ ਰਹੇਗੀ।


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।
* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਫਗਵਾੜਾ ਵਿਚ ਪੁਲਿਸ ਵਲੋਂ ਨਾਜਾਇਜ਼ ਕਾਲ ਸੈਂਟਰ ਦਾ ਪਰਦਾਫਾਸ਼

## ✪ ਹਰ ਰੋਜ਼ ਦੀ ਕਮਾਈ ਸੀ ਸਾਢੇ 17 ਲੱਖ ਰੁਪਏ, ਪਾਸਵਰਡ ਲੈ ਕੇ ਬੈਂਕ ਖਾਤੇ ਕਰ ਦਿੰਦੇ ਸਨ ਖਾਲੀ

ਕਪੂਰਥਲਾ-ਫਗਵਾੜਾ ਤੋਂ ਫੜਿਆ ਗਿਆ ਗ਼ੈਰਕਾਨੂੰਨੀ ਅੰਤਰਰਾਸ਼ਟਰੀ ਕਾਲ ਸੈਂਟਰ ਵੱਡੇ ਮੁਨਾਫੇ ਦਾ ਅੱਡਾ ਸੀ। ਇਸ ਕਾਲ ਸੈਂਟਰ ਦੀ ਇਕ ਦਿਨ ਦੀ ਕਮਾਈ 20 ਹਜ਼ਾਰ ਅਮਰੀਕੀ ਡਾਲਰ ਸੀ, ਜਿਹੜੀ ਭਾਰਤੀ ਕਰੰਸੀਵਿ'ਚ 17,61,900 ਰੁਪਏ ਦੇ ਬਰਾਬਰ ਹੈ। ਕਾਲ ਸੈਂਟਰ ਇਕ ਕਾਰਪੋਰੇਟ ਕੰਪਨੀ ਵਾਂਗ ਚਲਾਇਆ ਜਾ ਰਿਹਾ ਸੀ। ਸੈਂਟਰ ਤੋਂ ਫੜੇ ਗਏ ਸਾਰੇ 38 ਨੌਜਵਾਨ ਆਈਟੀ ਐਕਸਪਰਟ ਹਨ।



ਆਈਟੀ ਤੇ ਇੰਗਲਿਸ਼ ਲੈਂਗਵੇਜ ਵਿਚ ਮੁਹਾਰਤ ਰੱਖਣ ਵਾਲੇ ਇਨ੍ਹਾਂ ਨੌਜਵਾਨਾਂ ਦੀ ਭਰਤੀ ਦਿੱਲੀ ਦੇ ਕਰੋਲ ਬਾਗ ਦੇ ਆਨਲਾਈਨ ਜਾਬ ਕੰਸਲਟੈਂਟ ਵਿਚ ਕੀਤੀ ਜਾਂਦੀ ਸੀ। ਇਹ ਕਾਲ ਸੈਂਟਰ ਤਿੰਨ ਮਹੀਨੇ ਹੀ ਚੱਲ ਸਕਿਆ ਕਿਉਂਕਿ ਉੱਥੇ ਪੁਲਿਸ ਪਹੁੰਚ ਗਈ। ਕਾਲ ਸੈਂਟਰ ਦਾ ਮਾਸਟਰਮਾਈਂਡ ਕੋਲਕਾਤਾ ਦਾ ਸ਼ੇਨ ਸੀ। ਇਸ ਮਾਮਲੇ 'ਚ ਕੁਝ ਪੁਲਿਸ ਅਫਸਰਾਂ ਦੀ ਸ਼ਮੂਲੀਅਤ ਦੀ ਗੱਲ ਵੀ ਸਾਹਮਣੇ ਆਈ ਹੈ।

ਕਪੂਰਥਲਾ ਦੇ ਐੱਸਐੱਸਪੀ ਗੌਰਵ ਤੂਰਾ ਨੇ ਕਿਹਾ ਕਿ ਜਾਂਚ ਵਿਚ ਬੈਕਵਰਡ ਲਿੰਕ ਦੁਬਈ, ਦਿੱਲੀ, ਐੱਨਸੀਆਰ, ਕੋਲਕਾਤਾ ਤੇ ਬੈਂਗਲੁਰੂ ਵਰਗੇ ਮਹਾਨਗਰਾਂ ਦੇ ਨਿਕਲੇ ਹਨ। ਉਨ੍ਹਾਂ ਕਿਹਾ ਕਿ ਫਗਵਾੜਾ ਦੇ ਹੋਟਲ ਦੇ ਕਿਰਾਏ 'ਤੇ ਲਏ ਗਏ ਹਾਲ 'ਚ ਹਰ ਰੋਜ਼ ਜਦੋਂ ਸ਼ਾਮ ਸੱਤ ਵਜੇ (ਭਾਰਤੀ ਸਮੇਂ ਮੁਤਾਬਕ) ਅਮਰੀਕਾ ਤੇ ਕੈਨੇਡਾ ਵਿਚ ਸਵੇਰ ਹੁੰਦੀ ਸੀ ਤਾਂ ਕਾਲ ਸੈਂਟਰ 'ਚ ਬਣੇ ਕੈਬਿਨਾਂ 'ਚ ਬੈਠੇ ਕਥਿਤ ਕੰਸਲਟੈਂਟ ਇਨ੍ਹਾਂ ਦੇਸ਼ਾਂ ਵਿਚ ਕਾਲਿੰਗ ਸ਼ੁਰੂ ਕਰ ਦਿੰਦੇ ਸਨ। ਕਾਲਿੰਗ ਦੇਰ ਰਾਤ ਡੇਢ ਵਜੇ ਤੱਕ ਚੱਲਦੀ ਸੀ। ਪੂਰਾ ਨੈੱਟਵਰਕ ਤਿੰਨ ਫੇਜ਼ਾਂ 'ਚ ਚੱਲਦਾ ਸੀ। ਪਹਿਲੇ ਫੇਜ਼ 'ਚ ਸਾਫਟਵੇਅਰ ਸਾਲਿਊਸ਼ਨ, ਵਾਇਰਸ ਆਉਣ ਜਾਂ ਫਿਰ ਕਿਸੇ ਹੋਰ ਬਹਾਨੇ ਨਾਲ ਕਾਲ ਕੀਤੀ ਜਾਂਦੀ ਸੀ। 20 'ਚੋਂ ਔਸਤ ਇਕ ਕਾਲ ਹਿੱਟ ਹੋ ਜਾਂਦੀ ਸੀ। ਕਾਲ ਲੈਣ ਵਾਲੇ ਨੂੰ ਕੁਝ ਲਿੰਕ ਭੇਜ ਕੇ ਐਪ ਡਾਊਨਲੋਡ ਕਰਵਾਈ ਜਾਂਦੀ ਸੀ ਤੇ ਫਿਰ ਉਸ ਤੋਂ ਸਕਰੀਨ ਸ਼ੇਅਰ ਕਰਵਾ ਕੇ ਦੂਜੀ ਫੇਜ਼ 'ਚ ਬੈਠੇ ਆਈਟੀ ਐਕਸਪਰਟ ਕੋਲ ਭੇਜ ਦਿੱਤੀ ਜਾਂਦੀ ਸੀ ਜਿੱਥੇ ਉਹ ਉਸ ਵਿਅਕਤੀ ਦੇ ਬੈਂਕ, ਏਟੀਐੱਮ ਆਦਿ ਨਾਲ ਸਬੰਧਤ ਜਾਣਕਾਰੀ ਚੈੱਕ ਕਰਨ ਦੇ ਬਹਾਨੇ ਪਾਸਵਰਡ ਲੈ ਲੈਂਦਾ ਸੀ। ਪਾਸਵਰਡ ਅੱਗੇ ਤੀਜੀ ਫੇਜ਼ 'ਚ ਬੈਠੇ ਅਸਲੀ ਸਾਈਬਰ ਠੱਗ ਕੋਲ ਭੇਜ ਦਿੱਤਾ ਜਾਂਦਾ ਸੀ ਜਿਹੜਾ ਮੋਬਾਈਲ ਹੈਕ ਕਰ ਕੇ ਗਾਹਕ ਦੇ ਖਾਤੇ 'ਚੋਂ ਰਕਮ ਕੱਢ ਲੈਂਦਾ ਸੀ। ਡਰਾਅ-ਧਮਕਾ ਕੇ ਵੀ ਰਕਮ ਉਗਾਹੀ ਜਾਂਦੀ ਸੀ।

### ਸੈਂਟਰ 'ਚ ਮਾਹਿਰਾਂ ਦੇ ਜ਼ਿੰਮੇ ਸੀ ਵੱਖ-ਵੱਖ ਆਪ੍ਰੇਸ਼ਨ


ਐੱਸਐੱਸਪੀ ਦੇ ਮੁਤਾਬਕ ਮਾਸਟਰਮਾਈਂਡ ਸ਼ੇਨ ਦੀ ਭਾਲ ਵਿਚ ਪੁਲਿਸ ਟੀਮਾਂ ਕੋਲਕਾਤਾ ਰਵਾਨਾ ਹੋ ਗਈਆਂ ਹਨ। ਇਸ ਮਾਮਲੇ 'ਚ ਚਾਰ ਹੋਰ ਮੁਲਜ਼ਮਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ 'ਚ ਇਕ ਲੁਧਿਆਣਾ ਦਾ ਰਹਿਣ ਵਾਲਾ ਹੈ। ਫੜਿਆ ਗਿਆ ਸਾਜਨ ਪੁਰੀ ਮੈਨੇਜਮੈਂਟ ਤੇ ਆਪ੍ਰੇਸ਼ਨ ਨੂੰ ਦੇਖਦਾ ਸੀ। ਜਸਪ੍ਰੀਤ ਸਿੰਘ (ਦਿੱਲੀ) ਭਰਤੀ ਕੀਤੇ ਗਏ ਨੌਜਵਾਨਾਂ ਨੂੰ ਸਾਈਬਰ ਠੱਗੀ ਦੀ ਟ੍ਰੇਨਿੰਗ ਦਿੰਦਾ ਸੀ। ਵਰੁਣ ਟੈਕਨੀਕਲ ਤੇ ਸਿਸਟਮ ਸੰਭਾਲਦਾ ਤੇ ਰੋਹਨ ਮੈਨੇਜਰ ਦੇ ਰੂਪ 'ਚ ਹਰ ਰੋਜ਼ ਦੇ ਆਪ੍ਰੇਸ਼ਨ ਹੈਂਡਲ ਕਰਦਾ ਸੀ। ਉਨ੍ਹਾਂ ਕਿਹਾ ਕਿ ਪੁਲਿਸ ਨੇ ਇਸ ਮਾਮਲੇ 'ਚ ਕਿਸੇ ਨੂੰ ਵੀ ਨਹੀਂ ਛੱਡਿਆ, ਸਾਰੇ 38 ਲੋਕ ਪੁਲਿਸ ਦੀ ਹਿਰਾਸਤ 'ਚ ਹਨ। ਫੜੇ ਗਏ 38 ਲੋਕਾਂ ਨੂੰ ਸਥਾਨਕ ਅਦਾਲਤ 'ਚ ਪੇਸ਼ ਕਰ ਕੇ ਦੋ ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਵਿਚ ਕਈ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਐੱਸਐੱਸਪੀ ਗੌਰਵ ਤੂਰਾ ਨੇ ਕਿਹਾ ਕਿ ਕਾਲ ਸੈਂਟਰ ਤੋਂ ਹਰ ਰੋਜ਼ ਕਮਾਏ ਜਾਣ ਵਾਲੇ 20 ਹਜ਼ਾਰ ਯੂਐੱਸ ਡਾਲਰ ਦੀ ਕਮਾਈ ਨੂੰ ਪਹਿਲਾਂ ਡਾਲਰ ਤੋਂ ਕ੍ਰਿਪਟੋ ਕਾਇਨ ਬਿਟਕਾਇਨ 'ਚ ਕਨਵਰਟ ਕੀਤਾ ਜਾਂਦਾ ਸੀ ਜਾਂ ਗਿਫਟ ਵਾਊਚਰ ਦੇ ਰੂਪ 'ਚ ਹਾਸਲ ਕੀਤਾ ਜਾਂਦਾ ਸੀ। ਅੱਗੇ ਇਸ ਰਾਸ਼ੀ ਨੂੰ ਹਵਾਲਾ ਰਾਸ਼ੀ ਤੋਂ ਨਕਦੀ ਦੇ ਰੂਪ ਵਿਚ ਪ੍ਰਾਪਤ ਕਰ ਲਿਆ ਜਾਂਦਾ ਸੀ।

# 1984 ਸਿਖ ਕਤਲੇਆਮ ਦਾ ਮਾਮਲਾ: ਅਦਾਲਤ ਵੱਲੋਂ ਸੱਜਣ ਕੁਮਾਰ ਵਿਰੁੱਧ ਕੇਸ ਅੰਤਿਮ ਬਹਿਸ ਵਲ

## ✪ ਬਹਿਸ ਲਈ ਸੁਣਾਈ 29 ਅਕਤੂਬਰ ਨੂੰ ਨਿਰਧਾਰਤ ਕੀਤੀ

ਨਵੀਂ ਦਿੱਲੀ-ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਖਿਲਾਫ ਕੇਸ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕਰ ਦਿੱਤਾ ਹੈ ਜਿਸ ਲਈ ਤਰੀਕ 29 ਅਕਤੂਬਰ ਐਲਾਨੀ ਗਈ ਹੈ। ਸੱਜਣ ਕੁਮਾਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਕੇਸ ਵਿੱਚ ਜਨਕਪੁਰੀ ਅਤੇ ਵਿਕਾਸ ਪੁਰੀ ਪੁਲੀਸ ਸਟੇਸ਼ਨਾਂ ਵਿੱਚ ਦਰਜ ਐਫਆਈਆਰਜ਼ ਨਾਲ ਜੁੜੇ ਕੇਸ ਦਾ ਸਾਹਮਣਾ ਕਰ ਰਿਹਾ ਹੈ।



ਵਿਸ਼ੇਸ਼ ਜੱਜ ਡੀਆਈਜੀ ਵਿਨੈ ਸਿੰਘ ਨੇ ਸੱਜਣ ਕੁਮਾਰ ਦੇ ਵਕੀਲ ਵੱਲੋਂ ਬਚਾਅ ਪੱਖ ਦੇ ਸਬੂਤ ਦਰਜ ਕਰਨ ਤੋਂ ਬਾਅਦ ਮਾਮਲੇ ਨੂੰ ਅੰਤਿਮ ਬਹਿਸ ਲਈ ਸੂਚੀਬੱਧ ਕੀਤਾ।

ਅਦਾਲਤ ਨੇ ਇਸ ਮਾਮਲੇ ਦੀ ਅੰਤਿਮ ਬਹਿਸ ਲਈ ਸੁਣਾਈ 29 ਅਕਤੂਬਰ ਨੂੰ ਨਿਰਧਾਰਤ ਕੀਤੀ ਹੈ। ਸੱਜਣ ਕੁਮਾਰ ਨੇ 7 ਜੁਲਾਈ ਨੂੰ ਆਪਣੇ ਬਿਆਨ ਦਰਜ ਕਰਵਾਏ ਸਨ ਜਿਸ ਦੌਰਾਨ ਸਾਬਕਾ ਕਾਂਗਰਸੀ ਸੰਸਦ ਮੈਂਬਰ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਮਾਮਲੇ ਵਿੱਚ ਆਪਣੇ ਉੱਤੇ ਲਗਾਏ ਗਏ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਉਸ ਨੇ ਅਦਾਲਤ ਨੂੰ ਕਿਹਾ ਸੀ ਕਿ ਉਹ ਦੰਗਿਆਂ ਵਾਲੀ ਥਾਂ 'ਤੇ ਮੌਜੂਦ ਨਹੀਂ ਸੀ ਅਤੇ ਉਸ ਨੂੰ ਇਸ ਮਾਮਲੇ ਵਿਚ ਝੂਠਾ ਫਸਾਇਆ ਗਿਆ ਹੈ। ਜਨਕਪੁਰੀ ਕੇਸ 1 ਨਵੰਬਰ 1984 ਨੂੰ ਦੋ ਸਿੱਖਾਂ ਸੋਹਣ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦੇ ਕਤਲ ਨਾਲ ਸਬੰਧਤ ਹੈ। ਦੂਜਾ ਕੇਸ ਵਿਕਾਸਪੁਰੀ ਥਾਣੇ ਵਿੱਚ 2 ਨਵੰਬਰ 1984 ਨੂੰ ਗੁਰਚਰਨ ਸਿੰਘ ਨੂੰ ਅੱਗ ਲਾਉਣ ਨਾਲ ਸਬੰਧਤ ਹੈ।


# ਈ.ਡੀ. ਵਲੋਂ ਕ੍ਰਿਕਟਰ ਯੁਵਰਾਜ ਸਿੰਘ ਪਾਸੋਂ ਸੱਟੇਬਾਜ਼ੀ ਐਪ ਮਾਮਲੇ ਵਿਚ ਪੁੱਛਗਿੱਛ

ਨਵੀਂ ਦਿੱਲੀ-ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਗ਼ੈਰ-ਕਾਨੂੰਨੀ ਸੱਟੇਬਾਜ਼ੀ ਐਪ ਮਾਮਲੇ ਦੇ ਸੰਬੰਧ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਸਾਹਮਣੇ ਪੇਸ਼ ਹੋਏ। ਜਿਥੇ ਈ. ਡੀ. ਨੇ 7 ਘੰਟਿਆਂ ਤੋਂ ਵੱਧ ਸਮਾਂ ਯੁਵਰਾਜ ਤੋਂ ਪੁੱਛਗਿੱਛ ਕੀਤੀ। ਇਹ ਮਾਮਲਾ 'ਵਨ ਐਕਸਬੇਟ' ਨਾਂਅ ਦੇ ਇਕ ਆਨਲਾਈਨ ਪਲੇਟਫਾਰਮ ਨਾਲ ਸੰਬੰਧਿਤ ਹੈ, ਜੋ ਗ਼ੈਰ-ਕਾਨੂੰਨੀ ਸੱਟੇਬਾਜ਼ੀ ਗਤੀਵਿਧੀਆਂ 'ਚ ਸ਼ਾਮਿਲ ਹੈ। ਆਉਣ ਵਾਲੇ ਸਮੇਂ ਵਿਚ ਹੋਰਨਾਂ ਕਈ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾਣੀ ਹੈ ਜਦਕਿ ਕੁਝ ਲੋਕਾਂ ਦੇ ਬਿਆਨ ਈ.ਡੀ. ਵਲੋਂ ਦਰਜ ਕਰ ਲਏ ਗਏ ਹਨ। ਏਜੰਸੀ ਨੇ ਇਸ ਮਾਮਲੇ ਵਿਚ ਸਾਬਕਾ ਭਾਰਤੀ ਕ੍ਰਿਕਟਰ ਸੁਰੇਸ਼ ਰੈਨਾ, ਸ਼ਿਖਰ ਧਵਨ ਅਤੇ ਰੌਬਿਨ ਉਥੱਪਾ ਤੋਂ ਵੀ ਪੁੱਛਗਿੱਛ ਕੀਤੀ ਸੀ। ਯੁਵਰਾਜ ਸਮੇਤ ਕਈ ਕ੍ਰਿਕਟ ਖਿਡਾਰੀਆਂ ਨੇ ਇਸ ਐਪ ਦਾ ਪ੍ਰਚਾਰ ਵੱਖ-ਵੱਖ ਤਰੀਕਿਆਂ ਨਾਲ ਕੀਤਾ ਸੀ।



# ਦਿੱਲੀ ਦੇ ਸਾਬਕਾ ਮੰਤਰੀ ਈ.ਡੀ. ਵਲੋਂ ਸਤੇਂਦਰ ਜੈਨ ਦੀਆਂ 7.44 ਕਰੋੜ ਦੀਆਂ ਜਾਇਦਾਦਾਂ ਜ਼ਬਤ

ਨਵੀਂ ਦਿੱਲੀ-ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਹਵਾਲਾ ਰੋਕਥਾਮ ਐਕਟ ਤਹਿਤ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਜੈਨ ਨਾਲ ਜੁੜੀਆਂ ਕੰਪਨੀਆਂ ਨਾਲ ਸੰਬੰਧਿਤ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਹੈ ਜ਼ਬਤ ਕੀਤੀਆਂ ਜਾਇਦਾਦਾਂ ਦੀ ਕੁੱਲ ਕੀਮਤ ਲਗਭਗ 7.44 ਕਰੋੜ ਹੋਣ ਦਾ ਅਨੁਮਾਨ ਹੈ ।ਇਸ ਨਾਲ ਸਤੇਂਦਰ ਜੈਨ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ। ਇਹ ਕਾਰਵਾਈ ਹਵਾਲਾ ਰੋਕਥਾਮ ਐਕਟ ਤਹਿਤ ਕੀਤੀ ਗਈ ਸੀ। ਈ.ਡੀ. ਦੀ ਜਾਂਚ ਸੀ.ਬੀ.ਆਈ. ਦੀ ਇਕ ਐੱਫ.ਆਈ.ਆਰ. ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ, ਜਿਸ ਵਿਚ ਦੋਸ਼ ਲਗਾਇਆ ਗਿਆ ਸੀ ਕਿ ਸਤੇਂਦਰ ਜੈਨ ਨੇ ਮੰਤਰੀ ਵਜੋਂ ਸੇਵਾ ਨਿਭਾਉਂਦੇ ਹੋਏ ਫਰਵਰੀ 2015 ਤੇ ਮਈ 2017 ਦੇ ਵਿਚਕਾਰ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕੀਤੀ ਸੀ । ਸੀ.ਬੀ.ਆਈ. ਪਹਿਲਾਂ ਹੀ ਇਸ ਮਾਮਲੇ 'ਚ ਦੋਸ਼ ਪੱਤਰ ਦਾਇਰ ਕਰ ਚੁੱਕੀ ਹੈ।



**ਸੰਪਾਦਕੀ** ਵਿਚਾਰ :– ਬਿਨਾਂ ਉਤਸ਼ਾਹ ਦੇ ਕਿਸੇ ਵੀ ਉਦੇਸ਼ ਦੀ ਪਰਾਪਤੀ ਨਹੀਂ ਹੋ ਸਕਦੀ ।



ਰਜਿੰਦਰ ਸਿੰਘ ਪੁਰੇਵਾਲ

# ਅਮਰੀਕਾ ਮੋਦੀ ਸਰਕਾਰ ਪ੍ਰਤੀ ਸਖਤ ਕਿਉਂ, ਸਿੱਖ ਆਪਣੇ ਹੱਕ ਵਿਚ ਕੀ ਰਣਨੀਤੀ ਅਪਨਾਉਣ

ਭਾਰਤ-ਅਮਰੀਕਾ ਸੰਬੰਧਾਂ ਦਾ ਮਾਮਲਾ ਅੱਜਕੱਲ੍ਹ ਵਿਗੜਿਆ ਹੋਇਆ ਹੈ। ਇਸ ਤਣਾਅ ਵਿਚ ਸਿੱਖ ਭਾਈਚਾਰੇ ਲਈ ਕੀ ਮੌਕੇ ਹਨ,ਇਸ ਬਾਰੇ ਠਿਠਕੇ ਸਿਖ ਜਗਤ ਨੂੰ ਵਿਚਾਰ ਕਰਨ ਦੀ ਲੋੜ ਹੈ ਕਿ ਸਿੱਖਾਂ ਦੇ ਹੱਕ ਕਿਵੇਂ ਮਜ਼ਬੂਤ ਹੋ ਸਕਦੇ ਹਨ ? ਅਤੇ ਇਸ ਸਥਿਤੀ ਵਿੱਚ ਸਿੱਖਾਂ ਨੂੰ ਕਿਹੜੀ ਨੀਤੀ ਅਪਣਾਉਣੀ ਚਾਹੀਦੀ ? 2014 ਤੋਂ ਲੈ ਕੇ 2025 ਤੱਕ ਮੋਦੀ ਸਰਕਾਰ ਨੇ ਵਿਦੇਸ਼ ਨੀਤੀ ਵਿੱਚ ਕਈ ਵੱਡੇ ਐਲਾਨ ਕੀਤੇ-'ਨੇਬਰਹੁੱਡ ਫਸਟ', 'ਐਕਟ ਈਸਟ' ਅਤੇ 'ਗਲੋਬਲ ਸਾਊਥ' ਦੀ ਆਵਾਜ਼ ਨੂੰ ਮਜ਼ਬੂਤ ਕਰਨ ਦੀਆਂ ਗੱਲਾਂ। ਇਸ ਨਾਲ ਭਾਰਤ ਨੂੰ ਵਿਸ਼ਵ ਮੰਚ 'ਤੇ ਨਵੀਂ ਪਹਿਚਾਣ ਮਿਲੀ। ਪਰ 2025 ਵਿੱਚ ਡੋਨਾਲਡ ਟਰੰਪ ਦੀ ਵਾਪਸੀ ਨੇ ਇਸ ਨੀਤੀ ਨੂੰ ਚਾਰ ਚੁਫੇਰਿਓਂ ਘੇਰ ਲਿਆ। 16 ਸਤੰਬਰ 2025 ਨੂੰ ਟਰੰਪ ਨੇ ਮੋਦੀ ਨੂੰ ਜਨਮਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਸੰਬੰਧ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਅਮਰੀਕੀ ਵਪਾਰਕ ਟੀਮ ਨੇ ਵੀ ਸੱਤ ਘੰਟੇ ਦੀ ਗੱਲਬਾਤ ਕੀਤੀ, ਜਿਸ ਨੂੰ ਸਕਾਰਾਤਮਕ ਦੱਸਿਆ ਗਿਆ। ਪਰ ਅਗਲੇ ਹੀ ਦਿਨ ਅਮਰੀਕਾ ਨੇ ਭਾਰਤ ਨੂੰ ਨਸ਼ਿਆਂ ਦੀ ਤਸਕਰੀ ਅਤੇ ਉਤਪਾਦਨ ਵਾਲੇ 23 ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ, ਜਿਸ ਵਿੱਚ ਵੇਨੇਜ਼ੂਏਲਾ ਅਤੇ ਕੋਲੰਬੀਆ ਵਰਗੇ ਦੇਸ਼ ਵੀ ਸਨ। ਇਸ ਨੇ ਭਾਰਤ ਦੀ ਅੰਤਰਰਾਸ਼ਟਰੀ ਸਾਖ ਨੂੰ ਵੱਡਾ ਝਟਕਾ ਦਿੱਤਾ।

ਇਸ ਤੋਂ ਵੱਡਾ ਝਟਕਾ ਸੀ ਚਾਬਹਾਰ ਬੰਦਰਗਾਹ 'ਤੇ ਅਮਰੀਕੀ ਪਾਬੰਦੀਆਂ। ਇਸ ਬੰਦਰਗਾਹ ਵਿੱਚ ਭਾਰਤ ਨੇ 5000 ਕਰੋੜ ਰੁਪਏ ਲਗਾਏ ਸਨ, ਜੋ ਪਾਕਿਸਤਾਨ ਨੂੰ ਬਾਈਪਾਸ ਕਰਕੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਨਾਲ ਵਪਾਰ ਦਾ ਰਾਹ ਸੀ। 29 ਸਤੰਬਰ 2025 ਤੋਂ ਪਾਬੰਦੀਆਂ ਲੱਗਣ ਨਾਲ ਭਾਰਤੀ ਕੰਪਨੀਆਂ ਦੀਆਂ ਜਾਇਦਾਦਾਂ ਜ਼ਬਤ ਹੋ ਸਕਦੀਆਂ ਹਨ। ਅਮਰੀਕੀ ਵਿੱਤ ਮੰਤਰੀ ਸਕਾਟ ਬੈਸੈਂਟ ਨੇ ਜੀ7 ਮੀਟਿੰਗ ਵਿੱਚ ਭਾਰਤ 'ਤੇ ਰੂਸ ਨਾਲ ਵਪਾਰ ਲਈ ਵਾਧੂ ਟੈਰਿਫ ਲਗਾਉਣ ਦੀ ਗੱਲ ਕੀਤੀ। ਟਰੰਪ ਦੇ ਸਲਾਹਕਾਰ ਪੀਟਰ ਨਵਾਰੋ ਨੇ ਭਾਰਤ ਨੂੰ 'ਮਨੀ ਲਾਊਂਡਰਿੰਗ' ਵਾਲਾ ਦੇਸ਼ ਕਹਿ ਦਿੱਤਾ। ਦਿੱਲੀ ਵਿੱਚ ਅਮਰੀਕੀ ਦੂਤਘਰ ਨੇ ਕੁਝ ਵਪਾਰੀਆਂ ਦੇ ਵੀਜ਼ੇ ਰੱਦ ਕਰ ਦਿੱਤੇ, ਜਿਨ੍ਹਾਂ 'ਤੇ ਫੈਂਟਾਨਿਲ ਦੀ ਤਸਕਰੀ ਦੇ ਇਲਜ਼ਾਮ ਹਨ। ਇਸ ਸਭ ਨਾਲ ਆਂਧਰਾ ਪ੍ਰਦੇਸ਼ ਵਰਗੇ ਰਾਜ ਨੂੰ 25 ਹਜ਼ਾਰ ਕਰੋੜ ਦਾ ਨੁਕਸਾਨ ਹੋਇਆ, ਅਤੇ ਨਿਰਯਾਤਕਾਂ ਦੀਆਂ ਹਜ਼ਾਰਾਂ ਨੌਕਰੀਆਂ ਖਤਰੇ ਵਿੱਚ ਹਨ।

ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਉੱਠਣਾ ਲਾਜ਼ਮੀ ਹੈ। ਰੂਸ ਨਾਲ ਸੰਬੰਧ ਜਾਰੀ ਰੱਖਣਾ ਊਰਜਾ ਸੁਰੱਖਿਆ ਲਈ ਜ਼ਰੂਰੀ ਸੀ, ਪਰ ਅਮਰੀਕਾ ਨਾਲ ਸੰਬੰਧਾਂ ਵਿੱਚ ਬੈਲੰਸ ਦੀ ਘਾਟ ਸਾਫ਼ ਦਿਸਦੀ ਹੈ। ਟਰੰਪ ਨੇ ਰੂਸੀ ਤੇਲ ਦੀ ਖਰੀਦ 'ਤੇ 50% ਟੈਰਿਫ ਲਗਾਏ, ਜਿਸ ਨਾਲ ਭਾਰਤੀ ਨਿਰਯਾਤ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਚੀਨ ਨਾਲ ਸੀਮਾ ਵਿਵਾਦ ਵਿੱਚ ਵੀ ਮੋਦੀ ਦੀ 'ਮੁਸਕੁਲਰ ਡਿਪਲੋਮੇਸੀ' ਨੇ ਜ਼ਿਆਦਾ ਨਤੀਜੇ ਨਹੀਂ ਦਿੱਤੇ। 2025 ਵਿੱਚ ਮੋਦੀ ਨੇ ਐਸਸੀਓ ਸੰਮੇਲਨ ਵਿੱਚ ਹਿੱਸਾ ਲਿਆ, ਜਿਸ ਨੂੰ ਟਰੰਪ ਨੇ 'ਚੀਨ ਦੀ ਜਿਤ' ਕਿਹਾ। ਇਹ ਸਭ ਦਰਸਾਉਂਦਾ ਹੈ ਕਿ ਮੋਦੀ ਸਰਕਾਰ ਦੀ ਨੀਤੀ ਕਾਮਯਾਬ ਨਹੀਂ ਰਹੀ ਡਿਪਲੋਮੈਟਿਕ ਸੂਝਬੂਝ ਦੀ ਘਾਟ ਰਹੀ। ਨਤੀਜੇ ਵਜੋਂ, ਭਾਰਤ ਅਮਰੀਕਾ ਨਾਲ ਵਪਾਰਕ ਜੰਗ ਵਿੱਚ ਫਸ ਰਿਹਾ ਹੈ, ਅਤੇ 'ਮੇਕ ਇਨ ਇੰਡੀਆ' ਵਰਗੀਆਂ ਨੀਤੀਆਂ ਖਤਰੇ ਵਿੱਚ ਹਨ।

ਇਸ ਤਣਾਅ ਵਿੱਚ ਸਿੱਖ ਭਾਈਚਾਰੇ ਲਈ ਵੀ ਨਵੇਂ ਮੌਕੇ ਹਨ। 1984 ਦੇ ਸਿੱਖ ਵਿਰੋਧੀ ਕਤਲੇਆਮ, ਪੰਜਾਬ ਦੀ ਖੁਦਮੁਖਤਿਆਰੀ ਅਤੇ ਪੰਜਾਬ ਦੇ ਪਾਣੀਆਂ ਦਾ ਮੁੱਦਾ,ਰਾਜਧਾਨੀ, ਬੋਲੀ ਅੱਜ ਵੀ ਜਿਉਂਦੇ ਹਨ। ਅਮਰੀਕਾ ਵਰਗੇ ਦੇਸ਼ ਵਿੱਚ ਸਿੱਖ ਡਾਇਸਪੋਰਾ ਕਾਫੀ ਮਜ਼ਬੂਤ ਹੈ, ਅਤੇ ਉਹ ਅੰਤਰਰਾਸ਼ਟਰੀ ਮੰਚ 'ਤੇ ਸਿੱਖਾਂ ਦੇ ਮੁੱਦਿਆਂ ਨੂੰ ਉਠਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਅਮਰੀਕਾ ਦੀਆਂ ਸਖ਼ਤ ਨੀਤੀਆਂ ਅਤੇ ਮੋਦੀ ਸਰਕਾਰ ਦੀਆਂ ਕਮਜ਼ੋਰੀਆਂ ਨੇ ਇੱਕ ਅਜਿਹਾ ਮੌਕਾ ਪੈਦਾ ਕੀਤਾ ਹੈ, ਜਿੱਥੇ ਸਿੱਖ ਭਾਈਚਾਰਾ ਆਪਣੀਆਂ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕਰ ਸਕਦਾ ਹੈ।

ਅਮਰੀਕਾ ਵਿੱਚ ਸਿੱਖ ਸੰਗਠਨ 1984 ਦੀ ਨਸਲਕੁਸ਼ੀ ਦੀ ਜਾਂਚ, ਸਿੱਖਾਂ 'ਤੇ ਹੋਏ ਅੱਤਿਆਚਾਰ ਅਤੇ ਖਾਲਿਸਤਾਨ ਮੁੱਦੇ ਨੂੰ ਅਮਰੀਕੀ ਸੰਸਦ ਅਤੇ ਮੀਡੀਆ ਸਾਹਮਣੇ ਲਿਜਾ ਸਕਦੇ ਹਨ। ਅਮਰੀਕਾ-ਭਾਰਤ ਸੰਬੰਧਾਂ ਵਿੱਚ ਤਣਾਅ ਦਾ ਫਾਇਦਾ ਉਠਾਉਂਦੇ ਹੋਏ, ਸਿੱਖ ਡਾਇਸਪੋਰਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮੁੱਦਿਆਂ ਨੂੰ ਉਭਾਰ ਸਕਦਾ ਹੈ। ਉਦਾਹਰਨ ਵਜੋਂ, ਅਮਰੀਕੀ ਸੰਸਦ ਵਿੱਚ ਪਹਿਲਾਂ ਵੀ ਸਿੱਖ ਮੁੱਦਿਆਂ 'ਤੇ ਰੈਜ਼ੋਲੂਸ਼ਨ ਪੇਸ਼ ਹੋਏ ਹਨ। ਇਸ ਸਮੇਂ ਅਮਰੀਕੀ ਸਰਕਾਰ ਦੀਆਂ ਸਖ਼ਤ ਨੀਤੀਆਂ ਨੂੰ ਦੇਖਦੇ ਹੋਏ, ਸਿੱਖ ਸੰਗਠਨ ਅਮਰੀਕੀ ਨੀਤੀ ਨਿਰਮਾਤਾਵਾਂ ਨੂੰ ਭਾਰਤ ਸਰਕਾਰ 'ਤੇ ਦਬਾਅ ਪਾਉਣ ਲਈ ਉਕਸਾ ਸਕਦੇ ਹਨ।

ਅਮਰੀਕੀ ਟੈਰਿਫਾਂ ਨੇ ਭਾਰਤ ਦੇ ਨਿਰਯਾਤ ਨੂੰ ਨੁਕਸਾਨ ਪਹੁੰਚਾਇਆ ਹੈ, ਪਰ ਪੰਜਾਬ ਵਰਗੇ ਰਾਜ ਖੇਤੀਬਾੜੀ ਅਤੇ ਛੋਟੇ ਉਦਯੋਗਾਂ 'ਤੇ ਨਿਰਭਰ ਹਨ। ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ 'ਤੇ ਦਬਾਅ ਪਾਉਣ ਕਿ ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਦਿੱਤਾ ਜਾਵੇ। ਪੰਜਾਬ ਦੇ ਕਿਸਾਨਾਂ ਅਤੇ ਉਦਯੋਗਪਤੀਆਂ ਨੂੰ ਵਿਸ਼ਵ ਬਜ਼ਾਰਾਂ ਵਿੱਚ ਨਵੇਂ ਮੌਕੇ ਦਿੱਤੇ ਜਾਣ। ਉਦਾਹਰਨ ਵਜੋਂ, ਪੰਜਾਬ ਦੀਆਂ ਖੇਤੀਬਾੜੀ ਉਤਪਾਦਾਂ ਨੂੰ ਪੱਛਮੀ ਬਜ਼ਾਰ ਵਿੱਚ ਪ੍ਰਮੋਟ ਕਰਨ ਲਈ ਵਿਸ਼ੇਸ਼ ਸਕੀਮਾਂ ਬਣਾਈਆਂ ਜਾਣ। ਪਾਣੀ ਅਤੇ ਸਿੱਖ ਸਿਆਸੀ ਅਧਿਕਾਰ: ਪੰਜਾਬ ਦੇ ਪਾਣੀਆਂ ਦਾ ਮੁੱਦਾ, ਜਿਵੇਂ ਸਤਲੁਜ-ਯਮੁਨਾ ਲਿੰਕ ਨਹਿਰ, ਅੱਜ ਵੀ ਸਿੱਖ ਭਾਈਚਾਰੇ ਦੀਆਂ ਵੱਡੀਆਂ ਮੰਗਾਂ ਵਿੱਚੋਂ ਇੱਕ ਹੈ। ਸਿੱਖ ਆਗੂਆਂ ਨੂੰ ਵਿਰੋਧੀ ਧਿਰ ਨਾਲ ਮਿਲ ਕੇ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ। *ਬਾਕੀ ਹਿਸਾ ਸਫ਼ਾ 9 ਤੇ ਪੜ੍ਹੋ* ⟶

**NEWS & VIEWS**

# NEW CHALLENGES REQUIRE ONE NATIONWIDE UK SIKH ASSEMBLY



Gurmukh Singh OBE

For a diasporic community like the Sikhs, there is always a need for organisation and communication at local, national and global levels. UK Sikh jathebandis need to assemble periodically to exchange views about topics and challenges faced by British and global Sikhs.

The Sikhi ideal is to sit together without giving up jathebandi pursuit of own objectives at local and, like some Sikh charities, even global levels. Khalsa Misls of the 18th century showed us the way. They pursued own objectives but met at least twice annually as Sarbat Khalsa to seek common direction. That ensured Panthic cohesion and survival.

The UK Sikh Council initiative showed us the way for many years until faced by the usual problem of internal disagreements defeating the objective of *one* periodical nationwide meeting facility. Next generation Sikhs need to revive that ideal while learning from past mistakes. With similar national level umbrella Sikh forums in other diaspora countries the consultation process can be taken up to global level. Such an organisational structure is effective only if built from local Sangat grassroots level and not imposed from the top like the present world or global sounding organisations/councils set up by well-meaning individuals. These are more like discussion forums of like-minded groups but, otherwise lack input from local Sangats and confuse next generations and observers.

Wherever there is Khalsa Panth, there is the Miri-Piri model of Sri Akal Takht Sahib to seek common Panthic guidance. The concept of the Institution of Sri Akal Takht Sahib needs to be understood in the same sense as other Sikh institutions. They are not confined to one building or location but are there wherever there is Khalsa Panth. Yet, that does not detract from the historical significance of Sri Akal Takht Sahib located in Harmandar Sahib complex. There, Sikhi Miri-Piri ideal and history converge. Sikhs have survived and returned with greater strength when the historical Akal Takht building has been taken over by non-Sikh forces.

The Five Takhts including Sri Akal Takht Sahib, have the same authority and this is the Sikhi ideal of power devolution which needs to be understood and accepted in the historical context. The Gurmatta methodology is universal and available from local to global levels.

Today, we are seeing rapid socio-political changes in the UK and globally with a swing to the extreme right which pose major challenges for British Sikhs. Sikhs in other Western countries are in the same situation and they cannot expect much guidance from the mismanaged central Sikh institutions based in Panjab. Countries like UK, Canadian and USA with significant Sikh populations can lead regarding such initiatives while jathebandis continue to pursue aims in own areas.

Sikhs face challenges of assimilation and extinction like numerous peoples and civilizations in human history. Diasporic communities like the Sikhs have been dispersed globally from their country of origin due to voluntary or forced migration. They remain linked through religio-cultural identity, shared ancestral roots and family ties. They share concerns about community progress and about threats to its existence as a distinct theo-political entity in plural societies.

We have many lessons to learn from communities which have been destroyed because they forgot their own language and culture; or, like the American negroes, by re-discovering own roots, communities which have been able to re-assert and regain human rights and dignity.

The need for British Sikhs to revive *one* Panthic umbrella forum is urgent. Modern communication technology and networks make that possible.

**Gurmukh Singh OBE**, Ret'd Principal Civil Servant (UK) sewauk2005@yahoo.co.uk

# ਗਿਆਨੀ ਹਰਪ੍ਰੀਤ ਸਿੰਘ ਦਾ ਸਟਾਲਿਨ ਨੂੰ ਪੱਤਰ ਰਾਹੀਂ ਦਿੱਤਾ ਹੁੰਗਾਰਾ, ਸੰਘਵਾਦ ਦੀ ਕੀਤੀ ਹਮਾਇਤ

## ✪ ਆਨੰਦਪੁਰ ਸਾਹਿਬ ਤੋਂ ਹਾਈਪਰ-ਨੈੱਟਵਰਕ: ਪੰਜਾਬ ਦੀ ਖੁਦਮੁਖਤਿਆਰੀ ਦਾ ਨਵਾਂ ਸੁਨੇਹਾ

## ✪ ਨਵਾਂ ਅਕਾਲੀ ਦਲ ਖੇਤਰੀਵਾਦੀ ਲਹਿਰ ਦੇ ਹੱਕ ਵਿਚ: ਬਾਦਲ ਦਲ ਤੇ ਭਾਜਪਾ ਨੂੰ ਦਿੱਤੀ ਚੁਣੌਤੀ

ਅੰਮ੍ਰਿਤਸਰ-ਭਾਰਤੀ ਸੰਘਵਾਦ ਦੇ ਭਵਿੱਖ ਨੂੰ ਲੈ ਕੇ ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੂੰ ਲਿਖੇ ਪੱਤਰ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਾ ਸਿਰਫ਼ ਪੰਜਾਬੀ ਖੁਦਮੁਖਤਿਆਰੀ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ, ਸਗੋਂ ਰਾਜਾਂ ਵਿਚਕਾਰ ਨਵੇਂ ਸਹਿਯੋਗੀ ਹੋਣ ਦਾ ਐਲਾਨ ਕੀਤਾ ਹੈ। ਇਸ ਪੱਤਰ ਨੇ ਪੰਜਾਬ ਦੀ ਖੇਤਰੀ ਸਿਆਸਤ ਨੂੰ ਹੀ ਨਹੀਂ ਉਭਾਰਿਆ, ਸਗੋਂ ਨਵੇਂ ਅਕਾਲੀ ਦਲ ਨੂੰ ਖੇਤਰਵਾਦ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਤੇ ਕੇਂਦਰ ਦੀਆਂ ਰਾਜ ਵਿਰੋਧੀ ਨੀਤੀਆਂ ਵਿਰਧ ਬੁਲਾਰਾ ਵੀ ਬਣਾ ਦਿੱਤਾ ਹੈ। ਇਸ ਦਰਮਿਆਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਭਵਿੱਖ ਵੀ ਚਰਚਾ ਵਿੱਚ ਆ ਗਿਆ ਹੈ - ਕੀ ਇਹ ਨਵੀਂ ਲਹਿਰ ਬਾਦਲ ਪਰਿਵਾਰ ਨੂੰ ਪਛਾੜ ਸਕੇਗੀ?

ਗਿਆਨੀ ਹਰਪ੍ਰੀਤ ਸਿੰਘ, ਜੋ ਕਿ ਪਿਛਲੇ ਸਾਲਾਂ ਵਿੱਚ ਆਪਣੇ ਬੇਬਾਕ ਬਿਆਨਾਂ ਕਰਕੇ ਸਿੱਖ ਪੰਥ ਅਤੇ ਪੰਜਾਬੀ ਚੇਤਨਾ ਦੇ ਪ੍ਰਤੀਨਿਧੀ ਬਣੇ, ਨੇ ਐੱਮ.ਕੇ. ਸਟਾਲਿਨ ਨੂੰ ਲਿਖੇ ਇਸ ਪੱਤਰ ਵਿੱਚ ਭਾਰਤੀ ਸੰਘਵਾਦ ਨੂੰ 'ਹਾਈਪਰ-ਨੈੱਟਵਰਕ' ਵਾਂਗ ਵਿਚਾਰਨ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਲਿਖਿਆ ਕਿ ਪੁਰਾਣਾ ਕੇਂਦਰ-ਰਾਜ ਰੱਸਾਕਸੀ ਵਾਲਾ ਮਾਡਲ ਹੁਣ ਭਾਰਤ ਦੀਆਂ ਚੁਣੌਤੀਆਂ - ਆਰਥਿਕ, ਸੱਭਿਆਚਾਰਕ, ਵਾਤਾਵਰਨਕ ਅਤੇ ਰਾਜਨੀਤਕ - ਨਾਲ ਬੰਨ੍ਹ ਨਹੀਂ ਪੈਂਦਾ। ਬਦਲੇ ਵਿੱਚ ਰਾਜਾਂ ਵਿਚਕਾਰ ਸਿੱਧੇ ਸਮਝੌਤੇ ਅਤੇ ਸਹਿਯੋਗ ਨੂੰ ਲੋੜ ਦੱਸੀ। ਉਦਾਹਰਨ ਵਜੋਂ, ਪੰਜਾਬ ਦੀ ਖੇਤੀਬਾੜੀ ਨੂੰ ਤਾਮਿਲਨਾਡੂ ਦੇ ਫੂਡ ਪ੍ਰੋਸੈਸਿੰਗ ਨਾਲ ਜੋੜਨਾ ਜਾਂ ਗੁਜਰਾਤ ਦੇ ਬੰਦਰਗਾਹਾਂ ਨੂੰ ਬਿਹਾਰ ਦੀ ਮਜ਼ਦੂਰ ਤਾਕਤ ਨਾਲ ਜੋੜਨਾ। ਇਹ ਨਾ ਸਿਰਫ਼ ਆਰਥਿਕ ਸਥਿਰਤਾ ਲਿਆਵੇਗਾ, ਸਗੋਂ ਸੱਭਿਆਚਾਰਕ ਏਕਤਾ ਅਤੇ ਵਾਤਾਵਰਨ ਸੁਰੱਖਿਆ ਵਿੱਚ ਵੀ ਮਦਦ ਕਰੇਗਾ। ਪੱਤਰ ਵਿੱਚ ਗਿਆਨੀ ਜੀ ਨੇ ਪੰਜਾਬ ਦੇ ਆਨੰਦਪੁਰ ਸਾਹਿਬ ਰੈਜ਼ੋਲੂਸ਼ਨ (1973) ਨੂੰ ਯਾਦ ਕਰਦਿਆਂ ਕਿਹਾ ਕਿ ਇਹ ਖੁਦਮੁਖਤਿਆਰੀ ਲਈ ਇੱਕ ਸੰਤੁਲਿਤ ਫੈਡਰਲ ਢਾਂਚੇ ਦੀ ਮੰਗ ਸੀ, ਪਰ ਇਸ ਨੂੰ ਵੱਖਵਾਦ ਵਾਂਗ ਗਲਤ ਸਮਝ ਕੇ ਨਕਾਰ ਦਿੱਤਾ ਗਿਆ। ਗਿਆਨੀ ਜੀ ਨੇ ਡਾ. ਸੀ.ਐੱਨ. ਅੰਨਾਦੁਰਾਈ ਅਤੇ ਕਰੁਣਾਨਿਧੀ ਵਰਗੀਆਂ ਤਾਮਿਲ ਨੇਤਾਵਾਂ ਦੀ ਲੜਾਈ ਨੂੰ ਪੰਜਾਬੀ ਸੰਘਰਸ਼ ਨਾਲ ਜੋੜਦਿਆਂ ਕਿਹਾ ਕਿ ਅੱਜ ਸਮੇਂ ਹੈ ਨਵੇਂ ਫੈਡਰਲ ਵਿਆਕਰਨ ਦਾ, ਜਿੱਥੇ ਕੇਂਦਰ ਗਾਰੰਟਰ ਬਣੇ ਅਤੇ ਰਾਜਾਂ ਵਿਚਕਾਰ 'ਰਾਜ-ਰਾਜ ਏਕਤਾ' ਬਣੇ। ਉਨ੍ਹਾਂ ਨੇ ਸਟਾਲਿਨ ਦੀ ਹਾਈ-ਲੈਵਲ ਕਮੇਟੀ ਦਾ ਸਵਾਗਤ ਕੀਤਾ ਅਤੇ ਰਾਜ-ਰਾਜ ਮਕੈਨਿਜ਼ਮਾਂ ਨੂੰ ਵੀ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ। ਇਹ ਪੱਤਰ ਨਾ ਸਿਰਫ਼ ਪੰਜਾਬ ਅਤੇ ਤਾਮਿਲਨਾਡੂ ਵਿਚਕਾਰ ਪੁਲ ਵਰਗਾ ਹੈ, ਸਗੋਂ ਪੂਰਬ-ਪੱਛਮ, ਉੱਤਰ-ਦੱਖਣ ਵਿਚਕਾਰ ਲੋਕਾਂ ਦੇ ਜੀਵੰਤ ਸਹਿਯੋਗ ਨੂੰ ਜਗਾਉਣ ਵਾਲਾ ਵੀ ਹੈ। ਇਸ ਪੱਤਰ ਨੇ ਪੰਜਾਬ ਦੀ ਸਿਆਸੀ ਚਰਚਾ ਤੇ ਖੇਤਰਵਾਦ ਨੂੰ ਉਭਾਰਿਆ ਹੈ।



ਇਸ ਨਵੇਂ ਅਕਾਲੀ ਦਲ ਦਾ ਸਿਆਸੀ ਭਵਿੱਖ ਵੀ ਚਿੰਤਾ ਵਾਲਾ ਵਿਸ਼ਾ ਬਣ ਗਿਆ ਹੈ। ਪਿਛਲੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਿਰਫ਼ 3% ਵੋਟ ਵੰਡ ਮਿਲੀ ਸੀ, ਜਦਕਿ ਭਾਜਪਾ ਨੇ ਆਪਣਾ ਪੈਰ ਜਮਾਉਣਾ ਸ਼ੁਰੂ ਕੀਤਾ ਹੈ। ਨਵਾਂ ਅਕਾਲੀ ਦਲ, ਜੋ ਕਿ ਪੰਥਕ ਅਤੇ ਖੇਤਰੀ ਮੁੱਦਿਆਂ ਉੱਤੇ ਧਿਆਨ ਕੇਂਦ੍ਰਿਤ ਕਰਦਾ ਹੈ, ਭਾਜਪਾ ਨਾਲ ਨਾ ਜੁੜ ਕੇ ਆਪਣੀ ਵਿਭਿੰਨਤਾ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਨਵੇਂ ਅਕਾਲੀ ਦਲ ਦੀ ਸਮੁਚੀ ਲੀਡਰਸ਼ਿਪ ਇਸ ਮੁਦੇ ਉਪਰ ਗਿਆਨੀ ਹਰਪ੍ਰੀਤ ਸਿੰਘ ਵਰਗੇ ਪੰਥਕ ਚਿਹਰਿਆਂ ਨਾਲ ਜੁੜ ਗਈ, ਤਾਂ ਇਹ ਪੰਜਾਬ ਦੀ ਅਗਵਾਈ ਕਰ ਸਕਦੀ ਹੈ।

ਈਥੇ ਜਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ), ਜਿਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ, ਨੇ ਪਿਛਲੇ ਸਾਲਾਂ ਵਿੱਚ ਭਾਜਪਾ ਨਾਲ ਗਠਜੋੜ ਤੋੜ ਕੇ ਪੰਜਾਬ ਦੇ ਹੱਕਾਂ ਦੀ ਗੱਲ ਕੀਤੀ ਹੈ, ਪਰ ਲੋਕਾਂ ਦਾ ਭਰੋਸਾ ਹਾਲੇ ਜਿਤਣਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 3 ਸੀਟਾਂ ਜਿੱਤਣ ਵਾਲੀ ਇਹ ਪਾਰਟੀ ਹੁਣ ਆਪਣੇ ਪੰਥਕ ਵਿਚਾਰਧਾਰਾ ਨੂੰ ਬਚਾਉਣ ਲਈ ਜੱਦੋਜਹਿਦ ਕਰ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਦਾ ਪੱਤਰ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਬਾਦਲ ਦਲ ਨੂੰ ਯਾਦ ਕਰਵਾਉਂਦਾ ਹੈ ਕਿ ਆਨੰਦਪੁਰ ਸਾਹਿਬ ਰੈਜ਼ੋਲੂਸ਼ਨ ਉਨ੍ਹਾਂ ਦੀ ਧਰੋਹਰ ਹੈ। ਨਵਾਂ ਅਕਾਲੀ ਦਲ ਇਸ ਨੂੰ ਨਵੇਂ ਰੂਪ ਵਿੱਚ ਉਠਾ ਰਿਹਾ ਹੈ, ਜੋ ਬਾਦਲਾਂ ਲਈ ਚੁਣੌਤੀ ਹੈ। ਸੁਖਬੀਰ ਬਾਦਲ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਵਿੱਚ ਕਿਹਾ, "ਨਵੇਂ ਅਕਾਲੀ ਨੂੰ ਨਵੀਂ ਚੁਣੌਤੀ ਮਿਲ ਰਹੀ ਹੈ, ਪਰ ਅਸੀਂ ਪੰਜਾਬੀਅਤ ਦੇ ਅਸਲ ਵਾਹਕ ਹਾਂ।" ਪਰ ਮਾਹਿਰ ਕਹਿੰਦੇ ਹਨ ਕਿ ਜੇ ਬਾਦਲ ਦਲ ਨੇ ਆਪਣੀ ਲੀਡਰਸ਼ਿਪ ਵਿੱਚ ਬਦਲਾਅ ਨਾ ਕੀਤਾ ਅਤੇ ਯੁਵਾ ਨੇਤਾਵਾਂ ਨੂੰ ਅੱਗੇ ਨਾ ਆਉਣ ਦਿੱਤਾ, ਪੰਜਾਬ ਦੀ ਖੁਦਮੁਖਤਿਆਰੀ ਉਪਰ ਪਹਿਰਾ ਨਾ ਦਿਤਾ ਤਾਂ ਨਵਾਂ ਅਕਾਲੀ ਉਨ੍ਹਾਂ ਨੂੰ ਵੋਟ ਬੈਂਕ ਵਿੱਚ ਤੋੜ ਸਕਦਾ ਹੈ।

ਪੰਜਾਬ ਦੀ ਸਿਆਸਤ ਵਿੱਚ ਇਹ ਪੱਤਰ ਇੱਕ ਨਵੇਂ ਯੁੱਗ ਦੀ ਸੂਚਨਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਨਾ ਸਿਰਫ਼ ਐੱਮ.ਕੇ. ਸਟਾਲਿਨ ਨੂੰ ਜਵਾਬ ਦਿੱਤਾ, ਸਗੋਂ ਪੂਰੇ ਦੇਸ਼ ਨੂੰ ਸੰਘਵਾਦ ਨੂੰ ਨੈੱਟਵਰਕ ਵਾਂਗ ਵੇਖਣ ਦਾ ਸੁਨੇਹਾ ਵੀ ਦਿੱਤਾ। ਨਵੇਂ ਅਕਾਲੀ ਦਲ ਨੂੰ ਇਹ ਮੌਕਾ ਹੈ ਕਿ ਉਹ ਖੇਤਰੀਵਾਦ ਨੂੰ ਅਸਲੀ ਤਾਕਤ ਬਣਾਵੇ ਅਤੇ ਕੇਂਦਰਵਾਦ ਨੂੰ ਚੁਣੌਤੀ ਦੇਵੇ। ਪਰ ਬਾਦਲ ਦਲ ਲਈ ਇਹ ਚੇਤਾਵਨੀ ਹੈ ਕਿ ਪੁਰਾਣੀਆਂ ਗਲਤੀਆਂ ਨੂੰ ਦੁਹਰਾਉਣ ਨਾਲ ਭਵਿੱਖ ਨਹੀਂ ਬਚੇਗਾ। ਅਗਲੀਆਂ ਚੋਣਾਂ ਵਿੱਚ ਇਹ ਲਹਿਰ ਕਿਵੇਂ ਚਲੇਗੀ, ਇਹ ਵੇਖਣਾ ਰਹਿ ਗਿਆ ਹੈ। ਪੰਜਾਬ ਨੂੰ ਲੋੜ ਹੈ ਅਜਿਹੇ ਨੇਤਾਵਾਂ ਦੀ ਜੋ ਰਾਜਾਂ ਵਿਚਕਾਰ ਏਕਤਾ ਨੂੰ ਮਜ਼ਬੂਤ ਕਰਨ, ਨਾ ਕਿ ਕੇਂਦਰਵਾਦ ਵਿਚ ਫਸਣ।

## ਏਆਈ ਨਾਲ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਵੀਡੀਓ ਬਣਾਏ ਜਾਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

ਅੰਮ੍ਰਿਤਸਰ-ਆਰਟੀਫੀਸ਼ਲ ਇੰਟੈਲੀਜੈਂਸ (ਏਆਈ) ਤਕਨੀਕ ਦੀ ਦੁਰਵਰਤੋਂ ਕਰਦਿਆਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਮੁੜ ਗ਼ਲਤ ਅਤੇ ਇਤਰਾਜ਼ਯੋਗ ਵੀਡੀਓ ਬਣਾਈ ਗਈ ਹੈ ਅਤੇ ਸੋਸ਼ਲ ਮੀਡੀਆ ਰਾਹੀਂ ਵਾਇਰਲ ਕੀਤੀ ਗਈ ਹੈ ਅਜਿਹੇ ਮਾਮਲੇ ਸਿੱਖ ਸੰਸਥਾ ਵਾਸਤੇ ਵੱਡੀ ਪ੍ਰੇਸ਼ਾਨੀ ਅਤੇ ਚਿੰਤਾ ਦਾ ਸਬਬ ਹਨ। ਇਸ ਵੀਡੀਓ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੰਦਿਆਂ ਅਜਿਹੇ ਵਰਤਾਰੇ 'ਤੇ ਸਰਕਾਰਾਂ ਤੋਂ ਤੁਰੰਤ ਰੋਕ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਨੂੰ ਵਿਚਾਰਨ ਵਾਸਤੇ ਮਾਹਰਾਂ ਦੀ ਮੀਟਿੰਗ ਵੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਇਸ ਵਾਰ ਵਾਇਰਲ ਹੋਈ ਵੀਡੀਓ ਵਿਚ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੰਗਲੀ ਜਾਨਵਰ ਦਿਖਾਏ ਗਏ ਹਨ ਅਤੇ ਇਹ ਮਾਮਲਾ ਸਿੱਧੇ ਤੌਰ 'ਤੇ ਗੁਰੂਧਾਮ ਦੀ ਬੇਅਦਬੀ ਨਾਲ ਸਬੰਧਤ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਹੁੰਦਾ ਦਿਖਾਇਆ ਗਿਆ ਸੀ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਚ ਧਮਾਕਾਖੇਜ਼ ਸਮੱਗਰੀ ਰੱਖਣ ਦੀਆਂ ਧਮਕੀਆਂ ਵਾਲੀਆਂ ਈਮੇਲ ਵੀ ਆਈਆਂ ਸਨ ਪਰ ਇਹ ਸਾਰੇ ਮਾਮਲਿਆਂ ਵਿਚ ਹੁਣ ਤਕ ਇਤਰਾਜ਼ਯੋਗ ਵੀਡੀਓ ਅਤੇ ਧਮਕੀ ਭਰੇ ਈਮੇਲ ਦਾ ਸਰੋਤ ਪਤਾ ਨਹੀਂ ਲਗ ਸਕਿਆ। ਪੁਲੀਸ ਦੀ ਹੁਣ ਤਕ ਦੀ ਜਾਂਚ ਵੀ ਮੁਕੰਮਲ ਨਹੀਂ ਹੋਈ। ਇਸ ਸਬੰਧ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਏਆਈ ਤਕਨੀਕ ਨਾਲ ਤਿਆਰ ਅਜਿਹੀਆਂ ਵੀਡੀਓ ਨਾ ਸਿਰਫ਼ ਸਿੱਖੀ ਦੇ ਮੁੱਢਲੇ ਸਿਧਾਂਤਾਂ ਦਾ ਉਲੰਘਣ ਹੈ, ਸਗੋਂ ਵਿਸ਼ਵ ਪੱਧਰੀ ਧਾਰਮਿਕ ਸੰਵੇਦਨਸ਼ੀਲਤਾ ਨੂੰ ਵੀ ਠੇਸ ਪਹੁੰਚਾਉਣ ਵਾਲੀ ਹਰਕਤ ਹੈ। ਸ੍ਰੀ ਦਰਬਾਰ ਸਾਹਿਬ ਸਿੱਖ ਕੌਮ ਦਾ ਕੇਂਦਰੀ ਅਸਥਾਨ ਹੈ, ਜਿਥੋਂ ਸਮੁੱਚੀ ਮਨੁੱਖਤਾ ਨੂੰ ਸਰਬਸਾਂਝੀਵਾਲਤਾ ਦਾ ਉਪਦੇਸ਼ ਮਿਲਦਾ ਹੈ ਪ੍ਰੰਤੂ ਕੁਝ ਲੋਕਾਂ ਦੀ ਗਲਤ ਪਹੁੰਚ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਦੀ ਹੈ।

## *ਭਾਰਤ-ਅਮਰੀਕਾ ਸੰਬੰਧਾਂ ਦਾ ਮਾਮਲਾ*

*8 ਸਫ਼ੇ ਦਾ ਬਾਕੀ ਹਿਸਾ*

ਸਿੱਖ ਡਾਇਸਪੋਰਾ ਨੂੰ ਅਮਰੀਕੀ ਸੰਸਦ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਅੰਤਰਰਾਸ਼ਟਰੀ ਮੀਡੀਆ ਨਾਲ ਸੰਪਰਕ ਵਧਾਉਣਾ ਚਾਹੀਦਾ। 1984 ਦੀ ਜਾਂਚ ਅਤੇ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਦੇ ਮੁੱਦੇ ਨੂੰ ਮੁੜ ਉਭਾਰਨ ਦੀ ਲੋੜ ਹੈ। ਅਮਰੀਕਾ-ਭਾਰਤ ਸੰਬੰਧਾਂ ਵਿੱਚ ਤਣਾਅ ਦਾ ਫਾਇਦਾ ਉਠਾਉਂਦੇ ਹੋਏ, ਸਿੱਖ ਸੰਗਠਨ ਅਮਰੀਕੀ ਨੀਤੀ ਨਿਰਮਾਤਾਵਾਂ ਨੂੰ ਭਾਰਤ 'ਤੇ ਦਬਾਅ ਪਾਉਣ ਲਈ ਮਨਾ ਸਕਦੇ ਹਨ। ਸਿੱਖ ਸੰਗਠਨਾਂ ਨੂੰ ਪੰਜਾਬ ਦੇ ਕਿਸਾਨਾਂ ਅਤੇ ਉਦਯੋਗਪਤੀਆਂ ਦੀ ਆਵਾਜ਼ ਨੂੰ ਕੇਂਦਰ ਸਰਕਾਰ ਤੱਕ ਪਹੁੰਚਾਉਣਾ ਚਾਹੀਦਾ। ਅਮਰੀਕੀ ਟੈਰਿਫਾਂ ਦੇ ਨੁਕਸਾਨ ਨੂੰ ਦੇਖਦੇ ਹੋਏ, ਪੰਜਾਬ ਨੂੰ ਵਿਸ਼ੇਸ਼ ਆਰਥਿਕ ਪੈਕੇਜ ਅਤੇ ਨਿਰਯਾਤ ਸਹੂਲਤਾਂ ਦੀ ਮੰਗ ਕਰਨੀ ਚਾਹੀਦੀ। ਸਿੱਖ ਆਗੂਆਂ ਨੂੰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਨਾਲ ਮਿਲ ਕੇ ਇੱਕ ਸਾਂਝੀ ਰਣਨੀਤੀ ਬਣਾਉਣੀ ਚਾਹੀਦੀ। ਪੰਜਾਬ ਦੇ ਪਾਣੀਆਂ, ਸਿੱਖ ਸਿਆਸੀ ਅਧਿਕਾਰਾਂ ਅਤੇ 1984 ਦੀ ਜਾਂਚ ਲਈ ਸੰਘਰਸ਼ ਨੂੰ ਤੇਜ਼ ਕਰਨ ਦੀ ਲੋੜ ਹੈ। ਸਿੱਖ ਭਾਈਚਾਰੇ ਨੂੰ ਸੋਸ਼ਲ ਮੀਡੀਆ ਅਤੇ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਆਪਣੀ ਆਵਾਜ਼ ਨੂੰ ਮਜ਼ਬੂਤ ਕਰਨਾ ਚਾਹੀਦਾ। ਸਿੱਖ ਨੌਜਵਾਨਾਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਸੰਗਠਨਾਂ ਵਿੱਚ ਸਿੱਖ ਮੁੱਦਿਆਂ ਨੂੰ ਚੁੱਕਣ ਲਈ ਪ੍ਰੇਰਿਤ ਕਰਨਾ ਚਾਹੀਦਾ। ਸਿੱਖਾਂ ਨੂੰ ਸੁਚੇਤ, ਸੰਗਠਿਤ ਅਤੇ ਸਰਗਰਮ ਹੋਣ ਦੀ ਲੋੜ ਹੈ, ਤਾਂ ਜੋ ਇਸ ਤਣਾਅ ਵਿੱਚੋਂ ਵੀ ਨਿਆਂ ਅਤੇ ਬਰਾਬਰੀ ਦੀ ਜਿੱਤ ਹੋ ਸਕੇ। -ਰਜਿੰਦਰ ਸਿੰਘ ਪੁਰੇਵਾਲ

# ਪਟਿਆਲਾ ਜੇਲ੍ਹ ਵਿਚ ਖੂਨੀ ਝੜਪ ਬਾਅਦ ਬੁਚੜ ਪੁਲਿਸ ਅਫਸਰ ਸੂਬਾ ਸਿੰਘ ਦੀ ਮੌਤ, ਸੰਨੀ 'ਤੇ ਕਤਲ ਕੇਸ

**✪ ਸ਼ੋਸ਼ਲ ਮੀਡੀਆ ਉਪਰ ਸਿੱਖ ਨੌਜਵਾਨਾਂ ਦਾ ਹੀਰੋ ਬਣਿਆ ਸੰਦੀਪ ਸਿੰਘ ਸੰਨੀ ✪ ਸੂਬਾ ਸਿੰਘ ਦਾ ਵਿਵਾਦਤ ਅਤੀਤ: ਪਰਿਵਾਰ ਦਾ ਲਾਸ਼ ਤੋਂ ਇਨਕਾਰ, ਸਮਾਜਿਕ ਬਾਈਕਾਟ ✪ ਜੇਲ੍ਹ ਪ੍ਰਸ਼ਾਸਨ 'ਤੇ ਸਵਾਲ ਖੜੇ ਹੋਏ ਸੰਨੀ 'ਤੇ ਤਸ਼ੱਦਦ ਦੇ ਦੋਸ਼, ਅਦਾਲਤ ਦਾ ਸਖ਼ਤ ਰੁਖ**

**ਵਿਸ਼ੇਸ਼ ਰਿਪੋਟ**

ਪਟਿਆਲਾ ਦੀ ਕੇਂਦਰੀ ਜੇਲ੍ਹ ਵਿੱਚ 10 ਸਤੰਬਰ 2025 ਨੂੰ ਵਾਪਰੀ ਇੱਕ ਖੂਨੀ ਝੜਪ ਨੇ ਨਾ ਸਿਰਫ਼ ਪੰਜਾਬ ਦੀ ਸਿਆਸਤ ਅਤੇ ਸਮਾਜਿਕ ਹਲਕਿਆਂ ਵਿੱਚ ਹੰਗਾਮਾ ਮਚਾਇਆ, ਸਗੋਂ ਜੇਲ੍ਹ ਪ੍ਰਸ਼ਾਸਨ ਦੀ ਸੁਰੱਖਿਆ ਵਿਵਸਥਾ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ। ਇਸ ਘਟਨਾ ਵਿੱਚ ਸੇਵਾਮੁਕਤ ਪੁਲਿਸ ਇੰਸਪੈਕਟਰ ਸੂਬਾ ਸਿੰਘ ਦੀ ਮੌਤ ਹੋ ਗਈ, ਜਦਕਿ ਹਵਾਲਾਤੀ ਸੰਦੀਪ ਸਿੰਘ, ਜਿਸ ਨੂੰ ਭਾਈ ਸੰਨੀ ਵਜੋਂ ਜਾਣਿਆ ਜਾਂਦਾ ਹੈ, 'ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਇਸ ਮਾਮਲੇ ਕਾਰਣ ਸਿੱਖ ਸਮਾਜ ਵਿੱਚ ਸੰਨੀ ਹੀਰੋ ਵਜੋਂ ਸਵੀਕਾਰਿਆ ਗਿਆ। ਸ਼ੋਸ਼ਲ ਮੀਡੀਆ ਵਿਚ ਸਿੱਖ ਨੌਜਵਾਨ ਉਸਦੀ ਪ੍ਰਸ਼ੰਸਾ ਕਰ ਰਹੇ ਹਨ। ਜਦਕਿ ਪੰਜਾਬ ਸੰਤਾਪ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਸੂਬਾ ਸਿੰਘ ਦੀ ਲਾਸ਼ ਲੈਣ ਤੋਂ ਉਸ ਦੇ ਪਰਿਵਾਰ ਨੇ ਇਨਕਾਰ ਕਰ ਦਿਤਾ। ਸਿੱਖ ਪੰਥ ਨੇ ਗੁਰਦੁਆਰਿਆਂ ਵਿਚ ਉਸਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਇਨਕਾਰ ਕਰ ਦਿੱਤਾ।

ਜੇਲ ਵਿਚ ਝੜਪ ਕਿਵੇਂ ਹੋਈ-ਪਟਿਆਲਾ ਦੀ ਕੇਂਦਰੀ ਜੇਲ੍ਹ ਵਿੱਚ 10 ਸਤੰਬਰ ਨੂੰ ਸੰਦੀਪ ਸਿੰਘ ਸੰਨੀ ਅਤੇ ਤਿੰਨ ਸਾਬਕਾ ਪੁਲਿਸ ਅਧਿਕਾਰੀਆਂ-ਸੇਵਾਮੁਕਤ ਡੀ.ਐਸ.ਪੀ. ਗੁਰਬਚਨ ਸਿੰਘ, ਸੇਵਾਮੁਕਤ ਇੰਸਪੈਕਟਰ ਸੂਬਾ ਸਿੰਘ, ਅਤੇ ਇੰਸਪੈਕਟਰ ਇੰਦਰਜੀਤ ਸਿੰਘ-ਵਿਚਕਾਰ ਤਕਰਾਰ ਸ਼ੁਰੂ ਹੋਈ। ਇਹ ਤਕਰਾਰ ਇੰਨੀ ਵੱਧ ਗਈ ਸੀ ਕਿ ਸੰਨੀ ਨੇ ਕਥਿਤ ਤੌਰ 'ਤੇ ਲੋਹੇ ਦੀ ਪਾਈਪ ਨਾਲ ਤਿੰਨਾਂ 'ਤੇ ਹਮਲਾ ਕਰ ਦਿੱਤਾ। ਸੂਬਾ ਸਿੰਘ ਦੇ ਸਿਰ ਅਤੇ ਮੂੰਹ 'ਤੇ ਗੰਭੀਰ ਸੱਟਾਂ ਲੱਗੀਆਂ, ਜਦਕਿ ਬਾਕੀ ਦੋ ਅਧਿਕਾਰੀ ਵੀ ਜ਼ਖਮੀ ਹੋਏ। ਜ਼ਖਮੀਆਂ ਨੂੰ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ, ਪਰ ਸੂਬਾ ਸਿੰਘ ਦੀ ਹਾਲਤ ਵਿਗੜਨ ਕਾਰਨ ਉਸ ਨੂੰ ਬ੍ਰੇਨ ਡੈਡ ਐਲਾਨਿਆ ਗਿਆ ਅਤੇ ਬੀਤੇ ਬੁੱਧਵਾਰ ਨੂੰ ਉਸ ਦੀ ਮੌਤ ਹੋ ਗਈ ਸੀ। ਥਾਣਾ ਤ੍ਰਿਪੜੀ ਦੀ ਪੁਲਿਸ ਨੇ ਜੇਲ੍ਹ ਅਧਿਕਾਰੀਆਂ ਦੀ ਸ਼ਿਕਾਇਤ 'ਤੇ ਸੰਨੀ ਖ਼ਿਲਾਫ਼ ਪਹਿਲਾਂ ਇਰਾਦਾ-ਏ-ਕਤਲ ਦਾ ਮੁਕੱਦਮਾ ਦਰਜ ਕੀਤਾ, ਜਿਸ ਵਿੱਚ ਸੂਬਾ ਸਿੰਘ ਦੀ ਮੌਤ ਤੋਂ ਬਾਅਦ ਕਤਲ ਦੀ ਧਾਰਾ ਜੋੜੀ ਗਈ।

ਸਿੱਖ ਨਸਲਕੁਸ਼ੀ ਦਾ ਦੋਸ਼ੀ ਸੂਬਾ ਸਿੰਘ - ਸੂਬਾ ਸਿੰਘ ਪੰਜਾਬ ਪੁਲਿਸ ਦਾ ਇੱਕ ਵਿਵਾਦਤ ਅਧਿਕਾਰੀ ਸੀ, ਜਿਸ ਦਾ ਨਾਂ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਖਾੜਕਵਾਦ ਦੇ ਸਮੇਂ ਫਰਜ਼ੀ ਮੁਕਾਬਲਿਆਂ ਅਤੇ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਗਵਾ ਕਰਕੇ ਲਾਪਤਾ ਕਰਨ ਦੇ ਮਾਮਲਿਆਂ ਵਿੱਚ ਸਾਹਮਣੇ ਆਇਆ। ਮਨੁੱਖੀ ਅਧਿਕਾਰ ਵਕੀਲ ਸਰਬਜੀਤ ਸਿੰਘ ਵੇਰਕਾ ਦੇ ਅਨੁਸਾਰ, ਸੂਬਾ ਸਿੰਘ ਦੇ ਖ਼ਿਲਾਫ਼ ਲਗਭਗ 100 ਅਜਿਹੇ ਮਾਮਲੇ ਸਨ, ਜਿਨ੍ਹਾਂ ਵਿੱਚੋਂ ਸਿਰਫ਼ ਸੱਤ ਦੀ



ਜਾਂਚ ਹੋਈ ਅਤੇ ਛੇ ਵਿੱਚ ਉਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ।

1993 ਵਿੱਚ ਤਰਨਤਾਰਨ ਦੇ ਫਰਜ਼ੀ ਮੁਕਾਬਲਿਆਂ ਦੇ ਮਾਮਲੇ ਵਿੱਚ ਸੂਬਾ ਸਿੰਘ ਨੂੰ ਸੀਬੀਆਈ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਕੇਸ ਵਿੱਚ ਸੱਤ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਲੈ ਕੇ ਮਾਰਿਆ ਗਿਆ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਦੱਸ ਕੇ ਨਸ਼ਟ ਕਰ ਦਿੱਤਾ ਗਿਆ ਸੀ। ਇਸੇ ਤਰ੍ਹਾਂ, 1993 ਵਿੱਚ ਬਾਬਾ ਚਰਨ ਸਿੰਘ ਅਤੇ ਉਸ ਦੇ ਪਰਿਵਾਰ ਦੇ ਪੰਜ ਮੈਂਬਰਾਂ ਦੇ ਅਗਵਾ ਅਤੇ ਕਤਲ ਦੇ ਮਾਮਲੇ ਵਿੱਚ ਸੂਬਾ ਸਿੰਘ ਨੂੰ 10 ਸਾਲ ਦੀ ਸਜ਼ਾ ਹੋਈ ਸੀ। ਇਨ੍ਹਾਂ ਮਾਮਲਿਆਂ ਦੀ ਜਾਂਚ ਸੀਬੀਆਈ ਨੇ ਕੀਤੀ, ਅਤੇ ਸੂਬਾ ਸਿੰਘ ਨੂੰ ਗੰਭੀਰ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਸੀ। ਵਕੀਲ ਵੇਰਕਾ ਨੇ ਦੱਸਿਆ ਕਿ ਸੂਬਾ ਸਿੰਘ ਦੇ ਖ਼ਿਲਾਫ਼ ਜਾਂਚ ਅਤੇ ਸਜ਼ਾਵਾਂ ਲਈ 27 ਸਾਲ ਲੱਗੇ। ਬਾਬਾ ਚਰਨ ਸਿੰਘ ਦੀ ਪਤਨੀ ਸੁਰਜੀਤ ਕੌਰ ਨੇ 1997 ਵਿੱਚ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ, ਜਿਸ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜਾਂਚ ਸੀਬੀਆਈ ਨੂੰ ਸੌਂਪੀ।

ਸੰਦੀਪ ਸਿੰਘ ਸੰਨੀ: ਸਿੱਖ ਨੌਜਵਾਨਾਂ ਦਾ ਹੀਰੋ-ਸੰਦੀਪ ਸਿੰਘ ਸੰਨੀ ਨੂੰ 2022 ਵਿੱਚ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਦੇ ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸੁਧੀਰ ਸੂਰੀ ਨੇ ਸਿੱਖ ਪੰਥ ਵਿਰੁੱਧ ਜ਼ਹਿਰੀਲੇ ਭਾਸ਼ਣ ਦਿੱਤੇ ਸਨ, ਜਿਸ ਕਾਰਨ ਸੰਨੀ ਨੇ ਉਸ 'ਤੇ ਹਮਲਾ ਕੀਤਾ। ਇਸ ਕਾਰਵਾਈ ਨੇ ਸੰਨੀ ਨੂੰ ਸਿੱਖ ਸਮਾਜ ਵਿੱਚ ਸਤਿਕਾਰ ਦਿਵਾਇਆ, ਅਤੇ ਸੋਸ਼ਲ ਮੀਡੀਆ 'ਤੇ ਉਸ ਨੂੰ 'ਨਿਰਭੈ ਸਿੱਖ' ਵਜੋਂ ਦੇਖਿਆ ਜਾਂਦਾ ਹੈ। ਪਟਿਆਲਾ ਜੇਲ੍ਹ ਵਿੱਚ ਸਾਬਕਾ ਪੁਲਿਸ ਅਧਿਕਾਰੀਆਂ ਨਾਲ ਝੜਪ ਨੇ ਸੰਨੀ ਦੀ ਸਾਖ ਨੂੰ ਹੋਰ ਵਧਾਇਆ। ਸੋਸ਼ਲ ਮੀਡੀਆ 'ਤੇ ਸਿੱਖ ਨੌਜਵਾਨ ਉਸ ਨੂੰ ਹੀਰੋ ਮੰਨਦੇ ਹਨ, ਕਿਉਂਕਿ ਉਸ ਨੇ ਉਨ੍ਹਾਂ ਅਧਿਕਾਰੀਆਂ ਦਾ ਮੁਕਾਬਲਾ ਕੀਤਾ, ਜੋ 1990 ਦੇ ਦਹਾਕੇ ਵਿੱਚ ਸਿੱਖ ਨੌਜਵਾਨਾਂ 'ਤੇ ਜ਼ੁਲਮ ਕਰਨ ਦੇ ਦੋਸ਼ੀ ਸਨ।

ਸੰਦੀਪ ਸਿੰਘ 'ਤੇ ਤਸ਼ੱਦਦ ਦੇ ਦੋਸ਼-ਸੰਦੀਪ ਸਿੰਘ ਦੇ ਪਰਿਵਾਰ ਅਤੇ ਵਕੀਲ ਨੇ ਦਾਅਵਾ ਕੀਤਾ ਕਿ ਜੇਲ੍ਹ ਵਿੱਚ ਸੰਨੀ 'ਤੇ ਸਾਬਕਾ ਪੁਲਿਸ ਅਧਿਕਾਰੀਆਂ ਅਤੇ ਜੇਲ੍ਹ ਪ੍ਰਸ਼ਾਸਨ ਨੇ ਤਸ਼ੱਦਦ ਕੀਤਾ। ਸੰਨੀ ਦੀ ਮੈਡੀਕਲ ਰਿਪੋਰਟ ਵਿੱਚ 11 ਸੱਟਾਂ ਦੇ ਨਿਸ਼ਾਨ ਮਿਲੇ, ਅਤੇ ਡਾਕਟਰਾਂ ਨੇ ਸਿਰ ਦਾ ਸੀਟੀ ਸਕੈਨ ਅਤੇ ਐਕਸਰੇ ਕਰਵਾਉਣ ਦੀ ਸਿਫਾਰਸ਼ ਕੀਤੀ ਸੀ। ਸੰਨੀ ਦੇ ਵਕੀਲ ਘੁੰਮਣ ਭਰਾਵਾਂ ਨੇ ਦੋਸ਼ ਲਾਇਆ ਕਿ ਮੈਡੀਕਲ ਰਿਪੋਰਟ ਨੂੰ 8 ਦਿਨ ਦੇਰੀ ਨਾਲ ਜਾਰੀ ਕੀਤਾ ਗਿਆ ਤਾਂ ਜੋ ਸੰਨੀ 'ਤੇ ਹੋਏ ਤਸ਼ੱਦਦ ਦੀ ਜਾਣਕਾਰੀ ਲੁਕਾਈ ਜਾ ਸਕੇ। ਸੰਨੀ ਦੇ ਭਰਾ ਮਨਦੀਪ ਸਿੰਘ ਨੇ ਦੱਸਿਆ ਕਿ ਸਾਬਕਾ ਅਧਿਕਾਰੀ ਸੰਨੀ ਨੂੰ ਜੇਲ੍ਹ ਵਿੱਚ ਲਗਾਤਾਰ ਪਰੇਸ਼ਾਨ ਕਰਦੇ ਸਨ। "ਉਹ ਸੰਨੀ ਨੂੰ ਟਿੱਚਰਾਂ ਕਰਦੇ, ਘੂਰੀਆਂ ਮਾਰਦੇ ਅਤੇ ਮਾੜੇ-ਮਾੜੇ ਕਮੈਂਟ ਕਰਦੇ ਸਨ। ਅਸੀਂ ਜੇਲ੍ਹ ਸੁਪਰਡੈਂਟ ਨੂੰ ਸੰਨੀ ਦੀ ਬੈਰਕ ਬਦਲਣ ਲਈ ਕਿਹਾ ਸੀ, ਪਰ ਕੋਈ ਕਾਰਵਾਈ ਨਹੀਂ ਹੋਈ," ਮਨਦੀਪ ਨੇ ਕਿਹਾ। ਉਸ ਨੇ ਇਹ ਵੀ ਦੱਸਿਆ ਕਿ ਝੜਪ ਵਿੱਚ ਸੰਨੀ ਵੀ ਜ਼ਖਮੀ ਹੋਇਆ ਅਤੇ ਉਸ ਦੀ ਹਾਲਤ ਗੰਭੀਰ ਹੈ।

ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸੰਨੀ 'ਤੇ ਹੋਏ ਤਸ਼ੱਦਦ ਦੀ ਜਾਂਚ ਦੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਜੇ ? ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਜਾਂਚ ਨਾ ਹੋਈ ਤਾਂ ਪੰਥਕ ਤੌਰ 'ਤੇ ਸਖ਼ਤ ਕਦਮ ਚੁੱਕੇ ਜਾਣਗੇ।

ਸੰਦੀਪ ਸਿੰਘ ਸਨੀ 'ਤੇ ਜੇਲ੍ਹ ਅੰਦਰ ਕਥਿਤ ਤਸ਼ੱਦਦ 'ਤੇ ਚਿੰਤਾ ਪ੍ਰਗਟ ਕਰਦਿਆਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਇਸ ਵਰਤਾਰੇ ਨੂੰ ਨਿੰਦਣਯੋਗ ਕਰਾਰ ਦਿੱਤਾ। ਸਿੰਘ ਸਾਹਿਬ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੇ ਕਤਲੇਆਮ ਦੇ ਦੋਸ਼ਾਂ ਤਹਿਤ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਸਾਬਕਾ ਪੁਲੀਸ ਅਧਿਕਾਰੀਆਂ ਤੇ ਜੇਲ੍ਹ ਪ੍ਰਸ਼ਾਸਨ ਦੀ ਮਿਲੀਭੁਗਤ ਵੀ ਇਸ ਤਸ਼ੱਦਦ ਦੀ ਘਟਨਾ ਨੇ ਸਾਹਮਣੇ ਲਿਆਂਦੀ ਹੈ। ਪੂਰੇ ਮਾਮਲੇ ਨੂੰ ਦੱਬੀ ਰੱਖਣ ਦੇ ਮਕਸਦ ਨਾਲ ਹੀ ਭਾਈ ਸਨੀ ਨੂੰ ਪਟਿਆਲਾ ਤੋਂ ਸੰਗਰੂਰ ਜੇਲ੍ਹ ਤਬਦੀਲ ਕੀਤਾ ਗਿਆ। ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਨਾਲ ਅਜਿਹੇ ਵਰਤਾਰੇ 'ਤੇ ਸਿੱਖ ਕੌਮ ਚੁੱਪ ਨਹੀਂ ਬੈਠੇਗੀ। ਉਨ੍ਹਾਂ ਕਿਹਾ ਕਿ ਸੂਬੇ ਦੇ ਜੇਲ੍ਹ ਮੰਤਰੀ ਇਸ ਸਮੁੱਚੇ ਮਾਮਲੇ ਦੀ ਗੰਭੀਰਤਾ ਨਾਲ ਨਿਰਪੱਖ ਜਾਂਚ ਕਰਵਾਉਣ ਅਤੇ ਤਸ਼ੱਦਦ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਠੋਸ ਕਾਰਵਾਈ ਅਮਲ ਵਿੱਚ ਲਿਆਉਣ।

ਸੰਨੀ ਦੇ ਪਰਿਵਾਰ ਅਤੇ ਵਕੀਲ ਦਾ ਕਹਿਣਾ ਹੈ ਕਿ ਜੇਲ੍ਹ ਪ੍ਰਸ਼ਾਸਨ ਦੀ ਨਾਕਾਮੀ ਕਾਰਨ ਇਹ ਘਟਨਾ ਵਾਪਰੀ। ਸੰਨੀ ਨੂੰ ਸਾਬਕਾ ਅਧਿਕਾਰੀਆਂ ਵੱਲੋਂ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਸੀ, ਅਤੇ ਜੇਲ੍ਹ ਅਧਿਕਾਰੀਆਂ ਨੇ ਸੁਰੱਖਿਆ ਦੇਣ ਵਿੱਚ ਅਣਗਹਿਲੀ ਵਰਤੀ। ਸੰਦੀਪ ਸਿੰਘ ਦੇ ਭਰਾ ਮਨਦੀਪ ਸਿੰਘ ਨੇ ਕਿਹਾ, "ਜੇ ਜੇਲ੍ਹ ਸੁਪਰਡੈਂਟ ਨੇ ਸਾਡੀ ਬੇਨਤੀ ਮੰਨ ਕੇ ਸੰਨੀ ਦੀ ਬੈਰਕ ਬਦਲ ਦਿੱਤੀ ਹੁੰਦੀ, ਤਾਂ ਇਹ ਨਾ ਵਾਪਰਦਾ।"

ਸੰਦੀਪ ਸਿੰਘ ਦੇ ਵਕੀਲ ਐਡਵੋਕੇਟ ਹਰਪ੍ਰੀਤ ਸਿੰਘ ਨੇ ਝੜਪ ਨੂੰ ਆਤਮਰੱਖਿਆ ਦਾ ਮਾਮਲਾ ਦੱਸਿਆ। "ਸੰਨੀ ਨੂੰ ਤਿੰਨ ਸਾਬਕਾ ਪੁਲਿਸ ਅਧਿਕਾਰੀਆਂ ਨੇ ਘੇਰ ਲਿਆ ਸੀ। ਉਹ ਉਸ ਨੂੰ ਮਾਰਨ ਦੀ ਤਿਆਰੀ ਵਿੱਚ ਸਨ। ਸੰਨੀ ਨੇ ਆਪਣੀ ਜਾਨ ਬਚਾਉਣ ਲਈ ਲੋਹੇ ਦੀ ਪਾਈਪ ਨਾਲ ਹਮਲਾ ਕੀਤਾ। ਇਹ ਯੋਜਨਾਬੱਧ ਅਪਰਾਧ ਨਹੀਂ, ਸਗੋਂ ਜੇਲ੍ਹ ਪ੍ਰਸ਼ਾਸਨ ਦੀ ਨਾਕਾਮੀ ਦਾ ਨਤੀਜਾ ਹੈ," ਵਕੀਲ ਨੇ ਕਿਹਾ। ਉਨ੍ਹਾਂ ਨੇ ਅਦਾਲਤ ਵਿੱਚ ਮਾਮਲੇ ਨੂੰ ਜ਼ੋਰਦਾਰ ਢੰਗ ਨਾਲ ਲੜਨ ਦਾ ਐਲਾਨ ਕੀਤਾ।

ਦੂਜੇ ਪਾਸੇ, ਜੇਲ੍ਹ ਪ੍ਰਸ਼ਾਸਨ ਅਤੇ ਪੁਲਿਸ ਦਾ ਕਹਿਣਾ ਹੈ ਕਿ ਸੰਨੀ ਨੇ ਯੋਜਨਾਬੱਧ ਢੰਗ ਨਾਲ ਹਮਲਾ ਕੀਤਾ। ਪਰ ਸੰਨੀ ਦੀ ਮੈਡੀਕਲ ਰਿਪੋਰਟ ਅਤੇ ਉਸ 'ਤੇ ਹੋਏ ਤਸ਼ੱਦਦ ਦੇ ਦੋਸ਼ ਜੇਲ੍ਹ ਪ੍ਰਸ਼ਾਸਨ ਦੀ ਭੂਮਿਕਾ 'ਤੇ ਸਵਾਲ ਉਠਾਉਂਦੇ ਹਨ। ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ 72 ਘੰਟਿਆਂ ਵਿੱਚ ਜਾਂਚ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ, ਅਤੇ ਸਪੱਸ਼ਟ ਕੀਤਾ ਹੈ ਕਿ ਜੇਕਰ ਪ੍ਰਸ਼ਾਸਨੀ ਨਾਕਾਮੀ ਸਾਬਤ ਹੋਈ, ਤਾਂ ਸਖ਼ਤ ਕਾਰਵਾਈ ਹੋਵੇਗੀ।

ਅਦਾਲਤ ਦਾ ਸਖ਼ਤ ਰੁਖ-ਪਟਿਆਲਾ ਦੀ ਜ਼ਿਲ੍ਹਾ ਅਦਾਲਤ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਅਦਾਲਤ ਨੇ ਸੰਨੀ ਨੂੰ 14 ਦਿਨਾਂ ਦੀ ਜੁਡੀਸ਼ੀਅਲ ਕਸਟਡੀ ਵਿੱਚ ਭੇਜਿਆ ਅਤੇ ਜੇਲ੍ਹ ਵਿੱਚ ਸੁਰੱਖਿਆ ਵਧਾਉਣ ਲਈ ਵਿਸ਼ੇਸ਼ ਸੈੱਲ ਬਣਾਉਣ ਦੇ ਹੁਕਮ ਦਿੱਤੇ। ਜੱਜ ਨੇ ਜੇਲ੍ਹ ਸੁਪਰਡੈਂਟ ਦੀ ਅਣਗਹਿਲੀ 'ਤੇ ਵੀ ਸਖ਼ਤ ਨੋਟਿਸ ਲਿਆ, ਜਿਸ ਨੇ ਵੀਡੀਓ ਕਾਨਫਰੰਸਿੰਗ ਦੌਰਾਨ ਸੰਨੀ ਦੀ ਹਾਲਤ ਦੇਖਣ ਤੋਂ ਬਾਅਦ ਤੁਰੰਤ ਇਲਾਜ ਦੇ ਹੁਕਮ ਦਿੱਤੇ ਸਨ, ਪਰ ਅਧਿਕਾਰੀਆਂ ਨੇ ਇਸ ਨੂੰ ਨਜ਼ਰਅੰਦਾਜ਼ ਕੀਤਾ ਸੀ। ਸੰਨੀ ਦੇ ਪਰਿਵਾਰ ਨੂੰ ਉਮੀਦ ਹੈ ਕਿ ਅਦਾਲਤ ਤੋਂ ਨਿਆਂ ਮਿਲੇਗਾ ਅਤੇ ਸੰਨੀ ਦੀ ਆਤਮਰੱਖਿਆ ਦਾ ਦਾਅਵਾ ਸਾਬਤ ਹੋਵੇਗਾ।

## ਸੂਬਾ ਸਿੰਘ ਦੀ ਲਾਸ਼ ਤੋਂ ਪਰਿਵਾਰ ਦਾ ਇਨਕਾਰ

ਸੂਬਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਨੇ ਲਾਸ਼ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੂਬਾ ਸਿੰਘ ਦੇ ਰਿਸ਼ਤੇਦਾਰ ਮਨਜੀਤ ਸਿੰਘ ਅਤੇ ਗੁਰਮੁੱਖ ਸਿੰਘ ਨੇ ਕਿਹਾ, "ਅਸੀਂ ਇੱਕ ਅਪਰਾਧੀ ਦੀ ਲਾਸ਼ ਨਹੀਂ ਲਵਾਂਗੇ।" ਉਨ੍ਹਾਂ ਨੇ ਪੁਲਿਸ ਨੂੰ ਲਾਸ਼ ਦਾ ਨਿਪਟਾਰਾ ਕਰਨ ਲਈ ਕਿਹਾ। ਨਤੀਜੇ ਵਜੋਂ, ਪੁਲਿਸ ਨੇ ਲਾਸ਼ ਦਾ ਅੰਤਿਮ ਸਸਕਾਰ ਕਰ ਦਿੱਤਾ। ਇਸ ਦੇ ਨਾਲ ਹੀ, ਪੁਲਿਸ ਪਰਿਵਾਰ ਵੈਲਫੇਅਰ ਐਸੋਸੀਏਸ਼ਨ ਨੇ ਵੀ ਸੂਬਾ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ।

# ਪੰਜਾਬ ਦੀ ਪਛਾਣ 'ਤੇ ਸੰਕਟ ਦਾ ਮਾਮਲਾ: ਪ੍ਰਵਾਸੀ ਭਈਆਂ ਵਿਰੁੱਧ ਸਖ਼ਤ ਕਾਨੂੰਨ ਦੀ ਮੰਗ

ਕਵਰ ਸਟੋਰੀ

**✪ ਹੁਸ਼ਿਆਰਪੁਰ ਘਟਨਾ: ਮਾਸੂਮ ਦੇ ਕਤਲ ਨੇ ਭੜਕਾਇਆ ਪੰਜਾਬੀਆਂ ਦਾ ਗੁੱਸਾ ✪ ਕਈ ਕਿਸਾਨ ਯੂਨੀਅਨਾਂ ਪੰਜਾਬੀ ਸੰਘਰਸ਼ ਵਿਰੁੱਧ ਭੁਗਤਣ ਲਗੀਆਂ? ✪ ਸਿਆਸੀ ਮੀਸਨੀ ਚੁੱਪ ਅਤੇ ਪੁਲਿਸ ਬਣੀ ਬੁਤ: ਪੰਜਾਬ ਦੀ ਜਨਤਾ ਦੀ ਅਵਾਜ਼ ਕਦੋਂ ਸੁਣੀ ਜਾਵੇਗੀ?**



ਪੰਜਾਬ, ਅੱਜ ਇੱਕ ਅਜਿਹੇ ਸੰਘਰਸ਼ ਦੇ ਮੋੜ 'ਤੇ ਖੜ੍ਹਾ ਹੈ, ਜਿੱਥੇ ਸਥਾਨਕ ਪੰਜਾਬੀਆਂ ਅਤੇ ਪ੍ਰਵਾਸੀ ਮਜ਼ਦੂਰਾਂ ਵਿਚਕਾਰ ਤਣਾਅ ਵਧਦਾ ਜਾ ਰਿਹਾ ਹੈ। ਹੁਸ਼ਿਆਰਪੁਰ ਵਿੱਚ 9 ਸਤੰਬਰ 2025 ਨੂੰ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਪੰਜ ਸਾਲ ਦੇ ਮਾਸੂਮ ਬੱਚੇ ਹਰਬੀਰ ਸਿੰਘ ਦੀ ਅਗਵਾ ਤੋਂ ਬਾਅਦ ਬੇਰਹਿਮੀ ਨਾਲ ਕਤਲ ਦੀ ਘਟਨਾ ਨੇ ਇਸ ਅੱਗ ਨੂੰ ਹੋਰ ਹਵਾ ਦਿੱਤੀ ਸੀ। ਇਸ ਘਟਨਾ ਨੇ ਪੰਜਾਬ ਦੇ ਸਮਾਜਿਕ ਤੇ ਸਿਆਸੀ ਮਾਹੌਲ ਨੂੰ ਤੇਜ਼ੀ ਨਾਲ ਬਦਲ ਦਿੱਤਾ, ਜਿਸ ਨਾਲ ਸਿੱਖ, ਕਿਸਾਨ, ਹਿੰਦੂ ਭਾਈਚਾਰੇ, ਸਮਾਜਿਕ ਅਤੇ ਦਲਿਤ ਜਥੇਬੰਦੀਆਂ ਨੇ ਪੰਜਾਬ ਸਰਕਾਰ ਤੋਂ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕੀਤੀ। ਪਰ, ਇਸ ਸੰਘਰਸ਼ ਦੇ ਵਿਚਕਾਰ ਕੁਝ ਕਿਸਾਨ ਯੂਨੀਅਨਾਂ, ਖਾਸ ਕਰਕੇ ਕੁਝ ਕੁ ਖੱਬੇ ਪੱਖੀ ਸਮੂਹਾਂ ਦਾ ਵਿਰੋਧ ਸਾਹਮਣੇ ਆਇਆ, ਜਿਸ ਨੇ ਪੰਜਾਬੀਆਂ ਦੇ ਸੰਘਰਸ਼ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਖੜ੍ਹਾ ਕੀਤਾ।

### ਹੁਸ਼ਿਆਰਪੁਰ ਘਟਨਾ: ਪੰਜਾਬੀਆਂ ਦਾ ਗੁੱਸਾ ਉਬਲਿਆ

ਬੀਤੇ ਦਿਨੀਂ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਮਜ਼ਦੂਰ 'ਤੇ ਪੰਜ ਸਾਲ ਦੇ ਬੱਚੇ ਨੂੰ ਅਗਵਾ ਕਰਕੇ ਉਸ ਦੀ ਹੱਤਿਆ ਦਾ ਇਲਜ਼ਾਮ ਲੱਗਣ ਤੋਂ ਬਾਅਦ, ਸਥਾਨਕ ਲੋਕਾਂ ਵਿੱਚ ਪ੍ਰਵਾਸੀਆਂ ਪ੍ਰਤੀ ਗੁੱਸਾ ਭੜਕ ਉੱਠਿਆ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਮਿਥਕ ਬੱਚੇ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਸਮਾਗਮ ਹੋਇਆ, ਜਿਸ ਵਿੱਚ ਸਿੱਖ ਜਥੇਬੰਦੀਆਂ ਜਿਵੇਂ ਤਰਨਾ ਦਲ, ਦਲ ਖ਼ਾਲਸਾ, ਆਵਾਜ਼-ਏ-ਕੌਮ, ਅਤੇ ਕਿਸਾਨ ਸੰਗਠਨਾਂ ਜਿਵੇਂ ਭਾਰਤੀ ਕਿਸਾਨ ਯੂਨੀਅਨ ਦੋਆਬਾ, ਕੰਢੀ ਕਿਸਾਨ ਯੂਨੀਅਨ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਅਤੇ ਕਾਤਲ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਕੀਤੀ।

ਇਸ ਤੋਂ ਇਲਾਵਾ, ਹੁਸ਼ਿਆਰਪੁਰ ਦੇ 27 ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕਰਕੇ ਐਲਾਨ ਕੀਤਾ ਕਿ ਕਨੂੰਨੀ ਦਸਤਾਵੇਜ਼ਾਂ ਬਿਨਾਂ ਪ੍ਰਵਾਸੀਆਂ ਨੂੰ ਪਿੰਡਾਂ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਬਜਵਾੜਾ ਪਿੰਡ ਦੀ ਪੰਚਾਇਤ ਨੇ ਇਸ ਦੀ ਅਗਵਾਈ ਕੀਤੀ, ਜਿਸ ਵਿੱਚ ਸਰਪੰਚ ਰਾਜੇਸ਼ ਕੁਮਾਰ ਨੇ ਸਪੱਸ਼ਟ ਕੀਤਾ ਕਿ ਪ੍ਰਵਾਸੀਆਂ ਨੂੰ ਪੰਜਾਬ ਸਰਕਾਰ ਦੁਆਰਾ ਜਾਰੀ ਪਛਾਣ ਪੱਤਰ ਜਿਵੇਂ ਆਧਾਰ ਜਾਂ ਪੈਨ ਕਾਰਡ ਦਿਖਾਉਣੇ ਪੈਣਗੇ।

### ਪੰਜਾਬੀਆਂ ਦੀਆਂ ਮੰਗਾਂ ਕੀ ਹਨ?

ਪੰਜਾਬ ਵਿੱਚ ਆਉਣ ਵਾਲੇ ਪ੍ਰਵਾਸੀਆਂ ਦੀ ਪਛਾਣ ਦੀ ਪੁਖਤਾ ਜਾਂਚ ਹੋਵੇ, ਜਿਸ ਵਿੱਚ ਆਧਾਰ, ਪੈਨ ਜਾਂ ਹੋਰ ਸਰਕਾਰੀ ਦਸਤਾਵੇਜ਼ ਸ਼ਾਮਲ ਹੋਣ।

ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਰਗੇ ਕਾਨੂੰਨ ਬਣਾਏ ਜਾਣ, ਜਿਨ੍ਹਾਂ ਵਿੱਚ ਪ੍ਰਵਾਸੀਆਂ ਨੂੰ ਜ਼ਮੀਨ ਖਰੀਦਣ, ਵੋਟਰ ਬਣਨ ਜਾਂ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ 'ਤੇ ਪਾਬੰਦੀ ਹੋਵੇ।

ਪ੍ਰਵਾਸੀਆਂ ਵੱਲੋਂ ਅਪਰਾਧਕ ਗਤੀਵਿਧੀਆਂ, ਜਿਵੇਂ ਕਤਲ, ਚੋਰੀ ਜਾਂ ਗੁੰਡਾਗਰਦੀ, ਨੂੰ ਰੋਕਣ ਲਈ ਸਖ਼ਤ ਕਾਰਵਾਈ ਹੋਵੇ।

ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਪਛਾਣ ਨੂੰ ਬਚਾਉਣ ਲਈ ਨੀਤੀਆਂ ਬਣਾਉਣ ਦੀ ਮੰਗ।

ਪੰਜਾਬੀਆਂ ਦੀ ਇਹ ਮੰਗਾਂ ਸਿਰਫ਼ ਹੁਸ਼ਿਆਰਪੁਰ ਦੀ ਘਟਨਾ ਨਾਲ ਸੀਮਤ ਨਹੀਂ, ਸਗੋਂ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੀ ਬਦਲਦੀ ਜਨਸੰਖਿਆ ਅਤੇ ਸਮਾਜਿਕ ਢਾਂਚੇ ਨਾਲ ਜੁੜੀਆਂ ਹੋਈਆਂ ਹਨ।

2015 ਦੇ ਸਰਵੇਖਣ ਮੁਤਾਬਕ, ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ 37 ਲੱਖ ਸੀ, ਅਤੇ ਕੋਵਿਡ ਮਹਾਮਾਰੀ ਦੌਰਾਨ 18 ਲੱਖ ਪ੍ਰਵਾਸੀਆਂ ਨੇ ਪੰਜਾਬ ਛੱਡ ਕੇ ਆਪਣੇ ਸੂਬਿਆਂ ਨੂੰ ਵਾਪਸ ਜਾਣ ਲਈ ਰਜਿਸਟਰਡ ਕੀਤਾ ਸੀ। ਇਸ ਤੋਂ ਸਪੱਸ਼ਟ ਹੈ ਕਿ ਪ੍ਰਵਾਸੀਆਂ ਦੀ ਵੱਡੀ ਆਬਾਦੀ ਪੰਜਾਬ ਦੀ ਅਰਥਵਿਵਸਥਾ ਦਾ ਅਹਿਮ ਹਿੱਸਾ ਹੈ, ਪਰ ਉਸੇ ਸਮੇਂ ਸਥਾਨਕ ਪੰਜਾਬੀਆਂ ਵਿੱਚ ਇਹ ਡਰ ਵੀ ਵਧ ਰਿਹਾ ਹੈ ਕਿ ਇਹ ਆਬਾਦੀ ਪੰਜਾਬ ਦੀ ਸਭਿਆਚਾਰਕ ਅਤੇ ਸਿਆਸੀ ਪਛਾਣ ਨੂੰ ਬਦਲ ਰਹੀ ਹੈ।

### ਕੁਝ ਕਿਸਾਨ ਯੂਨੀਅਨ ਲੀਡਰਸ਼ਿਪ ਵਲੋਂ ਪੰਜਾਬੀਆਂ ਦੇ ਸੰਘਰਸ਼ ਵਿਰੋਧ ਬਨਾਮ ਪੰਜਾਬ ਦੇ ਬੁਧੀਜੀਵੀ

ਕੁਝ ਕਿਸਾਨ ਯੂਨੀਅਨਾਂ ਦੇ ਲੀਡਰਾਂ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ ਆਦਿ ਨੇ ਪੰਜਾਬੀਆਂ ਦੀਆਂ ਮੰਗਾਂ ਦਾ ਵਿਰੋਧ ਕੀਤਾ। ਉਨ੍ਹਾਂ ਦਾ ਤਰਕ ਹੈ ਕਿ ਪ੍ਰਵਾਸੀ ਮਜ਼ਦੂਰ ਪੰਜਾਬ ਦੀ ਖੇਤੀ ਅਤੇ ਉਦਯੋਗ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਮੁਤਾਬਕ, ਪੰਜਾਬ ਦੀ ਅਰਥਵਿਵਸਥਾ ਪ੍ਰਵਾਸੀਆਂ ਤੋਂ ਬਿਨਾਂ ਚੱਲ ਨਹੀਂ ਸਕਦੀ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਪ੍ਰਵਾਸੀਆਂ ਨੂੰ ਵੋਟ ਬੈਂਕ ਵਜੋਂ ਵਰਤਣ ਲਈ ਸਿਆਸਤਦਾਨ ਉਨ੍ਹਾਂ ਨੂੰ ਸਥਾਈ ਤੌਰ 'ਤੇ ਪੰਜਾਬ ਵਿੱਚ ਵਸਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਸਮੱਸਿਆ ਦੀ ਜੜ੍ਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਇੱਕ ਅਜਿਹੇ ਮੋੜ 'ਤੇ ਹੈ, ਜਿੱਥੇ ਉਸ ਦੀ ਸਭਿਆਚਾਰਕ, ਸਿਆਸੀ ਅਤੇ ਆਰਥਿਕ ਸਥਿਤੀ ਚਿੰਤਾਜਨਕ ਹੈ। ਪ੍ਰਵਾਸੀਆਂ ਦੀ ਵਧਦੀ ਆਬਾਦੀ ਨੇ ਸਥਾਨਕ ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਘੱਟਗਿਣਤੀ ਵੱਲ ਧੱਕ ਦਿੱਤਾ ਹੈ। ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਹੋਂਦ 'ਤੇ ਖਤਰਾ ਮੰਡਰਾ ਰਿਹਾ ਹੈ। ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਪਲਾਇਣ ਕਰ ਰਹੇ ਹਨ, ਪਰ ਉਥੇ ਵੀ ਉਨ੍ਹਾਂ ਨੂੰ ਉਮੀਦ ਮੁਤਾਬਕ ਮੌਕੇ ਨਹੀਂ ਮਿਲ ਰਹੇ। ਪੰਜਾਬ ਵਿੱਚ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਨੇ ਨੌਜਵਾਨਾਂ ਵਿੱਚ ਨਿਰਾਸ਼ਾ ਵਧਾਈ ਹੈ।

ਬਿਊਰੋਕ੍ਰੇਸੀ ਵਿੱਚ ਵੀ ਪੰਜਾਬੀਆਂ ਦੀ ਨੁਮਾਇੰਦਗੀ ਘਟ ਰਹੀ ਹੈ। ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦਾ ਕੋਈ ਸਿੱਖ ਅਧਿਕਾਰੀ ਡੀਜੀਪੀ ਵਰਗੇ ਅਹਿਮ ਅਹੁਦੇ 'ਤੇ ਨਹੀਂ ਪਹੁੰਚ ਸਕਿਆ। ਇਸ ਦੇ ਨਾਲ ਹੀ, ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠ ਰਹੇ ਹਨ।

ਸਿੱਖ ਚਿੰਤਕ ਪਰਮਿੰਦਰ ਸਿੰਘ ਸ਼ੌਂਕੀ ਦਾ ਮੰਨਣਾ ਹੈ ਕਿ ਇਹ ਯੂਨੀਅਨ ਲੀਡਰ ਪੰਜਾਬੀਆਂ ਦੇ ਜਾਇਜ਼ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਸਰਕਾਰ ਅਤੇ ਪੁਲਿਸ ਦੇ ਪ੍ਰਵਾਸੀ ਅਫਸਰਾਂ ਦੀ ਸ਼ਹਿ 'ਤੇ ਕੰਮ ਕਰ ਰਹੇ ਹਨ। ਉਹ ਦੋਸ਼ ਲਾਉਂਦੇ ਹਨ ਕਿ ਪੁਲਿਸ ਦੇ ਕੁਝ ਅਫਸਰ, ਜੋ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਹਨ, ਆਪਣੀ ਰਿਟਾਇਰਮੈਂਟ ਤੋਂ ਬਾਅਦ ਰਾਜਨੀਤਕ ਜਮੀਨ ਤਿਆਰ ਕਰਨ ਲਈ ਪ੍ਰਵਾਸੀਆਂ ਨੂੰ ਬਿਨਾਂ ਵੈਰੀਫਿਕੇਸ਼ਨ ਦੇ ਪੰਜਾਬ ਵਿੱਚ ਵਸਾਉਣ ਵਿੱਚ ਮਦਦ ਕਰ ਰਹੇ ਹਨ।

ਪੰਜਾਬ ਨੂੰ ਬਚਾਉਣ ਲਈ ਸਮੇਂ ਦੀ ਮੁੱਖ ਲੋੜ ਹੈ-"ਏਕਤਾ, ਸਿਆਸੀ ਸੁਚੱਜਤਾ ਅਤੇ ਸਮਾਜਿਕ ਜਾਗਰੂਕਤਾ। ਜੇ ਅਸੀਂ ਹੁਣ ਵੀ ਨਾ ਜਾਗੇ, ਤਾਂ ਪੰਜਾਬ ਦੀ ਸਭਿਆਚਾਰਕ ਅਤੇ ਸਿਆਸੀ ਪਛਾਣ ਸੰਕਟ ਵਿੱਚ ਹੋਰ ਡੁੱਬ ਸਕਦੀ ਹੈ।"

ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪ੍ਰਵਾਸੀਆਂ ਦੀ ਵਧਦੀ ਆਬਾਦੀ ਨੂੰ ਪੰਜਾਬ ਦੀ ਜਨਸੰਖਿਆ ਅਤੇ ਸਭਿਆਚਾਰ ਲਈ ਖਤਰਾ ਦੱਸਿਆ। ਉਨ੍ਹਾਂ ਜਨਵਰੀ 2023 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਸੀ, ਜਿਸ ਵਿੱਚ ਹਿਮਾਚਲ ਅਤੇ ਉੱਤਰਾਖੰਡ ਵਰਗੇ ਕਾਨੂੰਨ ਬਣਾਉਣ ਦੀ ਮੰਗ ਸੀ। ਪਰ, ਆਮ ਆਦਮੀ ਪਾਰਟੀ (ਆਪ) ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੁੱਦੇ 'ਤੇ ਕੋਈ ਠੋਸ ਕਦਮ ਨਹੀਂ ਚੁੱਕਿਆ। ਮਾਨ ਨੇ ਸਿਰਫ਼ ਇਹ ਕਿਹਾ ਕਿ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣਾ ਸਹੀ ਨਹੀਂ, ਕਿਉਂਕਿ ਇਸ ਨਾਲ ਹੋਰ ਸੂਬਿਆਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਵੀ ਮੁਸ਼ਕਲ ਹੋ ਸਕਦੀ ਹੈ।

ਸੋ ਪੰਜਾਬੀਆਂ ਦੀ ਮੰਗ ਵਾਜਬ ਹੈ ਕਿ ਪ੍ਰਵਾਸੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਮਿਲੇ, ਪਰ ਉਨ੍ਹਾਂ ਦੀ ਪਛਾਣ ਦੀ ਪੁਖਤਾ ਜਾਂਚ ਹੋਵੇ। ਇਸ ਵੇਲੇ ਪੰਜਾਬ ਵਿਚ ਸਿਰਫ਼ ਹਿੰਦੂ, ਪ੍ਰਵਾਸੀ ਹੀ ਨਹੀਂ ਆ ਰਹੇ। ਯੂ.ਪੀ., ਬਿਹਾਰ ਤੇ ਮੱਧ ਪ੍ਰਦੇਸ਼ ਵਿਚ ਮੁਸਲਮਾਨਾਂ ਖਿਲਾਫ਼ ਮਾਹੌਲ ਬਣਨ ਕਰਕੇ ਮੁਸਲਿਮ ਪ੍ਰਵਾਸੀ ਵੀ ਵੱਡੀ ਗਿਣਤੀ ਵਿਚ ਇਥੇ ਆ ਕੇ ਵਸ ਰਹੇ ਹਨ। ਪੰਜਾਬ ਸਰਕਾਰ ਲਈ ਜ਼ਰੂਰੀ ਹੈ ਕਿ ਪੰਜਾਬ ਵਿਚ ਪੱਕੇ ਤੌਰ 'ਤੇ ਵਸਣ ਵਾਲੇ ਪ੍ਰਵਾਸੀਆਂ ਲਈ ਕੋਈ ਸ਼ਰਤਾਂ, ਨਿਯਮ ਬਣਾਏ ਜਾਣ। ਪੰਜਾਬ ਸਰਕਾਰ ਨੂੰ ਆਪਣੇ ਤੌਰ 'ਤ ਪੰਜਾਬ ਦੀ ਜਨਗਣਨਾ ਵੀ ਕਰਵਾਉਣੀ ਚਾਹੀਦੀ ਹੈ। ਦੂਸਰਾ ਪੰਜਾਬ ਵਿਚ ਜ਼ਮੀਨ ਖ਼ਰੀਦਣ ਲਈ ਕੁਝ ਪਾਬੰਦੀਆਂ, ਜਿਵੇਂ ਕਿ ਦੇਸ਼ ਦੇ ਕਈ ਰਾਜਾਂ ਹਿਮਾਚਲ, ਸਿੱਕਮ, ਨਾਗਾਲੈਂਡ, ਉੱਤਰਾਖੰਡ, ਅਰੁਣਾਚਲ ਪ੍ਰਦੇਸ਼ ਵਿਚ ਜੰਮੂ-ਕਸ਼ਮੀਰ ਵਿਚ ਧਾਰਾ 370 ਹਟਣ ਤੋਂ ਬਾਅਦ ਵੀ ਹਨ, ਹੋਣੀਆਂ ਚਾਹੀਦੀਆਂ ਹਨ। ਗੁਜਰਾਤ ਵਿਚ ਵੀ ਖੇਤੀ ਵਾਲੀ ਜ਼ਮੀਨ ਖ਼ਰੀਦਣ 'ਤੇ ਕਈ ਪਾਬੰਦੀਆਂ ਹਨ।

ਪੰਜਾਬ ਨੂੰ ਆਪਣੀ ਡੈਮੋਗ੍ਰਾਫ਼ੀ ਬਚਾਉਣ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ ਅਤੇ ਪੰਜਾਬ ਵਿਚ ਵਸਣ ਵਾਲੇ ਪ੍ਰਵਾਸੀਆਂ ਦਾ ਪਿਛੋਕੜ ਵੀ ਜਾਂਚਣਾ ਚਾਹੀਦਾ ਹੈ, ਜਿਹੜੇ ਜ਼ਰਾਇਮ-ਪੇਸ਼ਾ ਲੋਕ ਹਨ, ਉਨ੍ਹਾਂ ਨੂੰ ਵਸਣ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ। ਪਰ ਸਾਰੇ ਪ੍ਰਵਾਸੀਆਂ ਨੂੰ ਭਜਾ ਦੇਣ ਦੀ ਸੋਚ ਗੁਰੂ ਸਾਹਿਬ ਦੀ ਸਿੱਖਿਆ ਤੇ ਪੰਜਾਬੀਅਤ ਦੀ ਸੋਚ ਨਾਲ ਮੇਲ ਨਹੀਂ ਖਾਂਦੀ, ਇਹ ਪੰਜਾਬ ਦੀ ਆਰਥਿਕਤਾ ਲਈ ਵੀ ਘਾਤਕ ਸਿੱਧ ਹੋਵੇਗੀ।

ਪੰਜਾਬ ਉਪਰ ਅਧਿਕਾਰ ਪੰਜਾਬੀਆਂ ਦਾ ਹੋਵੇ। ਇਹ ਮੰਗ ਸੰਵਿਧਾਨਕ ਹੈ ਅਤੇ ਪੰਜਾਬ ਦੀ ਸਭਿਆਚਾਰਕ ਪਛਾਣ ਨੂੰ ਬਚਾਉਣ ਦੀ ਕੋਸ਼ਿਸ਼ ਹੈ। ਪਰ, ਸਿਆਸੀ ਪਾਰਟੀਆਂ ਦੀ ਚੁੱਪ ਅਤੇ ਕੁਝ ਕੁ ਕਿਸਾਨ ਯੂਨੀਅਨਾਂ ਦਾ ਵਿਰੋਧ ਇਸ ਸੰਘਰਸ਼ ਅਗੇ ਅੜਿਕਾ ਬਣ ਰਿਹਾ ਹੈ।

ਮਾਮਲਾ ਦਿਸ਼ਾ ਪਾਟਨੀ ਦੇ ਘਰ 'ਤੇ ਗੋਲੀਬਾਰੀ ਦਾ

# ਗੋਲਡੀ ਬਰਾੜ ਗਰੋਹ ਨੇ ਪੁਲਿਸ ਨਾਲ ਮੁਕਾਬਲੇ ਤੋਂ ਬਾਅਦ ਜਾਰੀ ਕੀਤੀ ਧਮਕੀ

ਲਖਨਊ/ਗਾਜ਼ੀਆਬਾਦ-ਬਾਲੀਵੁੱਡ ਅਦਾਕਾਰਾ ਦਿਸ਼ਾ ਪਾਟਨੀ ਦੇ ਬਰੇਲੀ ਵਿਖੇ ਜੱਦੀ ਘਰ ਦੇ ਬਾਹਰ ਹੋਈ ਗੋਲੀਬਾਰੀ ਦੇ ਦੋ ਗੈਂਗਸਟਰਾਂ ਨੂੰ ਯੂਪੀ ਪੁਲਿਸ ਨਾਲ ਮੁਕਾਬਲੇ ਵਿੱਚ ਮਾਰੇ ਜਾਣ ਤੋਂ ਇੱਕ ਦਿਨ ਬਾਅਦ ਹੀ ਗੋਲਡੀ ਬਰਾੜ ਗਰੋਹ ਨੇ ਸੋਸ਼ਲ ਮੀਡੀਆ ਰਾਹੀਂ ਨਵੀਂ ਧਮਕੀ ਜਾਰੀ ਕੀਤੀ।

ਗਿਰੋਹ ਦੇ ਮੈਂਬਰ ਰੋਹਿਤ ਗੋਦਾਰਾ ਨੇ ਫੇਸਬੁੱਕ ਤੇ ਇੱਕ ਪੋਸਟ ਸਾਂਝੀ ਕੀਤੀ ਹੈ, ਜਿਸ ਵਿੱਚ ਮਾਰੇ ਗਏ ਦੋਹਾਂ ਨੂੰ 'ਸ਼ਹੀਦ' ਕਹਿ ਕੇ ਸੋਗ ਪ੍ਰਗਟ ਕੀਤਾ ਗਿਆ ਅਤੇ ਚੇਤਾਵਨੀ ਦਿੱਤੀ ਗਈ ਕਿ ਇਸ ਘਟਨਾ ਵਿੱਚ ਸ਼ਾਮਲ ਹਰ ਵਿਅਕਤੀ ਨੂੰ - ਭਾਵੇਂ ਉਹ ਅਮੀਰ ਹੋਵੇ ਜਾਂ ਪੁਲਿਸ ਅਧਿਕਾਰੀ - ਮਾਫ਼ ਨਹੀਂ ਕੀਤਾ ਜਾਵੇਗਾ।

ਪੋਸਟ ਵਿੱਚ ਗੋਦਾਰਾ ਨੇ ਹਿੰਦੀ ਵਿੱਚ ਲਿਖਿਆ, "ਤੁਸੀਂ ਇੱਕ ਪਾਸੇ 'ਸਨਾਤਨ' ਬਾਰੇ ਚੀਕਦੇ ਹੋ, ਅਤੇ ਫਿਰ ਸਨਾਤਨ ਲਈ ਲੜਨ ਵਾਲੇ ਲੋਕਾਂ ਨੂੰ ਮਾਰ ਦਿੱਤਾ ਜਾਂਦਾ ਹੈ। ਇਹ ਜਾਇਜ਼ ਨਹੀਂ ਹੈ।"

ਉਹ ਅੱਗੇ ਧਮਕੀ ਦਿੰਦੇ ਹੋਏ ਬੋਲੇ, "ਜੋ ਵੀ ਇਸ ਵਿੱਚ ਸ਼ਾਮਲ ਹੈ, ਭਾਵੇਂ ਉਹ ਅਮੀਰ ਹੋਵੇ ਜਾਂ ਸ਼ਕਤੀਸ਼ਾਲੀ, ਉਨ੍ਹਾਂ ਨੂੰ ਮਾਫ਼ ਨਹੀਂ ਕੀਤਾ ਜਾਵੇਗਾ, ਭਾਵੇਂ ਇਸ ਵਿੱਚ ਕਿੰਨਾ ਵੀ ਸਮਾਂ ਲੱਗੇ।" ਇਹ ਪੋਸਟ ਗੋਲਡੀ ਬਰਾੜ ਗਰੋਹ ਵੱਲੋਂ ਘਟਨਾ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਵੀ ਆਈ ਹੈ, ਜਿਸ ਨੇ ਪਹਿਲਾਂ ਹੀ ਦਿਸ਼ਾ ਅਤੇ ਉਸਦੀ ਭੈਣ ਖੁਸ਼ਬੂ ਨੂੰ ਸੰਤ ਪ੍ਰੇਮਾਨੰਦ ਮਹਾਰਾਜ ਅਤੇ ਅਨਿਰੁੱਧਾਚਾਰਯ ਮਹਾਰਾਜ ਵਿਰੁੱਧ ਕਥਿਤ ਟਿੱਪਣੀਆਂ ਕਾਰਨ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਸੀ।



### ਘਟਨਾ ਦਾ ਪਿਛੋਕੜ: ਬਰੇਲੀ ਵਿੱਚ ਡਰਾਉਣੀ ਰਾਤ

12 ਸਤੰਬਰ 2025 ਨੂੰ ਰਾਤ ਦੌਰਾਨ ਬਰੇਲੀ ਦੇ ਸਿਵਲ ਲਾਈਨਜ਼ ਖੇਤਰ ਵਿੱਚ ਦਿਸ਼ਾ ਪਾਟਨੀ ਦੇ ਜੱਦੀ ਘਰ ਦੇ ਬਾਹਰ ਦੋ ਬਾਈਕ ਸਵਾਰ ਹਮਲਾਵਰਾਂ ਨੇ ਲਗਾਤਾਰ 9 ਤੋਂ 15 ਗੋਲੀਆਂ ਮਾਰੀਆਂ ਸਨ। ਘਰ ਵਿੱਚ ਉਸ ਵੇਲੇ ਦਿਸ਼ਾ ਦੇ ਪਿਤਾ ਜਗਦੀਸ਼ ਪਾਟਨੀ (ਰਿਟਾਇਰਡ ਡੀਐਸਪੀ), ਮਾਂ ਪਦਮਾ ਅਤੇ ਵੱਡੀ ਭੈਣ ਖੁਸ਼ਬੂ ਮੌਜੂਦ ਸਨ। ਚੰਗੀ ਗੱਲ ਇਹ ਰਹੀ ਕਿ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਿਆ, ਪਰ ਘਟਨਾ ਨੇ ਪੂਰੇ ਖੇਤਰ ਵਿੱਚ ਡਰ ਪੈਦਾ ਕਰ ਦਿੱਤਾ।

ਸੀਸੀਟੀਵੀ ਫੁਟੇਜ ਵਿੱਚ ਦਿਖਾਈ ਦੇਣ ਵਾਲੇ ਹਮਲਾਵਰਾਂ ਨੂੰ ਤੁਰੰਤ ਪਛਾਣ ਲਈ ਗਈ ਯੂਪੀ ਪੁਲਿਸ ਨੇ ਬਰੇਲੀ ਐਸਐਸਪੀ ਨੇ 5 ਟੀਮਾਂ ਬਣਾ ਕੇ ਖੋਜ ਸ਼ੁਰੂ ਕੀਤੀ। ਯੂਪੀ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਨਿੱਜੀ ਤੌਰ ਤੇ ਜਗਦੀਸ਼ ਪਾਟਨੀ ਨਾਲ ਗੱਲ ਕਰਕੇ ਕੇਸ ਨੂੰ ਜਲਦੀ ਹੱਲ ਕਰਨ ਅਤੇ ਸੁਰੱਖਿਆ ਵਧਾਉਣ ਦੇ ਹੁਕਮ ਦਿੱਤੇ ਸਨ।

### ਪੁਲਿਸ ਨੇ ਕਿਉਂ ਗੋਲੀ ਮਾਰੀ?

17 ਸਤੰਬਰ ਨੂੰ ਗਾਜ਼ੀਆਬਾਦ ਦੇ ਟ੍ਰੋਨੀਕਾ ਸਿਟੀ ਨੇੜੇ ਹਰਿਆਣਾ ਐਸਟੀਐਫ, ਦਿੱਲੀ ਪੁਲਿਸ ਸਪੈਸ਼ਲ ਸੈੱਲ ਅਤੇ ਯੂਪੀ ਐਸਟੀਐਫ ਦੀ ਸਾਂਝੇ ਓਪਰੇਸ਼ਨ ਵਿੱਚ ਗੋਲੀਬਾਰੀ ਸ਼ੁਰੂ ਹੋ ਗਈ। ਗੈਂਗਸਟਰਾਂ ਨੇ ਪੁਲਿਸ ਤੇ ਗੋਲੀਆਂ ਚਲਾਈਆਂ, ਜਿਸ ਨਾਲ ਟੱਕਰ ਵਿੱਚ ਦੋਹਾਂ ਨੂੰ ਗੰਭੀਰ ਜ਼ਖਮੀ ਹੋ ਗਏ ਅਤੇ ਹਸਪਤਾਲ ਵਿੱਚ ਮੌਤ ਹੋ ਗਈ। ਮਾਰੇ ਗਏ ਦੋਹਾਂ ਦੀ ਪਛਾਣ ਰੋਹਤਕ (ਹਰਿਆਣਾ) ਦੇ ਰਵਿੰਦਰ ਅਲੀਆਸ ਕੱਲੂ ਅਤੇ ਸੋਨੀਪਤ (ਹਰਿਆਣਾ) ਦੇ ਅਰੁਣ ਵਜੋਂ ਹੋਈ। ਉਹ ਦੋਹਾਂ ਰੋਹਿਤ ਗੋਦਾਰਾ-ਗੋਲਡੀ ਬਰਾੜ ਗਰੋਹ ਦੇ ਐਕਟਿਵ ਮੈਂਬਰ ਸਨ ਅਤੇ ਕਈ ਕੇਸਾਂ ਵਿੱਚ ਫਰਾਰ ਸਨ।

ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਟੱਕਰ ਗਰੋਹ ਨੂੰ ਤੋੜਨ ਅਤੇ ਉੱਤਰ ਪ੍ਰਦੇਸ਼ ਵਿੱਚ ਡਰ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਨੂੰ ਰੋਕਣ ਲਈ ਜ਼ਰੂਰੀ ਸੀ। ਐਸਟੀਐਫ ਨੇ ਉਹਨਾਂ ਦੀ ਲੋਕੇਸ਼ਨ ਟਰੈਕ ਕੀਤੀ ਅਤੇ ਫੜਨ ਦੀ ਕੋਸ਼ਿਸ਼ ਵਿੱਚ ਉਹਨਾਂ ਨੇ ਗੋਲੀਬਾਰੀ ਕੀਤੀ। ਘਟਨਾ ਵਾਲੀ ਜਗ੍ਹਾ ਤੋਂ ਗਲੌਕ ਅਤੇ ਜ਼ੀਗਨਾ ਪਿਸਟਲ ਨਾਲ ਗੋਲੀਆਂ ਵੀ ਬਰਾਮਦ ਹੋਈਆਂ। ਯੂਪੀ ਏਡੀਜੀ ਮਿਤਾਭ ਯਸ਼ ਨੇ ਕਿਹਾ ਕਿ ਗਿਰੋਹ ਦਾ ਮਕਸਦ ਰਾਜ ਵਿੱਚ ਡਰ ਪੈਦਾ ਕਰਨਾ ਸੀ, ਪਰ ਪੁਲਿਸ ਨੇ ਤੁਰੰਤ ਕਾਰਵਾਈ ਕਰਕੇ ਉਹਨਾਂ ਨੂੰ ਖਤਮ ਕਰ ਦਿੱਤਾ।

### ਪਰਿਵਾਰ ਦੇ ਦੋਸ਼: ਕੀ ਫ਼ਰਜ਼ੀ ਐਂਕਾਊਂਟਰ?

ਮਾਰੇ ਗਏ ਮੁਲਜ਼ਮਾਂ ਦੇ ਪਰਿਵਾਰਾਂ ਨੇ ਐਨਕਾਊਂਟਰ ਨੂੰ ਫ਼ਰਜ਼ੀ ਕਰਾਰ ਦਿੱਤਾ ਹੈ। ਅਰੁਣ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਉਹਨਾਂ ਵਿਰੁੱਧ ਪਹਿਲਾਂ ਕੋਈ ਹਮਲੇ ਦਾ ਕੇਸ ਨਹੀਂ ਸੀ ਅਤੇ ਪੁਲਿਸ ਵੱਲੋਂ ਜਾਰੀ ਕੀਤੀ ਗਈ ਫੋਟੋ ਵਿੱਚ ਵਿਖਾਇਆ ਨੌਜਵਾਨ ਅਰੁਣ ਨਹੀਂ ਹੈ। ਉਹਨਾਂ ਨੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਪੁਲਿਸ ਨੇ ਇਸ ਨੂੰ ਰੱਦ ਕਰਦੇ ਹੋਏ ਕਿਹਾ ਕਿ ਐਨਕਾਊਂਟਰ ਵਿੱਚ ਦੋ ਐਸਟੀਐਫ ਕਾਂਸਟੇਬਲ ਵੀ ਜ਼ਖਮੀ ਹੋਏ।

ਇਸ ਘਟਨਾ ਨੇ ਗੋਲਡੀ ਬਰਾੜ ਵਰਗੇ ਵਿਦੇਸ਼ੀ ਆਧਾਰਿਤ ਗਰੋਹਾਂ ਵਿੱਚ ਯੂਪੀ ਵਿੱਚ ਵਧਦੀ ਹਸਤੀ ਨੂੰ ਉਜਾਗਰ ਕੀਤਾ ਹੈ। ਪੁਲਿਸ ਹੁਣ ਗਰੋਹ ਦੇ ਹੋਰ ਮੈਂਬਰਾਂ ਨੂੰ ਫੜਨ ਲਈ ਵੱਡੀ ਕਾਰਵਾਈ ਕਰ ਰਹੀ ਹੈ, ਜਦਕਿ ਪਾਟਨੀ ਪਰਿਵਾਰ ਨੂੰ ਵਧੇਰੇ ਸੁਰੱਖਿਆ ਦਿੱਤੀ ਗਈ ਹੈ। ਜਗਦੀਸ਼ ਪਾਟਨੀ ਨੇ ਮੁੱਖ ਮੰਤਰੀ ਯੋਗੀ ਨੂੰ ਧੰਨਵਾਦ ਦਿੱਤਾ ਹੈ ਕਿ ਉਹਨਾਂ ਨੇ ਤੁਰੰਤ ਕਾਰਵਾਈ ਕੀਤੀ।

ਹੋਰ ਵੇਰਵੇ ਆਉਣੇ ਬਾਕੀ ਹਨ। ਪੁਲਿਸ ਨੇ ਗਰੋਹ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਵਿਸ਼ੇਸ਼ ਟੀਮਾਂ ਬਣਾ ਦਿੱਤੀਆਂ ਹਨ।

# ਅੰਮ੍ਰਿਤਸਰ ਵਿਚ ਦੋ ਔਰਤਾਂ ਸਮੇਤ ਛੇ ਡਰਗ ਸਮਗਲਰ ਗ੍ਰਿਫ਼ਤਾਰ

## ✪ 9 ਕਿਲੋ ਹੈਰੋਇਨ ਬਰਾਮਦ, ਪਾਕਿਸਤਾਨ-ਆਧਾਰਿਤ ਤਸਕਰਾਂ ਨਾਲ ਸਬੰਧ

ਚੰਡੀਗੜ੍ਹ/ਅੰਮ੍ਰਿਤਸਰ-ਬੀਤੇ ਦਿਨੀਂ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਛੇ ਨਸ਼ਾ ਤਸਕਰਾਂ ਨੂੰ 9.066 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਦੋ ਹੋਰ ਨਸ਼ਾ ਤਸਕਰੀ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਦਿੱਤੀ ਹੈ। ਇਨ੍ਹਾਂ ਛੇ ਤਸਕਰਾਂ 'ਚੋਂ 4 ਵਿਅਕਤੀ ਅਤੇ 2 ਔਰਤਾਂ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਕਾਲੇ ਘਨੂਪੁਰ ਦੇ ਹਨੀ (18), ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਪਰਮਦੀਪ ਸਿੰਘ ਪਾਰਸ (18), ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਹਰਵਿੰਦਰ ਸਿੰਘ ਹਿੰਦਾ (19), ਅੰਮ੍ਰਿਤਸਰ ਦੇ ਪਿੰਡ ਡਾਂਡੇ ਦੇ ਗੁਰਪ੍ਰੀਤ ਸਿੰਘ ਗੋਪੀ (25), ਤਰਨਤਾਰਨ ਦੇ ਪਿੰਡ ਢਾਲਾ ਦੀ ਜਸਬੀਰ ਕੌਰ (40) ਅਤੇ ਤਰਨਤਾਰਨ ਦੇ ਪਿੰਡ ਹਵੇਲੀਆਂ ਦੀ ਕੁਲਵਿੰਦਰ ਕੌਰ (54) ਵਜੋਂ ਹੋਈ ਹੈ। ਇਹ ਕਾਰਵਾਈ ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਵੱਲੋਂ ਮੋਗਾ ਸਥਿਤ ਜਗਪ੍ਰੀਤ ਸਿੰਘ ਜੱਗਾ ਦੁਆਰਾ ਚਲਾਏ ਜਾ ਰਹੇ ਨਸ਼ਾ ਤਸਕਰੀ ਸਿੰਡੀਕੇਟ, ਦੇ ਮੁੱਖ ਕਾਰਕੁੰਨ ਯਾਸੀਨ ਮੁਹੰਮਦ ਨੂੰ 7.1 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਤੋਂ ਇੱਕ ਦਿਨ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ



ਜੰਡਿਆਲਾ ਗੁਰੂ ਦੇ ਰਹਿਣ ਵਾਲਾ ਹਰਪ੍ਰੀਤ ਹੈਪੀ ਜੱਟ ਵਿਦੇਸ਼ੀ ਗੈਂਗਸਟਰ ਦੇ ਪਾਕਿਸਤਾਨ ਸਥਿਤ ਤਸਕਰਾਂ ਨਾਲ ਸਿੱਧੇ ਸਬੰਧ ਸੀ ਅਤੇ ਉਹ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਕੇ ਇਸ ਨੈੱਟਵਰਕ ਨੂੰ ਚਲਾ ਰਿਹਾ ਸੀ।

ਡੀਜੀਪੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਪੁਲਿਸ ਸਟੇਸ਼ਨ ਛੇਹਰਟਾ ਵਿਖੇ ਦੋ ਵੱਖ-ਵੱਖ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ ਅਤੇ ਦੋਵਾਂ ਮਾਮਲਿਆਂ ਵਿੱਚ ਵਿਆਪਕ ਨੈੱਟਵਰਕ ਅਤੇ ਸਰਹੱਦ ਪਾਰ ਦੇ ਅਗਲੇਰੇ-ਪਿਛਲੇਰੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਪਹਿਲੇ ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸ਼ੁਰੂ ਵਿੱਚ, ਦੋਸ਼ੀ ਹਨੀ ਨੂੰ 20 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਹੋਰ ਜਾਂਚ ਦੌਰਾਨ ਉਸਦੇ ਸਾਥੀ ਪਰਮਦੀਪ ਸਿੰਘ ਉਰਫ਼ ਪਾਰਸ ਨੂੰ ਨਾਮਜ਼ਦ ਕੀਤਾ ਗਿਆ, ਜੋ ਬਾਅਦ ਵਿੱਚ 5.032 ਕਿਲੋਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ।

ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਮਾਡਿਊਲ ਦੇ ਦੋ ਹੋਰ ਮੈਂਬਰਾਂ, ਹਰਵਿੰਦਰ ਹਿੰਦਾ ਅਤੇ ਗੁਰਪ੍ਰੀਤ ਗੋਪੀ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ, ਜਦੋਂ ਕਿ ਪੁਲਿਸ ਟੀਮਾਂ ਨੇ ਗੁਰਪ੍ਰੀਤ ਦੇ ਕਬਜ਼ੇ ਤੋਂ 3.010 ਕਿਲੋਗ੍ਰਾਮ ਹੈਰੋਇਨ ਹੋਰ ਬਰਾਮਦ ਕੀਤੀ, ਜਿਸ ਨਾਲ ਇਸ ਮਾਡਿਊਲ ਤੋਂ ਕੁੱਲ ਰਿਕਵਰੀ 8.062 ਕਿਲੋਗ੍ਰਾਮ ਹੋ ਗਈ ਹੈ।

ਸੀਪੀ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਗੁਰਪ੍ਰੀਤ ਅਤੇ ਪਰਮਦੀਪ ਸਰਹੱਦ ਪਾਰ ਤੋਂ ਡਰੋਨ ਦੀ ਵਰਤੋਂ ਕਰਕੇ ਸੁੱਟੀ ਜਾ ਰਹੀ ਨਸ਼ੀਲੇ ਪਦਾਰਥਾਂ ਦੀ ਖੇਪ ਨਿਰਧਾਰਤ ਥਾਵਾਂ - ਜਿਵੇਂ ਕੂੜੇ ਦੇ ਢੇਰ ਜਾਂ ਨਿਸ਼ਾਨਦੇਹੀ ਕੀਤੇ ਖੇਤਾਂ, ਤੋਂ ਪ੍ਰਾਪਤ ਕਰਦੇ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਹੈਪੀ ਜੱਟ ਦੇ ਨਿਰਦੇਸ਼ਾਂ 'ਤੇ ਹੈਰੋਇਨ ਦੀ ਖੇਪ ਨੂੰ ਅੱਗੇ ਸਪਲਾਈ ਕਰਦੇ ਸਨ।

ਇੱਕ ਹੋਰ ਕਾਰਵਾਈ ਵਿੱਚ, ਸੀਪੀ ਗੁਰਪ੍ਰੀਤ ਭੁੱਲਰ ਨੇ ਕਿਹਾ ਕਿ ਜਸਬੀਰ ਕੌਰ ਅਤੇ ਕੁਲਵਿੰਦਰ ਕੌਰ ਨਾਮ ਦੀਆਂ ਦੋ ਮਹਿਲਾ ਤਸਕਰਾਂ ਨੂੰ 1.004 ਕਿਲੋਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਮੁਲਜ਼ਮ ਜਸਬੀਰ ਕੌਰ ਪਾਕਿ ਤਸਕਰਾਂ ਨਾਲ ਸਿੱਧੇ ਸੰਪਰਕ ਵਿੱਚ ਸੀ, ਉਨ੍ਹਾਂ ਕਿਹਾ ਕਿ ਦੋਵਾਂ ਮਾਡਿਊਲਾਂ ਵਿੱਚ ਇੱਕੋ ਹੀ ਪਾਕਿਸਤਾਨ-ਆਧਾਰਿਤ ਤਸਕਰ ਦਾ ਸਾਂਝਾ ਸਬੰਧ ਸੀ।

# ਸਿੱਖ ਸੇਵਕ ਸੁਸਾਇਟੀ ਨੇ ਹੜ ਪੀੜਤ ਪਿੰਡ ਮੰਡਾਲਾ ਛੰਨਾ ਵਿਚ ਮੈਡੀਕਲ ਕੈਂਪ ਲਗਾਇਆ-ਖਾਲਸਾ

**✪ 600 ਮਰੀਜ਼ਾਂ ਦਾ ਇਲਾਜ ਕੀਤਾ, ਗੰਭੀਰ ਰੋਗੀਆਂ ਦਾ ਹਸਪਤਾਲ ਇਲਾਜ ਕਰਵਾਇਆ ਜਾਵੇਗਾ ✪ ਧੁਸੀ ਬੰਨ ਦੀ ਸੇਵਾ ਦੌਰਾਨ ਫੋਗਿੰਗ ਅਤੇ ਸਾਫ ਪਾਣੀ ਦਾ ਪ੍ਰਬੰਧ ਕੀਤਾ ✪ ਪੰਜ ਦਲਿਤ ਪਰਿਵਾਰ ਅੰਮ੍ਰਿਤ ਛਕਕੇ ਸਿੰਘ ਸਜਣਗੇ**









ਜਲੰਧਰ-ਬੀਤੇ ਛਨੀਵਾਰ ਗੁਰਦੁਆਰਾ ਸਿੰਘ ਸਭਾ ਮੰਡਿਆਲਾ ਛੰਨਾ ਵਿਖੇ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਆਲੇ ਦੁਆਲੇ ਹੜ ਪੀੜਤਾਂ ਪਿੰਡਾਂ ਲਈ 7 ਘੰਟੇ ਲਈ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ ਹੈ ਤੇ ਗੁਰਦੁਆਰੇ ਵਿਚ ਸੰਗਤ ਲਈ ਤੇ ਧੂਸੀ ਬੰਨ ਉਪਰ ਸੇਵਾ ਕਰ ਰਹੀ ਸੰਗਤ ਲਈ ਲੰਗਰ ਦਾ ਇੰਤਜ਼ਾਮ ਕੀਤਾ ਗਿਆ। ਹੜ ਪੀੜਤਾਂ ਨੂੰ ਰਾਹਿਤ ਸਮਗਰੀ,ਕਪੜੇ ਵੰਡੇ ਗਏ ਮੈਡੀਕਲ ਕੈਂਪ ਵਿਚ ਡਾਕਟਰ ਦਿਲਮੋਹਨ ਸਿੰਘ, ਡਾਕਟਰ ਪੁਨੀਤ ਗੌਤਮ ਨੇ ਰੋਗੀਆਂ ਦਾ ਇਲਾਜ ਕੀਤਾ। ਜੋ ਗੰਭੀਰ ਰੋਗੀ ਹਨ ਉਸ ਬਾਰੇ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਨੇ ਐਲਾਨ ਕੀਤਾ ਕਿ ਉਹਨਾਂ ਨੂੰ ਹਸਪਤਾਲ ਵਿਚ ਦਾਖਲ ਕਰਾਕੇ ਪੂਰਾ ਇਲਾਜ ਕਰਵਾਇਆ ਜਾਵੇਗਾ। ਡਾਕਟਰ ਦਿਲਮੋਹਨ ਸਿੰਘ ਨੇ ਦਸਿਆ ਕਿ ਦੋ ਕੁ ਮਰੀਜ਼ ਟੀਬੀ ਦੇ ਸਨ, ਜਿਆਦਾਤਰ ਅੱਖਾਂ, ਖਾਂਸੀ, ਬੁਖਾਰ, ਚਮੜੀ ਦੇ ਰੋਗਾਂ ਦੇ ਸ਼ਿਕਾਰ ਸਨ। ਗੰਦੇ ਪਾਣੀ ਤੇ ਹੜਾਂ ਦੇ ਪਾਣੀ ਕਾਰਣ ਚਮੜੀ ਦੇ ਰੋਗ ਲਗੇ ਹੋਏ ਹਨ। ਇਸ ਦੌਰਾਨ 600 ਮਰੀਜ਼ ਚੈਕ ਕੀਤੇ ਗਏ।


ਜਥੇਦਾਰ ਖਾਲਸਾ ਨੇ ਗੁਰਦੁਆਰੇ ਤੇ ਕੁਝ ਘਰਾਂ ਦਾ ਪਾਣੀ ਚੈਕ ਕੀਤਾ ਜੋ ਠੀਕ ਸੀ। ਉਹਨਾਂ ਕਿਹਾ ਕਿ ਲੋਕ ਗੁਰਦੁਆਰੇ ਦਾ ਪਾਣੀ ਵਰਤਣ। ਇਸ ਦਾ ਟਰੀਟਮੈਂਟ ਸਿਖ ਸੇਵਕ ਸੁਸਾਇਟੀ ਵਲੋਂ ਕੀਤਾ ਜਾਂਦਾ ਹੈ। ਇਸ ਦੌਰਾਨ ਸਿਖ ਸੇਵਕ ਸੁਸਾਇਟੀ ਦੇ ਮੈਂਬਰਾਂ ਵਲੋਂ ਗੁਰਦੁਆਰੇ ਤੋਂ ਲੈਕੇ ਧੂਸੀ ਬੰਨ ਤਕ ਫੋਗਿੰਗ ਕੀਤੀ ਗਈ।

ਯਾਦ ਰਹੇ ਕਿ ਦੋ ਸਾਲ ਪਹਿਲਾਂ ਹੜਾਂ ਦੌਰਾਨ ਇਹ ਪਿੰਡ ਮੰਡਾਲਾ ਛੰਨਾ ਸਿਖ ਸੇਵਕ ਸੁਸਾਇਟੀ ਨੇ ਗੋਦ ਵਿਚ ਲਿਆ ਸੀ। ਨਕਸਾਨੇ ਗੁਰਦੁਆਰੇ ਦੀ ਸੇਵਾ ਕਰਾਕੇ ਉਚਾ ਕਰਾਇਆ ਤੇ ਸੁੰਦਰ ਬਣਾਇਆ। ਇਸ ਸੇਵਾ ਤੋਂ ਖੁਸ਼ ਹੋਕੇ 12 ਪਰਿਵਾਰ ਜੋ ਸਿਖ ਧਰਮ ਤਿਆਗਕੇ ਈਸਾਈ ਬਣੇ ਸਨ ਉਹ ਗੁਰਦੁਆਰੇ ਵਿਚ ਪੰਥ ਵਿਚ ਸ਼ਾਮਲ ਹੋਏ ਸਨ। ਇਸ ਦੌਰਾਨ ਬਹੁਤ ਸਾਰੇ ਦਲਿਤ ਪਰਿਵਾਰ ਗੁਰਦੁਆਰੇ ਸਮਾਗਮ ਦੌਰਾਨ ਸਿਖ ਪੰਥ ਵਿਚ ਸ਼ਾਮਲ ਹੋਏ ਸਨ। ਜਥੇਦਾਰ ਖਾਲਸਾ ਨੇ ਦਸਿਆ ਕਿ ਹੁਣ ਗੁਰਦੁਆਰੇ ਵਿਚ ਗ੍ਰੰਥੀ ਸਮੇਤ ਗਿਆਰਾਂ ਮੈਬਰੀ ਕਮੇਟੀ ਬਣਾਈ ਗਈ ਹੈ ਜੋ ਪਿੰਡ ਵਿਚ ਸੁਧਾਰ ਤੇ ਪ੍ਰਚਾਰ ਕਰੇਗੀ। ਬੀਬੀਆਂ ਦਾ ਆਲੱਗ ਜਥਾ ਬਣਾਇਆ ਗਿਆ। ਪੰਜ ਬੀਬੀਆਂ ਪਰਮਜੀਤ, ਕੁਸ਼ਲਿਆ, ਸੋਮਾ, ਜਸਵਿੰਦਰ , ਕਸ਼ ਜੋ ਦਲਿਤ ਪਰਿਵਾਰਾਂ ਵਿਚੋਂ ਹਨ ਅੰਮ੍ਰਿਤ ਛਕਕੇ ਸਿਖ ਪੰਥ ਦੇ ਪ੍ਰਚਾਰ, ਗੁਰਦੁਆਰਾ ਪ੍ਰਬੰਧ ਮੰਡਾਲਾ ਦੀ ਜਿੰਮੇਵਾਰੀ ਸੰਭਾਲਣਗੀਆਂ। ਅਕਾਲ ਤਖਤ ਸਾਹਿਬ ਦੀ ਯਾਤਰਾ ਤੇ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਸਿਖ ਸੇਵਕ ਸੁਸਾਇਟੀ ਵਲੋਂ ਕੀਤਾ ਜਾਵੇਗਾ।

ਮੈਡੀਕਲ ਕੈਂਪ ਖਤਮ ਹੋਣ ਉਪਰੰਤ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੀ ਟੀਮ ਧੁਸੀ ਬੰਨ ਉਪਰ ਪਹੁੰਚੀ ਜਿਥੇ ਧੂਸੀ ਬੰਨ ਦੇ ਨੁਕਸਾਨੇ ਜਾਣ ਕਾਰਣ ਚੀਵਨ ਸਿੰਘ, ਪ੍ਰਕਾਸ਼ ਕੌਰ, ਕੁਲਵੀਰ ਕੌਰ, ਜਗਦੀਸ਼ ਸਿੰਘ ਸੋਨਾ ਸਿੰਘ ਦੇ ਘਰ ਤਬਾਹ ਹੋ ਗਏ। ਜਥੇਦਾਰ ਖਾਲਸਾ ਨੇ ਕਿਹਾ ਕਿ ਇਹਨਾਂ ਲਈ ਰਹਿਣ ਦਾ ਇੰਤਜ਼ਾਮ ਕੀਤਾ ਜਾਵੇਗਾ। ਇਨ੍ਹਾਂ ਪਰਿਵਾਰਾਂ ਲਈ ਤਿਰਪਾਲਾਂ, ਮਛਰਦਾਨੀਆਂ, ਕਪੜੇ, ਲੰਗਰ ਪਾਣੀ ਦਾ ਇੰਤਜਾਮ ਕੀਤਾ ਗਿਆ। ਬਹੁਤ ਸਾਰੇ ਕਿਸਾਨਾਂ ਦੀ ਜਮੀਨ ਪਾਣੀ ਵਿਚ ਜਜਬ ਹੋ ਗਈ। ਇਥੋਂ ਦੇ ਕਿਸਾਨਾਂ ਮੁਤਾਬਕ ਹੜ੍ਹਾਂ ਦੌਰਾਨ ਨਾ ਸਿਰਫ਼ ਝੋਨੇ ਦੀ ਫ਼ਸਲ ਤਬਾਹ ਹੋਈ ਹੈ, ਬਲਕਿ ਕਣਕ ਦੀ ਫ਼ਸਲ ਦੀ ਬਿਜਾਈ ਬਾਰੇ ਵੀ ਉਹ ਸੋਚ ਨਹੀਂ ਸਕਦੇ ਕਿਉਂਕਿ ਖੇਤਾਂ ਵਿੱਚ ਅਜੇ ਵੀ ਪਾਣੀ ਖੜਾ ਹੈ। ਖੇਤਾਂ ਵਿੱਚ ਮਿੱਟੀ ਜਮ੍ਹਾਂ ਹੋ ਗਈ ਹੈ। ਚੌਲਾਂ ਨੂੰ ਲੈ ਕੇ ਪੰਜਾਬ ਦੇ ਕੇਂਦਰੀ ਅਨਾਜ ਭੰਡਾਰਨ ਵਿੱਚ 23.7 ਫ਼ੀਸਦੀ ਸੀ। ਹੜ੍ਹਾਂ ਕਾਰਨ ਝੋਨੇ ਦੀ ਹੋਈ ਬਰਬਾਦੀ ਕੌਮੀ ਭੋਜਨ ਸੁਰੱਖਿਆ ਲਈ ਵੀ ਚੁਣੌਤੀ ਹੈ। ਇਸ ਨਾਲ ਪੰਜਾਬ ਦੀ ਹਿੱਸੇਦਾਰੀ ਸੱਤ ਤੋਂ ਅੱਠ ਫ਼ੀਸਦੀ ਘੱਟ ਹੋ ਸਕਦੀ ਹੈ।

ਸਿਖ ਸੇਵਕ ਸੁਸਾਇਟੀ ਦੇ ਸਕਤਰ ਜਨਰਲ ਪ੍ਰੋ ਬਲਵਿੰਦਰ ਪਾਲ ਸਿੰਘ ਨੇ ਦਸਿਆ ਕਿ ਇਥੇ ਫੌਜ, ਸਿਖ ਜਥੇਬੰਦੀਆਂ ਬੰਨ ਬੰਨਣ ਦੀ ਸੇਵਾ ਕਰ ਰਹੀਆਂ ਹਨ।ਉਹਨਾਂ ਕਿਹਾ ਕਿ ਇਥੇ ਸਥਿਤੀ ਇਹ ਹੈ ਕਿ ਪਾਣੀ ਅਜੇ ਵੀ ਕਿਸਾਨਾਂ ਦੀ ਜ਼ਮੀਨ ਵਿੱਚ ਖੜਾ ਹੈ, ਜਿਸ ਕਰ ਕੇ ਉਨ੍ਹਾਂ ਨੂੰ ਚਿੰਤਾ ਅਗਲੀ ਫ਼ਸਲ ਦੀ ਪੈਦਾ ਹੋ ਗਈ ਹੈ। ਬੇਸ਼ੱਕ ਹੜ੍ਹ ਦਾ ਪਾਣੀ ਹੋਲੀ ਹੋਲੀ ਉਤਰ ਜਾਵੇਗਾ ਪਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਗਿਆ ਹੈ। ਸਰਕਾਰ ਪੰਥਕ ਜਥੇਬੰਦੀਆਂ ਤੇ ਪ੍ਰਵਾਸੀ ਖਾਲਸਾ ਜੀ ਨੂੰ ਇਨ੍ਹਾਂ ਕਿਸਾਨਾਂ ਦੀ ਸਹਾਇਤਾ ਦੀ ਲੋੜ ਹੈ। ਇਸ ਮੌਕੇ ਸਾਹਿਬ ਸਿੰਘ ਆਰਟਿਸਟ, ਬਲਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ, ਹਰਦੇਵ ਸਿੰਘ ਗਰਚਾ ਠੇਕੇਦਾਰ, ਗੁਰਪ੍ਰੀਤ ਸਿੰਘ ਰਾਜੂ, ਸੁਖਵਿੰਦਰ ਸਿੰਘ ਦਿੱਲੀ ਪੇਂਟ, ਮਨਦੀਪ ਸਿੰਘ ਪ੍ਰਿੰਸੀਪਲ ਜੀਰੋ ਫੀਸ ਸਕੂਲ ਅਰਿੰਦਰਜੀਤ ਸਿੰਘ ਚਡਾ, ਤੇਜਿੰਦਰ ਸਿੰਘ ਸੰਦੀਪ ਸਿੰਘ ਚਾਵਲਾ ਕਮਲਜੀਤ ਸਿੰਘ ਜਮਸ਼ੇਰ ਆਦਿ ਹਾਜਰ ਸਨ।

## ਮਾਨ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘਾ ਤੁਰੰਤ ਖੋਲ੍ਹੋ



ਡੇਰਾ ਬਾਬਾ ਨਾਨਕ-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਭਾਰਤ ਸਰਕਾਰ ’ਤੇ ਸਿੱਖਾਂ ਨੂੰ ਆਪਣੇ ਗੁਰਧਾਮਾਂ ਤੋਂ ਵੱਖ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਸਿੱਖ ਸੰਗਤ ਨੂੰ ਜਾਣ ਤੋਂ ਰੋਕਣਾ ਸਿੱਖ ਹਿਰਦਿਆਂ ਨੂੰ ਝਿੰਜੋੜਨ ਵਾਲੀ ਗੱਲ ਹੈ। ਮਾਨ ਨੇ ਦਾਅਵਾ ਕੀਤਾ ਕਿ ਭਾਰਤ ਸਰਕਾਰ ਜੰਗ ਅਤੇ ਹੜ੍ਹਾਂ ਦੇ ਜ਼ਰੀਏ ਪੰਜਾਬ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਗੰਭੀਰ ਮਾਮਲੇ ’ਤੇ ਸਿੱਖ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਇਕੱਤਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਸਾਫ਼ ਕਿਹਾ ਕਿ ਲਾਂਘਾ ਲਾਂਘਾ ਤੁਰੰਤ ਖੋਲਿਆ ਜਾਵੇ ਤਾਂ ਜੋ ਸਿੱਖ ਸੰਗਤ ਆਪਣੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰ ਸਕੇ।

## ਨੌਜਵਾਨਾਂ ਨੇ ਸਿਗਰੇਟ ਪੀਣ ਤੋਂ ਰੋਕਿਆ ਤਾਂ ਕਾਰ ਸਵਾਰ ਗੁੰਡਿਆਂ ਨੇ ਕੀਤਾ ਹਮਲਾ

ਜਲੰਧਰ-ਰੇਰੂ ਪਿੰਡ ਨੇੜੇ ਜਨਤਕ ਸਥਾਨ ’ਤੇ ਸਿਗਰੇਟ ਪੀਣ ਤੋਂ ਰੋਕਣ ’ਤੇ ਲਗਜ਼ਰੀ ਗੱਡੀਆਂ ਵਿਚ ਸਵਾਰ ਹੋ ਕੇ ਆਏ ਲਗਭਗ ਇਕ ਦਰਜਨ ਨਸ਼ੇੜੀ ਗੁੰਡਿਆਂ ਨੇ ਭੋਗਪੁਰ ਦੇ 4 ਨੌਜਵਾਨਾਂ ’ਤੇ ਹਮਲਾ ਕਰ ਦਿੱਤਾ। ਵਿਰੋਧ ਕਰਨ ਵਾਲੇ ਨੌਜਵਾਨ ਦੇ ਸਿਰ ’ਤੇ ਕੜੇ ਮਾਰ ਕੇ ਉਸ ਨੂੰ ਲਹੂ-ਲੁਹਾਨ ਕਰਕੇ ਅਧਮੋਇਆ ਕਰ ਦਿੱਤਾ, ਜਦਕਿ ਹੋਰ 3 ਨੌਜਵਾਨਾਂ ਨਾਲ ਵੀ ਕੁੱਟਮਾਰ ਕੀਤੀ।

ਹਮਲਾ ਕਰਨ ਤੋਂ ਬਾਅਦ ਮੁਲਜ਼ਮ ਆਪਣੀਆਂ ਗੱਡੀਆਂ ਵਿਚ ਬੈਠ ਕੇ ਫ਼ਰਾਰ ਹੋ ਗਏ। ਜਾਣਕਾਰੀ ਦਿੰਦੇ ਭੋਗਪੁਰ ਦੇ ਰਹਿਣ ਵਾਲੇ ਅਤਿੰਦਰ ਘੁੰਮਣ ਨੇ ਦੱਸਿਆ ਕਿ ਉਹ ਆਪਣੇ ਦੋਸਤ ਚੈਤੰਨਯ ਭੱਲਾ, ਸੰਨੀ ਅਤੇ ਰਵੀ ਕੁਮਾਰ ਨਾਲ ਜਲੰਧਰ ਕਿਸੇ ਕੰਮ ਆਇਆ ਸੀ। ਕੰਮ ਨਿਪਟਾਉਣ ਤੋਂ ਬਾਅਦ ਉਹ ਭੋਗਪੁਰ ਵਾਪਸ ਮੁੜ ਰਹੇ ਸਨ ਕਿ ਰੇਰੂ ਪਿੰਡ ਤੋਂ ਕੁਝ ਦੂਰੀ ’ਤੇ ਗੁਪਤਾ ਚਾਟ ਭੰਡਾਰ ’ਤੇ ਗੋਲਗੱਪੇ ਖਾਣ ਲਈ ਰੁਕ ਗਏ।

ਦੋਸ਼ ਹੈ ਕਿ ਉਹ ਗੋਲਗੱਪੇ ਖਾ ਹੀ ਰਹੇ ਸਨ ਕਿ ਇਸ ਦੌਰਾਨ ਫਾਰਚਿਊਨਰ ਅਤੇ ਸਕਾਰਪੀਓ ਗੱਡੀਆਂ ਵਿਚ ਕੁਝ ਨੌਜਵਾਨ ਉਥੇ ਆਏ, ਜਿਨ੍ਹਾਂ ਨੇ ਉਨ੍ਹਾਂ ਦੇ ਨੇੜੇ ਸਿਗਰੇਟ ਪੀਣੀ ਸ਼ੁਰੂ ਕਰ ਦਿੱਤੀ। ਜਦੋਂ ਉਨ੍ਹਾਂ ਨੇ ਨੌਜਵਾਨਾਂ ਨੂੰ ਉਥੋਂ ਦੂਰ ਜਾ ਕੇ ਸਿਗਰੇਟ ਪੀਣ ਨੂੰ ਕਿਹਾ ਤਾਂ ਉਹ ਪਹਿਲਾਂ ਤਾਂ ਆਪਣੀ ਗੱਡੀ ਨੇੜੇ ਗਏ ਅਤੇ ਬਾਅਦ ਵਿਚ ਇਕ ਦਰਜਨ ਨੌਜਵਾਨ ਉਨ੍ਹਾਂ ਵੱਲ ਆਏ ਅਤੇ ਹਮਲਾ ਕਰ ਦਿੱਤਾ। ਅਤਿੰਦਰ ਨੇ ਕਿਹਾ ਕਿ ਇਕ ਹਮਲਾਵਰ ਨੇ ਚੈਤੰਨਯ ਭੱਲਾ ਦੇ ਸਿਰ ’ਤੇ ਕੜਾ ਮਾਰ-ਮਾਰ ਕੇ ਉਸ ਨੂੰ ਬੁਰੀ ਤਰ੍ਹਾਂ ਲਹੂ-ਲੁਹਾਨ ਕਰ ਦਿੱਤਾ, ਜਦੋਂ ਉਨ੍ਹਾਂ ਵਿਰੋਧ ਕੀਤਾ ਤਾਂ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ। ਚੈਤੰਨਯ ਨੂੰ ਖ਼ੂਨ ਵਿਚ ਲਥਪਥ ਵੇਖ ਕੇ ਮੁਲਜ਼ਮ ਉਥੋਂ ਫ਼ਰਾਰ ਹੋ ਗਏ। ਚੈਤੰਨਯ ਨੂੰ ਤੁਰੰਤ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੇ ਸਿਰ ’ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਸ ਦੇ ਸਿਰ ’ਤੇ ਕਈ ਟਾਂਕੇ ਵੀ ਲੱਗੇ ਹਨ। ਹਮਲੇ ਦੀ ਸੂਚਨਾ ਥਾਣਾ ਨੰਬਰ 8 ਦੀ ਪੁਲਸ ਨੂੰ ਦੇ ਦਿੱਤੀ ਹੈ।

# ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ.

## 2025-26 ਲਈ ਗਵਰਨਿੰਗ ਬਾਡੀ ਐਂਡੋਰਸਮੈਂਟ (ਜੀ.ਬੀ.ਈ.) ਜਾਰੀ ਕਰਨ ਵਾਲੇ ਮਾਪਦੰਡਾਂ ਦੀ ਸਾਲਾਨਾ ਸਮੀਖਿਆ

ਇੰਗਲੈਂਡ ਕਬੱਡੀ ਫੈਡਰੇਸ਼ਨ (ਯੂ.ਕੇ.) 2025-26 ਲਈ ਗਵਰਨਿੰਗ ਬਾਡੀ ਐਂਡੋਰਸਮੈਂਟ (ਜੀ.ਬੀ.ਈ.) ਜਾਰੀ ਕਰਨ ਵਾਲੇ ਮਾਪਦੰਡਾਂ ਦੀ ਸਾਲਾਨਾ ਸਮੀਖਿਆ ਪ੍ਰਕਿਰਿਆ ਦੇ ਹਿੱਸੇ ਵਜੋਂ ਇੱਕ ਸਲਾਹ-ਮਸ਼ਵਰਾ ਕਰ ਰਹੀ ਹੈ। ਅਗਲੇ ਸਾਲ ਲਈ ਪ੍ਰਸਤਾਵਿਤ ਮਾਪਦੰਡ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਵੈਬਸਾਈਟ: https://kabaddiuk.co.uk/assets/pdf/Proposed-Kabaddi-GBE-Criteria-2025-26.pdf ਉੱਤੇ ਦੇਖੇ ਜਾ ਸਕਦੇ ਹਨ। ਸਾਰੀਆਂ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਨੂੰ ਪ੍ਰਸਤਾਵਿਤ ਮਾਪਦੰਡਾਂ ਦੀ ਸਮੀਖਿਆ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ ਅਤੇ ਜੋ ਵੀ ਟਿੱਪਣੀਆਂ ਉਹ ਕਰਨਾ ਚਾਹੁੰਦੇ ਹਨ, ਉਹ ਸ਼ੁੱਕਰਵਾਰ 10 ਅਕਤੂਬਰ 2025 ਨੂੰ ਸ਼ਾਮ 5 ਵਜੇ ਤੱਕ ਇਸ ਈਮੇਲ *ssm@manaksolicitors.co.uk* ਜਾਂ *gensec@kabaddiuk.com* 'ਤੇ ਭੇਜ ਸਕਦੇ ਹਨ। ਸਾਰੀਆਂ ਸਕਾਰਾਤਮਕ ਟਿੱਪਣੀਆਂ ਅਤੇ ਯੋਗਦਾਨ ਇੰਗਲੈਂਡ ਕਬੱਡੀ ਫੈਡਰੇਸ਼ਨ ਨੂੰ ਮਿਲਣ ਉਪਰੰਤ ਉਹਨਾਂ 'ਤੇ ਪੂਰੀ ਤਰ੍ਹਾਂ ਵਿਚਾਰ ਕਰਕੇ ਅੰਤਿਮ ਮਾਪਦੰਡ ਹੋਮ ਆਫਿਸ (ਗ੍ਰਹਿ ਮੰਤਰਾਲੇ) ਦੀ ਪ੍ਰਵਾਨਗੀ ਲਈ ਭੇਜੇ ਜਾਣਗੇ।

***ਆਪਣੇ ਸੁਝਾਅ ਅਤੇ ਸਲਾਹ ਮਸ਼ਵਰਾ ਹੇਠਾਂ ਦਿੱਤੇ ਈਮੇਲ ਤੇ 10 ਅਕਤੂਬਰ ਤੋਂ ਪਹਿਲਾਂ ਭੇਜੋ ਜੀ***

## KABADDI GBE ISSUING CRITERIA FOR 2025 -26 REVIEW CONSULTATION

England Kabaddi Federation (UK) is conducting a consultation as part of its annual review process of GBE Issuing Criteria. The proposed criteria for next year can be viewed at:

**https://kabaddiuk.co.uk/assets/pdf/Proposed-EKF-GBE-Criteria-25-26.pdf.**

All interested parties are invited to review the proposed criteria and send any comments they wish to make by email to **ssm@manaksolicitors.co.uk or gensec@kabaddiuk.com** by no later than 5pm on Friday, 10th October 2025. All positive comments and contributions received will be fully considered by the EKF before a final criteria is put forward for approval to the Home Office.

## ਜਾਰੀ ਕਰਤਾ = ਇੰਗਲੈਂਡ ਕਬੱਡੀ ਫੈਡਰੇਸ਼ਨ ਯੂ.ਕੇ.

## ENGLAND KABADDI FEDERATION U.K.

**Email:ssm@manaksolicitors.co.uk or gensec@kabaddiuk.com / www.kabaddiuk.co.uk**

# ਬਰਤਾਨੀਆਂ ਦਾ ਨਵਾਂ ਐਮ ਆਈ 6 ਡਾਰਕ ਵੈੱਬ ਪੋਰਟਲ' ਦੁਨੀਆ ਭਰ ਦੇ ਜਾਸੂਸਾਂ ਨੂੰ ਭਰਤੀ ਕਰੇਗਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਨੇ ਕਿਹਾ ਕਿ ਇਸਦਾ ਉਦੇਸ਼ ਡਾਰਕ ਵੈੱਬ ਦੀ ਗੁਮਨਾਮੀ ਦੀ ਵਰਤੋਂ ਕਰਕੇ ਪਹਿਲੀ ਵਾਰ ਰੂਸ ਅਤੇ ਹੋਰ ਭੂਗੋਲਿਕ ਖੇਤਰਾਂ ਵਿੱਚ ਏਜੰਟਾਂ ਦੀ ਭਰਤੀ ਕਰਨਾ ਹੈ। ਪੋਰਟਲ ਤੱਕ ਪਹੁੰਚ ਕਰਨ ਲਈ ਨਿਰਦੇਸ਼ ਐਮ ਆਈ 6 ਦੇ ਪ੍ਰਮਾਣਿਤ ਯੂਟਿਊਬ ਚੈਨਲ 'ਤੇ ਜਨਤਕ ਤੌਰ 'ਤੇ ਉਪਲਬਧ ਹੋਣਗੇ, ਕਿਉਂਕਿ ਬਰਤਾਨੀਆਂ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਭਾਵੀ ਨਵੇਂ ਏਜੰਟਾਂ ਤੱਕ ਸਰਗਰਮੀ ਨਾਲ ਪਹੁੰਚ ਕਰਦਾ ਹੈ।***

ਵਿਦੇਸ਼ ਮੰਤਰੀ ਯਵੇਟ ਕੂਪਰ ਨੇ ਕਿਹਾ, ਕਿ ਜਿਵੇਂ-ਜਿਵੇਂ ਦੁਨੀਆ ਬਦਲਦੀ ਹੈ ਅਤੇ ਸਾਡੇ ਸਾਹਮਣੇ ਆਉਣ ਵਾਲੇ ਖ਼ਤਰੇ ਵਧਦੇ ਹਨ, ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬਰਤਾਨੀਆਂ ਹਮੇਸ਼ਾ ਆਪਣੇ ਵਿਰੋਧੀਆਂ ਤੋਂ ਇੱਕ ਕਦਮ ਅੱਗੇ ਰਹੇ। ਸਾਡੀਆਂ ਵਿਸ਼ਵ ਪੱਧਰੀ ਖੁਫੀਆ ਏਜੰਸੀਆਂ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹਨ ਅਤੇ ਬ੍ਰਿਟਿਸ਼ ਲੋਕਾਂ ਦੀ ਰੱਖਿਆ ਲਈ ਪਰਦੇ ਪਿੱਛੇ ਕੰਮ ਕਰ ਰਹੀਆਂ ਹਨ। ਅਸੀਂ ਹੁਣ ਅਤਿ-ਆਧੁਨਿਕ ਤਕਨਾਲੋਜੀ ਨਾਲ ਆਪਣੇ ਯਤਨਾਂ ਨੂੰ ਮਜ਼ਬੂਤ ਕਰ ਰਹੇ ਹਾਂ ਤਾਂ ਜੋ ਐਮ ਆਈ 6 ਰੂਸ ਅਤੇ ਦੁਨੀਆ ਭਰ ਵਿੱਚ ਯੂ ਕੇ ਲਈ ਨਵੇਂ ਜਾਸੂਸਾਂ ਦੀ ਭਰਤੀ ਕਰ ਸਕੇ।

'ਸਾਈਲੈਂਟ ਕੋਰੀਅਰ' ਪਲੇਟਫਾਰਮ ਦੁਨੀਆ ਵਿੱਚ ਕਿਤੇ ਵੀ ਅੱਤਵਾਦ ਜਾਂ ਦੁਸ਼ਮਣ ਖੁਫੀਆ ਗਤੀਵਿਧੀਆਂ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਤੱਕ ਪਹੁੰਚ ਵਾਲੇ ਕਿਸੇ ਵੀ ਵਿਅਕਤੀ ਨੂੰ ਸੁਰੱਖਿਅਤ ਢੰਗ ਨਾਲ ਯੂ ਕੇ ਨਾਲ ਸੰਪਰਕ ਕਰਨ ਅਤੇ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕਰਨ ਦੇ ਯੋਗ ਬਣਾਏਗਾ। ਐਮ ਆਈ 6 ਨੇ ਨਵੇਂ ਡਾਰਕ ਵੈੱਬ ਪੋਰਟਲ ਤੱਕ ਪਹੁੰਚ ਕਰਨ ਵਾਲੇ ਵਿਅਕਤੀਆਂ ਨੂੰ ਕੁਝ ਖੇਤਰਾਂ ਵਿੱਚ ਮੌਜੂਦ ਖ਼ਤਰਿਆਂ ਨੂੰ ਘਟਾਉਣ ਲਈ ਭਰੋਸੇਯੋਗ ਵਰਚੁਅਲ ਪ੍ਰਾਈਵੇਟ ਨੈੱਟਵਰਕ ਅਤੇ ਉਹਨਾਂ ਨਾਲ ਸੰਬੰਧਿਤ ਨਾ ਹੋਣ ਵਾਲੇ ਡਿਵਾਈਸਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ।

ਸੀਕ੍ਰੇਟ ਇੰਟੈਲੀਜੈਂਸ ਸਰਵਿਸ, ਜਿਸਨੂੰ ਆਮ ਤੌਰ 'ਤੇ ਐਮ ਆਈ 6 ਵਜੋਂ ਜਾਣਿਆ ਜਾਂਦਾ ਹੈ ਬਰਤਾਨੀਆਂ ਦੀ ਵਿਦੇਸ਼ੀ ਖੁਫੀਆ ਏਜੰਸੀ ਹੈ। ਇਹ ਐਲਾਨ ਇਸਤਾਂਬੁਲ ਵਿੱਚ ਐਮ ਆਈ 6 ਦੇ ਮੁਖੀ ਸਰ ਰਿਚਰਡ ਮੂਰ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਬ੍ਰਿਟੇਨ ਦੀਆਂ ਖੁਫੀਆ ਸੇਵਾਵਾਂ ਦੁਸ਼ਮਣ ਤੱਤਾਂ ਦੁਆਰਾ ਪੈਦਾ ਹੋਣ ਵਾਲੇ ਖਤਰਿਆਂ ਨਾਲ ਨਜਿੱਠਣ ਲਈ "ਖਤਰਿਆਂ ਦਾ ਮੁਲਾਂਕਣ ਕਰਨ ਅਤੇ ਫੈਸਲੇ ਲੈਣ ਵਿੱਚ ਮਹੱਤਵਪੂਰਨ" ਹਨ, ਜਿਸ ਨਾਲ ਸਾਈਲੈਂਟ ਕੋਰੀਅਰ ਵਰਗੇ ਪਲੇਟਫਾਰਮ ਦੇਸ਼ ਨੂੰ ਸੁਰੱਖਿਅਤ ਰੱਖਣ ਵਿੱਚ ਹੋਰ ਵੀ ਮਹੱਤਵਪੂਰਨ ਬਣਦੇ ਹਨ।

# ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟਰੀਟ ਦੇ ਪ੍ਰਬੰਧਕੀ ਚੋਣ ਨੂੰ ਲੈ ਕੇ ਦੋ ਗਰੁੱਪਾਂ ਵਿੱਚ ਲੜਾਈ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟਰੀਟ ਵੁਲਵਰਹੈਂਪਟਨ ਦੀ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਲੈ ਕੇ ਦੋ ਧਿਰਾਂ ਵਿੱਚਕਾਰ ਬੀਤੇ ਦਿਨੀ ਝਗੜਾ ਹੋਣ ਦੀ ਖ਼ਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਝਗੜੇ ਦਾ ਮੁੱਖ ਕਾਰਨ ਮੌਜੂਦਾ ਪ੍ਰਬੰਧਕ ਕਮੇਟੀ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਚੋਣਾਂ ਨਾ ਹੋਣਾ ਦੱਸਿਆ ਜਾ ਰਿਹਾ ਹੈ। ਇਸ ਝਗੜੇ ਵਿੱਚ ਜਖ਼ਮੀ ਹੋਏ ਕਪਤਾਨ ਸਿੰਘ ਦੇ ਇੱਕ ਸਾਥੀ ਨੇ ਦੱਸਿਆ ਕਿ ਇਹ ਝਗੜਾ ਉਸ ਸਮੇਂ ਹੋਇਆ ਜਦੋਂ ਟਰੱਸਟੀ ਮਲਕੀਤ ਸਿੰਘ ਸਟੇਜ ਕੋਲ ਗਏ ਅਤੇ ਆਪਣਾ ਪੱਖ ਰੱਖਣ ਲਈ ਸਮਾਂ ਮੰਗਿਆ, ਜਿਸ ਦੀ ਹਮਾਇਤ ਕਪਤਾਨ ਸਿੰਘ ਨੇ ਕੀਤੀ। ਪਰ ਪ੍ਰਬੰਧਕਾਂ ਨੇ ਸਮਾਂ ਨਹੀਂ ਦਿੱਤਾ, ਮੌਕੇ ਤੇ ਮੌਜੂਦਾ 15-20 ਨੌਜਵਾਨਾਂ ਨੇ ਕਪਤਾਨ ਸਿੰਘ ਨਾਲ ਧੱਕਾਮੁੱਕੀ ਕਰਨ ਲੱਗੇ। ਜਿਸ ਨਾਲ ਕਪਤਾਨ ਸਿੰਘ ਅਤੇ ਕੁਝ ਹੋਰ ਲੋਕ ਜਖ਼ਮੀ ਹੋ ਗਏ। ਜਦੋਂ ਇਸ ਸਬੰਧੀ ਪ੍ਰਬੰਧਕ ਕਮੇਟੀ ਨਾਲ ਗੱਲ ਕੀਤੀ ਤਾਂ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਜਸਪਾਲ ਸਿੰਘ ਨਿੱਝਰ ਦੇ ਇੱਕ ਹਮਾਇਤੀ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਵੱਲੋਂ ਵਧੀਆ ਪ੍ਰਬੰਧ ਕੀਤੇ ਗਏ ਹਨ, ਪਰ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਚੱਲ ਰਹੇ ਕਾਰਜ ਕਰਕੇ ਸੰਗਤਾਂ ਦੀ ਸਹਿਮਤੀ ਨਾਲ ਕੁਝ ਸਮਾਂ ਹੋਰ ਦਿੱਤਾ ਗਿਆ ਸੀ।

ਦੂਜੇ ਪਾਸੇ ਇਸ ਕਮੇਟੀ ਨੂੰ ਪਹਿਲਾਂ ਵੀ ਪ੍ਰਬੰਧ ਦੇਰੀ ਨਾਲ ਸੌਂਪਿਆ ਗਿਆ ਸੀ। ਪਰ ਕੁਝ ਲੋਕਾਂ ਵੱਲੋਂ ਜਾਣਬੁੱਝ ਕੇ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੇ ਦੀਵਾਨ ਵਿੱਚ ਬੋਲ-ਕਬੋਲ ਕੀਤੇ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਕਪਤਾਨ ਸਿੰਘ ਦੇ ਬਿਆਨਾਂ 'ਤੇ ਸ਼ਿਕਾਇਤ ਦਰਜ਼ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੋਵੇਂ ਧਿਰਾਂ ਇੱਕ ਦੂਜੇ ਤੇ ਦੂਸ਼ਣਬਾਜ਼ੀ ਲਾ ਰਹੀਆਂ ਹਨ।

## ਆਸਟਰੇਲੀਆ 'ਚ ਹੁਣ 16 ਸਾਲ ਤੋਂ ਘੱਟ ਉਮਰ ਦੇ ਬੱਚੇ ਨਹੀਂ ਚਲਾ ਸਕਣਗੇ ਸੋਸ਼ਲ ਮੀਡੀਆ

**ਮੈਲਬਰਨ : ਆਸਟਰੇਲੀਆ ਦੇ ਅਧਿਕਾਰੀਆਂ ਨੇ ਕਿਹਾ ਕਿ ਦੇਸ਼ ਵਿੱਚ ਦਸੰਬਰ ਮਹੀਨੇ ਤੋਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤਿਆਂ ਤੇ ਪਾਬੰਦੀ ਲਾਗੂ ਹੋਣ ਵਾਲੀ ਹੈ, ਜਿਸ ਕਰਕੇ ਸੋਸ਼ਲ ਮੀਡੀਆ ਪਲੇਟਫਾਰਮ 10 ਦਸੰਬਰ ਤੋਂ ਸਾਰੇ ਖਾਤਾ ਧਾਰਕਾਂ ਤੋਂ ਉਮਰ ਦੀ ਪੁਸ਼ਟੀ ਦੀ ਮੰਗ ਨਾ ਕਰਨ। ਸਰਕਾਰ ਨੇ ਟਿਕਟਾਕ, ਫੇਸਬੁੱਕ, ਸਨੈਪਚੈਟ, ਰੈਡਿਟ, ਐਕਸ ਅਤੇ ਇੰਸਟਾਗ੍ਰਾਮ ਵਰਗੇ ਪਲੇਟਫਾਰਮਾਂ ਨੂੰ ਦੁਨੀਆ ਵਿੱਚ ਪਹਿਲੀ ਵਾਰ ਲੱਗ ਰਹੀ ਅਜਿਹੀ ਪਾਬੰਦੀ ਨੂੰ ਲਾਗੂ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।**

# ਵੁਲਵਰਹੈਂਪਟਨ ਵਿੱਚ ਇੱਕ ਕਾਰ ਵਿੱਚੋਂ ਹਥਿਆਰ ਜ਼ਬਤ ਕਰਨ ਤੋਂ ਬਾਅਦ ਪੰਜਾਬੀ ਮੂਲ ਦੇ 4 ਵਿਅਕਤੀਆਂ ਗ੍ਰਿਫਤਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੁਲਵਰਹੈਂਪਟਨ ਵਿੱਚ ਇੱਕ ਕਾਰ ਵਿੱਚੋਂ ਹਥਿਆਰ ਜ਼ਬਤ ਕਰਨ ਤੋਂ ਬਾਅਦ ਪੰਜਾਬੀ ਮੂਲ ਦੇ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ 'ਤੇ ਹਥਿਆਰਾਂ ਦੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਸੋਮਵਾਰ 15 ਸਤੰਬਰ ਨੂੰ ਬਲੈਕ ਕੰਟਰੀ ਰੂਟ 'ਤੇ ਰੋਕੀ ਗਈ ਇੱਕ ਕਾਰ ਵਿੱਚੋਂ ਇੱਕ ਹੈਂਡਗੰਨ ਅਤੇ ਤਲਵਾਰਾਂ ਮਿਲਣ ਤੋਂ ਬਾਅਦ ਇਹ ਗ੍ਰਿਫਤਾਰੀਆਂ ਹੋਈਆਂ ਹਨ। ਮੇਜਰ ਕ੍ਰਾਈਮ ਯੂਨਿਟ ਦੇ ਅਧਿਕਾਰੀਆਂ ਦੁਆਰਾ ਚਾਰਾਂ ਵਿਅਕਤੀਆਂ 'ਤੇ ਹਥਿਆਰਾਂ ਦੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ।

ਜ਼ੋਰਾਵਰ ਸਿੰਘ 30, ਗੁਰਵਿੰਦਰ ਸਿੰਘ 24, ਹਰਪਨਦੀਪ ਸਿੰਘ 22, ਅਤੇ ਹਰਸ਼ਹਿਜਦੀਪ ਸਿੰਘ 20, ਸਾਰਿਆਂ 'ਤੇ ਹਿੰਸਾ ਦਾ ਡਰ ਪੈਦਾ ਕਰਨ ਦੇ ਇਰਾਦੇ ਨਾਲ ਹਥਿਆਰ ਰੱਖਣ, ਗੋਲਾ ਬਾਰੂਦ ਰੱਖਣ, ਤੇਜ਼ਧਾਰ ਹਥਿਆਰ ਰੱਖਣ ਅਤੇ ਜ਼ਖਮੀ ਕਰਨ ਦੇ ਇਰਾਦੇ ਦੇ ਦੋਸ਼ ਲਗਾਏ ਗਏ ਹਨ। ਚਾਰੇ ਵਿਅਕਤੀਆਂ ਬਾਅਦ ਵਿੱਚ ਵੁਲਵਰਹੈਂਪਟਨ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ।

# ਲੰਡਨ ਵਿੱਚ ਮੁੜ ਵੱਜੇਗਾ ਅਕਾਸ਼ ਰੇਡੀਓ-ਸੁਖਵਿੰਦਰ ਸਿੰਘ ਸੁੱਖੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੱਕ ਦਹਾਕੇ ਤੋਂ ਵੱਧ ਸਮਾਂ ਚੱਲਣ ਵਾਲਾ ਅਕਾਸ਼ ਰੇਡੀਓ ਲੰਮੇ ਅਰਸੇ ਬਾਅਦ ਮੁੜ ਪੱਛਮੀ ਲੰਡਨ ਵਿੱਚ ਸ਼ੁਰੂ ਹੋਣ ਜਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਵਿੰਦਰ ਸਿੰਘ ਸੁੱਖੀ ਨੇ ਕਿਹਾ ਕਿ ਅਕਾਸ਼ ਰੇਡੀਓ ਨੂੰ ਹੁਣ ਡੀ ਏ ਬੀ ਰੇਡੀਓ 'ਤੇ ਪ੍ਰਸਾਰਣ ਕਰਨ ਲਈ ਸੀ ਡੀ ਐਸ ਪੀ ਲਾਇਸੈਂਸ ਮਿਲ ਗਿਆ ਹੈ।ਉਹਨਾਂ ਕਿਹਾ ਕਿ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਬਾਅਦ ਜਲਦ ਹੀ ਭਾਈਚਾਰੇ ਲਈ ਪ੍ਰਸਾਰਣ ਸ਼ੁਰੂ ਕਰ ਦਿੱਤਾ ਜਾਵੇਗਾ। ਪ੍ਰਬੰਧਕਾਂ ਮੁਤਾਬਕ, ਅਕਾਸ਼ ਰੇਡੀਓ ਤਿੰਨ ਭਾਸ਼ਾਵਾਂ ਵਿੱਚ ਸੇਵਾਵਾਂ ਦੇਵੇਗਾ।



ਸੁਖਵਿੰਦਰ ਸਿੰਘ ਸੁੱਖੀ


# VACANCIES
# JSR CONTRACTS LTD.

## ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਬ੍ਰਮਿੰਘਮ ਵੱਲੋਂ ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾਂਜਲੀ




ਮਹਾਰਾਜਾ ਦਲੀਪ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਮੌਕੇ ਸਿੱਖ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਬ੍ਰਮਿੰਘਮ ਦੇ ਉਪਰਾਲੇ ਸਦਕਾ ਗੁਰਦੁਆਰਾ ਸਾਹਿਬ ਦੇ ਟਰੱਸਟੀ ਸ. ਹਰਦੀਪ ਸਿੰਘ ਪੰਛੀ, ਸ. ਮਨਜਿੰਦਰ ਸਿੰਘ ਦੀ ਅਗਵਾਈ ਵਿੱਚ ਖ਼ਾਲਸਾ ਰਾਜ ਦੇ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਨੂੰ ਯਾਦ ਕਰਦਿਆਂ ਵੱਡੀ ਗਿਣਤੀ ਵਿਚ ਸਿੱਖ ਭਾਈਚਾਰਾ ਐਡਵੀਡਨ ਚਰਚ ਸੇਂਟ ਐਂਡਰਿਊ ਅਤੇ ਸੇਂਟ ਪੈਟਰਿਕ ਵਿਖੇ ਪਹੁੰਚਿਆ ਅਤੇ ਸ਼ਰਧਾਂਜਲੀ ਭੇਟ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਤਾ ਨੇ ਦੱਸਿਆ ਕਿ 200 ਤੋਂ ਵੱਧ ਸਿੱਖ ਸੰਗਤਾਂ ਦਾ ਜਥਾ ਥੈਟਫੋਰਡ ਪਹੁੰਚਿਆ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਪ੍ਰਬੰਧਕਾਂ ਅਤੇ ਸੰਗਤਾਂ ਨਾਲ ਮਿਲ ਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਜੰਗਬਾਜ ਸਿੰਘ ਅਤੇ ਬਾਬਾ ਮਨਪ੍ਰੀਤ ਸਿੰਘ ਨੇ ਚੌਪਈ ਸਾਹਿਬ ਦੇ ਪਾਠ ਕੀਤੇ ਅਤੇ ਗਿਆਨੀ ਜਗਤਾਰ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ ਨੇ ਅਰਦਾਸ ਕੀਤੀ। ਸੰਗਤ ਨੂੰ ਇੱਥੋਂ ਦੇ ਇਤਿਹਾਸ ਬਾਰੇ ਜਾਣਕਾਰੀ ਵੀ ਦਿੱਤੀ ਗਈ। ਸਮੂਹ ਸੰਗਤ ਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## ਯੂ.ਕੇ. 'ਚ ਸਿੱਖ ਕੁੜੀ ਨਾਲ ਜਬਰ ਜਨਾਹ ਕਰਨ ਵਾਲਿਆਂ ਦੀ ਸੂਹ ਦੇਣ ਵਾਲੇ ਨੂੰ 20,000 ਪੌਂਡ ਦਾ ਇਨਾਮ ਦੇਣ ਦਾ ਐਲਾਨ

***ਲੰਡਨ : ਬਰਤਾਨੀਆਂ ਦੀ ਅਪਰਾਧ ਵਿਰੁਧ ਲੜਨ ਵਾਲੀ ਚੈਰਿਟੀ ਕ੍ਰਾਈਮਸਟਾਪਰਜ਼ ਨੇ ਓਲਡਬਰੀ ਚ ਇਕ ਸਿੱਖ ਔਰਤ ਨਾਲ ਨਸਲੀ ਜਬਰ ਜਨਾਹ ਦੇ ਮਾਮਲੇ ਚ ਜ਼ਿੰਮੇਵਾਰ ਲੋਕਾਂ ਨੂੰ ਗ੍ਰਿਫਤਾਰ ਕਰਨ ਅਤੇ ਦੋਸ਼ੀ ਠਹਿਰਾਏ ਜਾਣ ਦੀ ਸੂਚਨਾ ਦੇਣ ਲਈ 20,000 ਪੌਂਡ ਇਨਾਮ ਦੇਣ ਦੀ ਪੇਸ਼ਕਸ਼ ਕੀਤੀ ਹੈ।***

ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ ਕਿ ਪਿਛਲੇ ਹਫਤੇ ਸੈਂਡਵੈਲ ਦੇ ਓਲਡਬਰੀ ਦੇ ਟੇਮ ਰੋਡ ਉਤੇ 20 ਸਾਲ ਦੀ ਔਰਤ ਉਤੇ ਹੋਏ ਹਮਲੇ ਤੋਂ ਬਾਅਦ ਉਸ ਦੀ ਜਾਂਚ ਤੇਜ਼ੀ ਨਾਲ ਜਾਰੀ ਹੈ। ਜਬਰ ਜਨਾਹ ਦੇ ਸ਼ੱਕ ਵਿਚ ਗ੍ਰਿਫਤਾਰ ਕੀਤੇ ਗਏ 30 ਸਾਲ ਦੇ ਇਕ ਵਿਅਕਤੀ ਨੂੰ ਬਿਨਾਂ ਕਿਸੇ ਦੋਸ਼ ਦੇ ਜ਼ਮਾਨਤ ਉਤੇ ਰਿਹਾਅ ਕੀਤੇ ਜਾਣ ਤੋਂ ਬਾਅਦ ਕੁੱਝ ਸਥਾਨਕ ਭਾਈਚਾਰਕ ਸਮੂਹਾਂ ਨੇ ਚਿੰਤਾ ਜ਼ਾਹਰ ਕੀਤੀ ਸੀ।

ਵੈਸਟ ਮਿਡਲੈਂਡਜ਼ ਦੇ ਖੇਤਰੀ ਮੈਨੇਜਰ ਐਲਨ ਐਡਵਰਡਜ਼ ਨੇ ਕਿਹਾ, ਅਸੀਂ ਜਾਣਦੇ ਹਾਂ ਕਿ ਇਸ ਹਮਲੇ ਨੇ ਸਥਾਨਕ ਲੋਕਾਂ ਲਈ ਚਿੰਤਾ ਅਤੇ ਚਿੰਤਾ ਪੈਦਾ ਕੀਤੀ ਹੈ। ਉਨ੍ਹਾਂ ਕਿਹਾ, ਸਾਡਾ ਮੰਨਣਾ ਹੈ ਕਿ ਕੋਈ ਵਿਅਕਤੀ ਕੁੱਝ ਜਾਣਦਾ ਹੈ ਅਤੇ ਅਸੀਂ ਉਨ੍ਹਾਂ ਨੂੰ ਗੁੰਮਨਾਮ ਤੌਰ ਉਤੇ ਅੱਗੇ ਆਉਣ ਲਈ ਉਤਸ਼ਾਹਤ ਕਰਨਾ ਚਾਹੁੰਦੇ ਹਾਂ। ਇਨਾਮ ਕਿਸੇ ਵੀ ਜਾਣਕਾਰੀ ਵਾਲੇ ਵਿਅਕਤੀ ਨੂੰ ਬੋਲਣ ਲਈ ਪ੍ਰੇਰਿਤ ਕਰਨ ਲਈ ਪੇਸ਼ ਕੀਤਾ ਜਾਂਦਾ ਹੈ, ਭਾਵੇਂ ਕਿੰਨਾ ਵੀ ਛੋਟਾ ਵੇਰਵਾ ਕਿਉਂ ਨਾ ਹੋਵੇ।

ਕ੍ਰਾਈਮਸਟਾਪਰਸ ਪੁਲਿਸ ਤੋਂ ਸੁਤੰਤਰ ਤੌਰ ਉਤੇ ਕੰਮ ਕਰਦਾ ਹੈ ਅਤੇ ਕਿਹਾ ਕਿ 20,000 ਪੌਂਡ ਤਕ ਦਾ ਇਨਾਮ ਕਿਸੇ ਵੀ ਵਿਅਕਤੀ ਲਈ ਉਪਲਬਧ ਹੈ ਜੋ ਸਿੱਧੇ ਤੌਰ ਉਤੇ ਚੈਰਿਟੀ ਨੂੰ ਜਾਣਕਾਰੀ ਦਿੰਦਾ ਹੈ ਜਿਸ ਨਾਲ ਹਮਲੇ ਲਈ ਜ਼ਿੰਮੇਵਾਰ ਲੋਕਾਂ ਦੀ ਗ੍ਰਿਫਤਾਰੀ ਅਤੇ ਦੋਸ਼ੀ ਠਹਿਰਾਇਆ ਜਾਂਦਾ ਹੈ। ਜਾਣਕਾਰੀ ਨਾਲ ਚੈਰਿਟੀ ਕੋਲ ਪਹੁੰਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਗੁੰਮਨਾਮ ਰਹਿਣ ਦਾ ਵਿਕਲਪ ਦਿਤਾ ਜਾਂਦਾ ਹੈ।

## ਓਲਡਬਰੀ, ਬਿਲਸਟਨ ਅਤੇ ਸਮੈਥਵਿਕ ਵਿੱਚ ਛਾਪੇਮਾਰੀ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ

ਮਿਡਲੈਂਡਜ਼ ਭਰ ਵਿੱਚ ਛਾਪੇਮਾਰੀ ਤੋਂ ਬਾਅਦ 20 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇੱਕ ਇਮੀਗ੍ਰੇਸ਼ਨ ਕੇਂਦਰ ਵਿੱਚ 12 ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਗ੍ਰਹਿ ਦਫ਼ਤਰ ਦੀ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮ ਦੇ ਅਧਿਕਾਰੀਆਂ ਨੇ ਗੈਰ-ਕਾਨੂੰਨੀ ਕੰਮ ਕਰਨ 'ਤੇ ਆਪਣੀ ਵੱਡੀ ਰੋਕ ਦੇ ਹਿੱਸੇ ਵਜੋਂ ਫਰਮਾਂ 'ਤੇ ਛਾਪਾ ਮਾਰਿਆ। 'ਖੁਫੀਆ ਜਾਣਕਾਰੀ' ਤੋਂ ਬਾਅਦ, ਟੀਮ ਨੇ ਬੁੱਧਵਾਰ, 17 ਸਤੰਬਰ ਨੂੰ 'ਯੂਕੇ ਤੋਂ ਹਟਾਉਣ' ਲਈ 21 ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ 12 ਹੋਰਾਂ ਨੂੰ ਹਿਰਾਸਤ ਵਿੱਚ ਲਿਆ।
ਅਧਿਕਾਰੀਆਂ ਨੇ ਬਿਲਸਟਨ ਦੇ ਐਸ਼ ਸਟਰੀਟ ਵਿੱਚ ਪਾਊਡਰ ਕੋਟਿੰਗ ਡਬਲਯੂਐਮ ਵਿਖੇ ਭਾਰਤੀ ਨਾਗਰਿਕਤਾ ਦੇ ਨੌਂ ਆਦਮੀਆਂ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਨੂੰ ਵੀਜ਼ਾ ਸ਼ਰਤਾਂ ਦੀ ਉਲੰਘਣਾ ਕਰਕੇ ਕੰਮ ਕਰਨ ਅਤੇ ਉਨ੍ਹਾਂ ਦੇ ਵੀਜ਼ਾ ਤੋਂ ਵੱਧ ਸਮੇਂ ਲਈ ਠਹਿਰਾਉਣ ਸਮੇਤ ਅਪਰਾਧਾਂ ਲਈ ਗ੍ਰਿਫਤਾਰ ਕੀਤਾ ਗਿਆ ਸੀ।

ਫਿਰ ਘਰਾਂ 'ਤੇ ਛਾਪੇਮਾਰੀ ਕੀਤੀ ਗਈ, ਜਿਸ ਕਾਰਨ ਦੋ ਹੋਰ ਆਦਮੀਆਂ ਨੂੰ ਉਨ੍ਹਾਂ ਦੇ ਵੀਜ਼ਾ ਤੋਂ ਵੱਧ ਸਮੇਂ ਲਈ ਠਹਿਰਾਉਣ ਲਈ ਗ੍ਰਿਫਤਾਰ ਕੀਤਾ ਗਿਆ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com


## ਜਰਮਨੀ 'ਚ ਪੜ੍ਹਾਈ ਕਰਨ ਗਈ ਜੋਬਨਪ੍ਰੀਤ ਕੌਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



ਬਨੂੜ : ਬਨੂੜ ਨੇੜਲੇ ਪਿੰਡ ਸਿਆਊ ਦੇ ਵਸਨੀਕ ਜਗਜੀਤ ਸਿੰਘ ਦੀ ਜਰਮਨੀ ਵਿੱਚ ਪੜ੍ਹਾਈ ਕਰਨ ਗਈ 19 ਸਾਲ ਦੀ ਨੌਜਵਾਨ ਪੁੱਤਰੀ ਜੋਬਨਪ੍ਰੀਤ ਕੌਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਕਿਰਪਾਲ ਸਿੰਘ ਸਿਆਊ ਨੇ ਦੱਸਿਆ ਕਿ ਉਸ ਦੇ ਭਤੀਜੇ ਜਗਜੀਤ ਸਿੰਘ ਦੀ 19 ਸਾਲ ਦੀ ਪੁੱਤਰੀ ਜੋਬਨਪ੍ਰੀਤ ਕੌਰ ਪਿਛਲੇ ਸਾਲ ਜਰਮਨੀ ਦੇ ਸ਼ਹਿਰ ਬਰਲਿਨ ਵਿੱਚ ਸਥਿਤ ਗਿਸਮਾਂ ਯੂਨੀਵਰਸਿਟੀ ਆਫ ਅਪਲਾਈਡ ਸਾਇੰਸ ਵਿਖੇ ਬੀ. ਐਸ. ਸੀ ਇੰਟਰਨੈਸ਼ਨਲ ਬਿਜਨੈਸ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਗਈ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਉਸ ਦੇ ਭਤੀਜੇ ਨੂੰ ਜਰਮਨੀ ਦੀ ਅੰਬੈਸੀ ਤੋਂ ਫੋਨ ਆਇਆ ਕਿ ਜੋਬਨਪ੍ਰੀਤ ਕੌਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਇਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਵਿਦੇਸ਼ ਮੰਤਰਾਲੇ ਰਾਹੀਂ ਜਰਮਨੀ ਦੀ ਅੰਬੈਸੀ ਨੂੰ ਜੋਬਨਪ੍ਰੀਤ ਕੌਰ ਦੀ ਮ੍ਰਿਤਕ ਦੇਹ ਨੂੰ ਵਾਪਸ ਭੇਜਣ ਲਈ ਚਿੱਠੀ ਭੇਜੀ ਗਈ ਤਾਂ ਜੋ ਉਸ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਜਾ ਸਕਣ। ਦੱਸਣਯੋਗ ਹੈ ਕਿ ਜੋਬਨ ਪ੍ਰੀਤ ਕੌਰ ਦਾ ਪਿਤਾ ਖੇਤੀਬਾੜੀ ਕਰਦਾ ਹੈ ਅਤੇ ਉਹ ਇਕ ਲੜਕੀ ਤੇ ਲੜਕੇ ਦਾ ਪਿਉਂ ਸੀ। ਇਸ ਘਟਨਾ ਬਾਰੇ ਸੂਚਨਾ ਮਿਲਣ ਤੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ: ਅਨੰਦ ਕਾਰਜ ਰਜਿਸਟ੍ਰੇਸ਼ਨ ਲਈ ਨਿਯਮ ਜਾਰੀ

## ✪ ਸਿੱਖ ਵਿਆਹਾਂ ਨੂੰ ਮਿਲੇਗੀ ਕਾਨੂੰਨੀ ਮਾਨਤਾ: ਚਾਰ ਮਹੀਨਿਆਂ ਵਿਚ ਨਿਯਮ ਬਣਾਉਣ ਦੇ ਹੁਕਮ ✪ ਸਿੱਖ ਭਾਈਚਾਰੇ ਦੀ ਜਿੱਤ: ਅਨੰਦ ਕਾਰਜ ਨੂੰ ਮਿਲੇਗੀ ਬਰਾਬਰੀ ਵਾਲੀ ਮਾਨਤਾ




ਬੀਤੇ ਦਿਨੀਂ ਸੁਪਰੀਮ ਕੋਰਟ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹੁਕਮ ਦਿੱਤਾ ਹੈ ਕਿ ਉਹ ਚਾਰ ਮਹੀਨਿਆਂ ਦੇ ਅੰਦਰ 'ਅਨੰਦ ਕਾਰਜ' ਵਿਆਹਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾ ਕੇ ਨੋਟੀਫਾਈ ਕਰਨ। ਇਹ ਫੈਸਲਾ ਨਾ ਸਿਰਫ਼ ਸਿੱਖ ਭਾਈਚਾਰੇ ਦੀ ਧਾਰਮਿਕ ਪਛਾਣ ਨੂੰ ਮਾਨਤਾ ਦਿੰਦਾ ਹੈ, ਬਲਕਿ ਨਾਗਰਿਕ ਬਰਾਬਰੀ ਨੂੰ ਵੀ ਯਕੀਨੀ ਬਣਾਉਂਦਾ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਆਪਣੇ 4 ਸਤੰਬਰ ਨੂੰ ਪਾਸ ਕੀਤੇ ਹੁਕਮ ਵਿੱਚ ਕਿਹਾ ਸੀ ਕਿ ਜਦੋਂ ਕਾਨੂੰਨ ਅਨੰਦ ਕਾਰਜ ਨੂੰ ਵਿਆਹ ਦੇ ਕਾਨੂੰਨੀ ਰੂਪ ਵਜੋਂ ਮਾਨਤਾ ਦਿੰਦਾ ਹੈ, ਪਰ ਰਜਿਸਟ੍ਰੇਸ਼ਨ ਲਈ ਕੋਈ ਨਿਯਮ ਨਹੀਂ ਬਣਾਉਂਦਾ, ਤਾਂ ਇਹ ਵਾਅਦਾ ਅੱਧਾ-ਅਧੂਰਾ ਹੀ ਨਿਭਾਇਆ ਜਾਂਦਾ ਹੈ।

ਇਹ ਮਾਮਲਾ ਇੱਕ ਪਬਲਿਕ ਇੰਟਰੈਸਟ ਲਿਟੀਗੇਸ਼ਨ (ਪੀਆਈਐਲ) 'ਤੇ ਸੁਣਵਾਈ ਦੌਰਾਨ ਉੱਭਰਿਆ, ਜਿਸ ਨੂੰ ਅਮਨਜੋਤ ਸਿੰਘ ਨੇ ਫਾਈਲ ਕੀਤਾ ਸੀ। ਅਮਨਜੋਤ ਸਿੰਘ , ਜੋ ਖੁਦ ਇੱਕ ਸਿੱਖ ਨਾਗਰਿਕ ਹਨ, ਨੇ ਆਰਟੀਕਲ 32 ਅਧੀਨ ਇਹ ਪਟੀਸ਼ਨ ਦਰਜ ਕੀਤੀ ਸੀ। ਉਹਨਾਂ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਅਨੰਦ ਮੈਰਿਜ ਐਕਟ, 1909 (2013 ਵਿੱਚ ਸੋਧਿਆ ਹੋਇਆ) ਦੀ ਧਾਰਾ 6 ਅਧੀਨ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ 'ਤੇ ਹੈ, ਪਰ ਬਹੁਤੇ ਸੂਬਿਆਂ ਵਿੱਚ ਇਹ ਨਹੀਂ ਹੋਇਆ। ਨਤੀਜੇ ਤੌਰ 'ਤੇ ਸਿੱਖ ਜੋੜਿਆਂ ਨੂੰ ਹੋਰ ਵਿਆਹਾਂ ਵਾਂਗ ਰਜਿਸਟ੍ਰੇਸ਼ਨ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਕੁਝ ਸੂਬਿਆਂ ਜਿਵੇਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਨਿਯਮ ਬਣੇ ਹੋਏ ਹਨ, ਪਰ ਬਾਕੀ 17 ਸੂਬਿਆਂ ਅਤੇ 7 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਅਜੇ ਵੀ ਇਹ ਕਾਨੂੰਨ ਅੱਧਾ-ਅਧੂਰਾ ਹੈ। ਅਮਨਜੋਤ ਨੇ ਪਹਿਲਾਂ ਉੱਤਰਾਖੰਡ ਹਾਈਕੋਰਟ ਵਿੱਚ ਵੀ ਇਹ ਮਾਮਲਾ ਉਠਾਇਆ ਸੀ, ਜਿਥੇ ਕੋਰਟ ਨੇ ਸੂਬਾ ਨੂੰ ਨਿਯਮ ਬਣਾਉਣ ਦੇ ਹੁਕਮ ਦਿੱਤੇ ਸਨ, ਪਰ ਕੇਂਦਰੀ ਪੱਧਰ 'ਤੇ ਇਹ ਸਮੱਸਿਆ ਜਾਰੀ ਸੀ।

ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਧਾਰਾ 6 ਇੱਕ ਸਕਾਰਾਤਮਕ ਫਰਜ਼ ਨਿਰਧਾਰਤ ਕਰਦੀ ਹੈ, ਜਿਸ ਅਧੀਨ ਹਰੇਕ ਸੂਬੇ ਨੂੰ ਅਨੰਦ ਕਾਰਜ ਵਿਆਹਾਂ ਲਈ ਰਜਿਸਟ੍ਰੇਸ਼ਨ ਮਸ਼ੀਨਰੀ ਬਣਾਉਣੀ ਪਵੇਗੀ। ਬੈਂਚ ਨੇ ਕਿਹਾ, "ਇੱਕ ਧਰਮ ਨਿਰਪੱਖ ਗਣਰਾਜ ਵਿੱਚ ਰਾਜ ਨੂੰ ਕਿਸੇ ਨਾਗਰਿਕ ਦੀ ਆਸਥਾ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ।" ਫੈਸਲੇ ਅਨੁਸਾਰ, ਜਦੋਂ ਤੱਕ ਨਿਯਮ ਨੋਟੀਫਾਈ ਨਹੀਂ ਹੁੰਦੇ, ਤੱਕ ਸਾਰੇ ਸੂਬੇ ਅਤੇ ਯੂਟੀਆਂ ਨੂੰ ਮੌਜੂਦਾ ਵਿਆਹ ਰਜਿਸਟ੍ਰੇਸ਼ਨ ਢਾਂਚੇ ਅਧੀਨ ਅਨੰਦ ਕਾਰਜ ਵਿਆਹਾਂ ਨੂੰ ਬਿਨਾਂ ਵਿਤਕਰੇ ਰਜਿਸਟਰ ਕਰਨਾ ਹੋਵੇਗਾ। ਜੇਕਰ ਜੋੜਾ ਚਾਹੇ ਤਾਂ ਸਰਟੀਫਿਕੇਟ ਵਿੱਚ 'ਅਨੰਦ ਕਾਰਜ' ਰੀਤ ਨੂੰ ਵੀ ਲਿਖਿਆ ਜਾਵੇ। ਇਹ ਅੰਤਰਿਮ ਉਪਾਅ ਹਨ ਜੋ ਰਜਿਸਟ੍ਰੇਸ਼ਨ ਨੂੰ ਰੋਕ ਨਹੀਂ ਸਕਦੇ।

ਇਸ ਫੈਸਲੇ ਨਾਲ ਸਿੱਖ ਭਾਈਚਾਰੇ ਨੂੰ ਵੱਡੇ ਅਧਿਕਾਰ ਮਿਲਣਗੇ। ਪਹਿਲਾਂ ਅਨੰਦ ਕਾਰਜ ਵਿਆਹਾਂ ਨੂੰ ਕਾਨੂੰਨੀ ਮਾਨਤਾ ਤਾਂ ਮਿਲੀ ਹੋਈ ਸੀ, ਪਰ ਰਜਿਸਟ੍ਰੇਸ਼ਨ ਨਾ ਹੋਣ ਕਾਰਨ ਜੋੜਿਆਂ ਨੂੰ ਵਸੌਂ, ਵਿਰਾਸਤ, ਬੀਮੇ, ਵਜ਼ੀਫੇ ਅਤੇ ਹੋਰ ਨਾਗਰਿਕ ਅਧਿਕਾਰਾਂ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਇਹ ਵਿਆਹ ਹੋਰ ਵਿਆਹਾਂ ਵਾਂਗ ਪੂਰੀ ਤਰ੍ਹਾਂ ਪ੍ਰਮਾਣਿਤ ਹੋਣਗੇ, ਜੋ ਖਾਸ ਕਰਕੇ ਔਰਤਾਂ ਅਤੇ ਬੱਚਿਆਂ ਦੇ ਹੱਕਾਂ ਨੂੰ ਸੁਰੱਖਿਅਤ ਕਰੇਗਾ। ਬੈਂਚ ਨੇ ਜ਼ੋਰ ਦਿੱਤਾ ਕਿ ਰਜਿਸਟ੍ਰੇਸ਼ਨ ਨਾ ਹੋਣ ਨਾਲ ਵਿਆਹ ਗੈਰ ਕਨੂੰਨੀ ਨਹੀਂ ਹੁੰਦਾ, ਪਰ ਸਰਟੀਫਿਕੇਟ ਨਾ ਹੋਣ ਨਾਲ ਨਾਗਰਿਕ ਜੀਵਨ ਵਿੱਚ ਅਨਿਆਂ ਹੁੰਦਾ ਹੈ। ਇਹ ਫੈਸਲਾ ਸਿੱਖ ਰੀਤੀ-ਰਿਵਾਜ ਨੂੰ ਸੰਵਿਧਾਨਕ ਸੁਰੱਖਿਆ ਦਿੰਦਾ ਹੈ ਅਤੇ ਭਵਿੱਖੀ ਪੀੜ੍ਹੀਆਂ ਨੂੰ ਆਪਣੇ ਧਾਰਮਿਕ ਵਿਆਹ ਨੂੰ ਰਜਿਸਟਰ ਕਰਨ ਦਾ ਅਧਿਕਾਰ ਦਿੰਦਾ ਹੈ।

ਫੈਸਲੇ ਨੂੰ ਲਾਗੂ ਕਰਨ ਲਈ ਕੋਰਟ ਨੇ ਵਿਸ਼ੇਸ਼ ਨਿਰਦੇਸ਼ ਵੀ ਜਾਰੀ ਕੀਤੇ ਹਨ। ਹਰੇਕ ਸੂਬੇ ਅਤੇ ਯੂਟੀ ਵਿੱਚ ਸੈਕਟਰੀ ਪੱਧਰੀ ਨੋਡਲ ਅਧਿਕਾਰੀ ਨਿਯੁਕਤ ਕੀਤੇ ਜਾਣ। ਕੇਂਦਰ ਸਰਕਾਰ ਨੂੰ ਕੋਆਰਡੀਨੇਟਿੰਗ ਅਥਾਰਟੀ ਬਣਾਇਆ ਗਿਆ ਹੈ, ਜੋ ਦੋ ਮਹੀਨਿਆਂ ਵਿੱਚ ਮਾਡਲ ਨਿਯਮ ਤਿਆਰ ਕਰਕੇ ਸੂਬਿਆਂ ਨੂੰ ਭੇਜੇਗੀ। ਛੇ ਮਹੀਨਿਆਂ ਵਿੱਚ ਕੇਂਦਰ ਨੂੰ ਰਿਪੋਰਟ ਕੋਰਟ ਵਿੱਚ ਦੇਣੀ ਹੋਵੇਗੀ ਅਤੇ ਇਹ ਰਿਪੋਰਟ ਵੀ ਕਾਨੂੰਨ ਮੰਤਰਾਲੇ ਦੀ ਵੈੱਬਸਾਈਟ 'ਤੇ ਅਪਲੋਡ ਕਰਨੀ ਹੋਵੇਗੀ। ਖਾਸ ਤੌਰ 'ਤੇ ਗੋਆ, ਦਮਣ-ਦੀਵ ਅਤੇ ਸਿੱਕਮ ਵਰਗੇ ਪ੍ਰਦੇਸ਼ਾਂ ਲਈ ਅੰਤਰੀਮ ਰਜਿਸਟ੍ਰੇਸ਼ਨ ਨੂੰ ਜ਼ਰੂਰੀ ਬਣਾਇਆ ਗਿਆ ਹੈ। ਕੋਰਟ ਨੇ ਚੇਤਾਵਨੀ ਵੀ ਦਿੱਤੀ ਕਿ ਨਿਯਮ ਨਾ ਹੋਣ ਕਾਰਨ ਕੋਈ ਅਰਜ਼ੀ ਰੱਦ ਨਹੀਂ ਕੀਤੀ ਜਾ ਸਕਦੀ।

ਇਸ ਫੈਸਲੇ 'ਤੇ ਨੈਸ਼ਨਲ ਕਮਿਸ਼ਨ ਫਾਰ ਮਾਈਨਾਰਟੀਜ਼ (ਐਨਸੀਐਮ) ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਖੁਸ਼ੀ ਜ਼ਾਹਰ ਕੀਤੀ। ਲਾਲਪੁਰਾ, ਜੋ ਖੁਦ ਸਿੱਖ ਭਾਈਚਾਰੇ ਨਾਲ ਸਬੰਧਤ ਹਨ, ਨੇ ਕਿਹਾ ਕਿ ਇਹ ਫੈਸਲਾ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਕਾਨੂੰਨੀ ਹੱਕ ਦਿੰਦਾ ਹੈ ਅਤੇ ਭੇਦਭਾਵ ਨੂੰ ਖਤਮ ਕਰਦਾ ਹੈ। ਉਹਨਾਂ ਨੇ ਪਿਛਲੇ ਸਾਲਾਂ ਵਿੱਚ ਐਨਸੀਐਮ ਰਾਹੀਂ ਵੀ ਇਸ ਮਾਮਲੇ ਨੂੰ ਉਠਾਇਆ ਸੀ ਅਤੇ ਸੂਬਿਆਂ ਨੂੰ ਅਨੰਦ ਮੈਰਿਜ ਐਕਟ ਲਾਗੂ ਕਰਨ ਲਈ ਲਿਖਿਆ ਸੀ। ਲਾਲਪੁਰਾ ਨੇ ਕਿਹਾ, "ਅਨੰਦ ਕਾਰਜ ਸਿੱਖਾਂ ਦਾ ਪਵਿੱਤਰ ਵਿਆਹ ਹੈ, ਜਿਸ ਨੂੰ ਹੁਣ ਪੂਰੀ ਤਰ੍ਹਾਂ ਮਾਨਤਾ ਮਿਲ ਗਈ ਹੈ। ਇਹ ਨਾ ਸਿਰਫ਼ ਸਿੱਖਾਂ ਲਈ ਬਰਾਬਰੀ ਲਿਆਉਂਦਾ ਹੈ, ਬਲਕਿ ਸੰਵਿਧਾਨਕ ਮੁੱਲਾਂ ਨੂੰ ਵੀ ਮਜ਼ਬੂਤ ਕਰਦਾ ਹੈ।

ਅਸੀਂ ਐਨਸੀਐਮ ਵਜੋਂ ਇਸ ਅਮਲ ਨੂੰ ਨਿਗਰਾਨੀ ਕਰਾਂਗੇ ਅਤੇ ਜੇਕਰ ਕੋਈ ਸਮੱਸਿਆ ਆਈ ਤਾਂ ਤੁਰੰਤ ਕਾਰਵਾਈ ਕਰਾਂਗੇ।" ਉਹਨਾਂ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਿਆਹਾਂ ਨੂੰ ਰਜਿਸਟਰ ਕਰਵਾਉਣ ਤੋਂ ਘਬਰਾਉਣ ਅਤੇ ਨਿਯਮਾਂ ਅਨੁਸਾਰ ਅੱਗੇ ਵਧਣ।

ਇਹ ਫੈਸਲਾ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਹੈ। ਅਨੰਦ ਕਾਰਜ ਨੂੰ 1909 ਵਿੱਚ ਕਾਨੂੰਨੀ ਰੂਪ ਦਿੱਤਾ ਗਿਆ ਸੀ, ਪਰ 2012 ਦੀ ਸੋਧ ਨੇ ਰਜਿਸਟ੍ਰੇਸ਼ਨ ਨੂੰ ਜ਼ਰੂਰੀ ਬਣਾਇਆ। ਵਿਧਾਇਕ ਪਰਗਟ ਸਿੰਘ ਵਰਗੇ ਰਾਜਨੀਤਿਕ ਨੇਤਾ ਨੇ ਵੀ ਇਸ ਨੂੰ ਇਤਿਹਾਸਕ ਕਿਹਾ ਹੈ, ਜੋ ਭਵਿੱਖੀ ਪੀੜ੍ਹੀਆਂ ਨੂੰ ਆਪਣੀ ਪਛਾਣ ਨਾਲ ਜੋੜੇਗਾ। ਜੇਕਰ ਸੂਬੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਜਲਦੀ ਅਮਲ ਵਿੱਚ ਲਿਆਉਂਦੇ ਹਨ, ਤਾਂ ਲੱਖਾਂ ਸਿੱਖਾਂ ਨੂੰ ਰਾਹਤ ਮਿਲੇਗੀ।

# ਪ੍ਰੇਮ ਸਬੰਧਾਂ ਦੇ ਸ਼ੱਕ ਵਿਚ ਮਾਂ ਦੀ ਹੱਤਿਆ ਕਰਨ ਵਾਲੇ ਨੂੰਹ-ਪੁੱਤਰ ਨੂੰ ਹੋਈ ਉਮਰ ਕੈਦ

## ✪ ਅਦਾਲਤ ਨੇ ਚਾਰ ਸਾਲ ਪੁਰਾਣੇ ਹੱਤਿਆਕਾਂਡ ਵਿਚ ਸੁਣਾਈ ਸਜ਼ਾ

ਜਲੰਧਰ-ਨੂਰਮਹਿਲ ਵਿਚ ਪੁੱਤਰ ਨੇ ਆਪਣੀ ਪਤਨੀ ਨਾਲ ਮਿਲ ਕੇ ਮਾਂ ਦੀ ਹੱਤਿਆ ਕਰ ਦਿੱਤੀ ਤੇ ਇਸ ਘਟਨਾ ਤੋਂ ਚਾਰ ਸਾਲ ਬਾਅਦ ਅਦਾਲਤ ਨੇ ਫ਼ੈਸਲਾ ਸੁਣਾਇਆ ਹੈ। ਆਪਣੀ ਮਾਂ 'ਤੇ ਨਾਜਾਇਜ਼ ਸਬੰਧਾਂ ਦਾ ਸ਼ੱਕ ਕਰ ਕੇ ਉਸ ਦੀ ਹੱਤਿਆ ਕਰਨ ਵਾਲੇ ਪੁੱਤਰ ਗਗਨਦੀਪ ਗੱਗੀ ਤੇ ਉਸ ਦੀ ਪਤਨੀ ਗੁਰਪ੍ਰੀਤ ਕੌਰ ਨੂੰ ਅਦਾਲਤ ਨੇ ਮੁਲਜ਼ਮ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਦੋਹਾਂ ਨੂੰ ਚਾਰ ਸਾਲ ਪਹਿਲਾਂ ਨੂਰਮਹਿਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਤੇ ਹੁਣ ਲੰਬੇ ਮੁਕੱਦਮੇ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਮੁਲਜ਼ਮ ਮੰਨਿਆ ਹੈ। ਦੋਹਾਂ ਨੂੰ ਇਕ-ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ ਤੇ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ 'ਚ ਛੇ-ਛੇ ਮਹੀਨੇ ਵਾਧੂ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ 10 ਸਤੰਬਰ 2021 ਦਾ ਹੈ, ਜਦੋਂ ਨੂਰਮਹਿਲ ਦੇ ਮੁਹੱਲਾ ਰਵਿਦਾਸਪੁਰਾ ਦੀ ਬਜ਼ੁਰਗ ਔਰਤ ਵਿਦਿਆ ਦੇਵੀ ਉਰਫ਼ ਭੋਲੀ ਦੀ ਲਾਸ਼ ਉਸ ਦੇ ਘਰ 'ਚ ਖ਼ੂਨ ਨਾਲ ਲਥਪਥ ਹਾਲਤ ਵਿਚ ਮਿਲੀ ਸੀ। ਪੁਲਿਸ ਨੂੰ ਸ਼ੁਰੂਆਤੀ ਜਾਣਕਾਰੀ ਦਿੱਤੀ ਗਈ ਸੀ ਕਿ ਮ੍ਰਿਤਕ ਦੇ ਗਲੇ 'ਤੇ ਕੋਈ ਜ਼ਹਿਰੀਲੀ ਚੀਜ਼ ਲੜ ਗਈ ਹੈ, ਜਿਸ ਕਾਰਨ ਉਸ ਦੀ ਮੌਤ ਹੋ ਗਈ ਹੈ। ਪਰ ਜਦੋਂ ਮ੍ਰਿਤਕਾ ਦੇ ਜਵਾਈ ਤੇ ਉਸ ਦਾ ਭਰਾ ਮੌਕੇ 'ਤੇ ਪਹੁੰਚੇ ਤਾਂ ਉਨ੍ਹਾਂ ਨੇ ਵੇਖਿਆ ਕਿ ਵਿਦਿਆ ਦੇਵੀ ਦੇ ਗਲੇ ਤੇ ਸਰੀਰ 'ਤੇ ਤੇਜ਼ਧਾਰ ਹਥਿਆਰ ਨਾਲ ਹਮਲੇ ਦੇ ਨਿਸ਼ਾਨ ਸਨ। ਪੁੱਤਰ ਤੇ ਨੂੰਹ ਹੋਏ ਫ਼ਰਾਰ, ਬਸ ਅੱਡੇ ਤੋਂ ਪੁਲਿਸ ਨੇ ਕੀਤੇ ਕਾਬੂ ਮ੍ਰਿਤਕਾ ਦੇ ਜਵਾਈ ਅਮਰਜੀਤ ਦੇ ਭਰਾ ਪਿੰਡ ਭੰਡਾਲਾ ਦੇ ਰਹਿਣ ਵਾਲੇ ਨਰਿੰਦਰ ਕੁਮਾਰ ਨੇ ਪੁਲਿਸ ਨੂੰ ਦੱਸਿਆ ਕਿ ਵਿਦਿਆ ਦੇਵੀ ਕਈ ਵਾਰ ਸ਼ਿਕਾਇਤ ਕਰਦੀ ਸੀ ਕਿ ਉਸ ਦਾ ਪੁੱਤਰ ਗਗਨਦੀਪ ਗੱਗੀ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ। ਉਸ ਨੂੰ ਸ਼ੱਕ ਸੀ ਕਿ ਮਾਂ ਦੇ ਨਾਜਾਇਜ਼ ਸਬੰਧ ਹਨ ਤੇ ਇਸੇ ਕਰ ਕੇ ਉਹ ਅਕਸਰ ਉਸ ਨਾਲ ਕੁੱਟਮਾਰ ਕਰਦਾ ਸੀ। ਘਟਨਾ ਵਾਲੇ ਦਿਨ ਵੀ ਵਿਦਿਆ ਦੇਵੀ ਨੇ ਆਪਣੇ ਰਿਸ਼ਤੇਦਾਰਾਂ ਨੂੰ ਫ਼ੋਨ ਕਰ ਕੇ ਦੱਸਿਆ ਸੀ ਕਿ ਉਸ ਦੀ ਤਬੀਅਤ ਖ਼ਰਾਬ ਹੋ ਰਹੀ ਹੈ ਪਰ ਜਦੋਂ ਪਰਿਵਾਰਿਕ ਮੈਂਬਰ ਪਹੁੰਚੇ ਤਾਂ ਉਹ ਖ਼ੂਨ ਨਾਲ ਲਥਪਥ ਸ਼ੱਕੀ ਹਾਲਤ ਵਿਚ ਮ੍ਰਿਤਕ ਪਈ ਸੀ ਤੇ ਉਸ ਦਾ ਪੁੱਤਰ ਗਗਨਦੀਪ ਤੇ ਨੂੰਹ ਗੁਰਪ੍ਰੀਤ ਮੌਕੇ ਤੋਂ ਫ਼ਰਾਰ ਸਨ। ਅਮਰਜੀਤ ਤੇ ਉਸ ਦੇ ਭਰਾ ਨਰਿੰਦਰ ਕੁਮਾਰ ਨੇ ਪੁਲਿਸ ਨੂੰ ਬਿਆਨ ਦਿੱਤਾ ਕਿ ਵਿਦਿਆ ਦੇਵੀ ਕਈ ਵਾਰ ਦੱਸ ਚੁੱਕੀ ਸੀ ਕਿ ਉਸ ਦਾ ਪੁੱਤਰ ਗਗਨਦੀਪ ਉਸ 'ਤੇ ਸ਼ੱਕ ਕਰਦਾ ਹੈ ਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦਾ ਹੈ। ਇਸ ਆਧਾਰ 'ਤੇ ਪੁਲਿਸ ਨੇ ਗਗਨਦੀਪ ਤੇ ਉਸ ਦੀ ਪਤਨੀ ਗੁਰਪ੍ਰੀਤ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ। ਦੋਹਾਂ ਨੂੰ ਬਾਅਦ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਦੌਰਾਨ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ। ਅਦਾਲਤ ਨੇ ਮੰਨਿਆ ਕਿ ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਗਗਨਦੀਪ ਨੇ ਆਪਣੀ ਮਾਂ ਦੀ ਜਾਨ ਲਈ ਤੇ ਉਸ ਦੀ ਪਤਨੀ ਨੇ ਉਸ ਦਾ ਸਾਥ ਦਿੱਤਾ। ਸਾਰੇ ਸਬੂਤਾਂ ਤੇ ਗਵਾਹੀਆਂ ਨੂੰ ਧਿਆਨ 'ਚ ਰੱਖਦਿਆਂ ਅਦਾਲਤ ਨੇ ਦੋਹਾਂ ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ।

# ਅਫਗਾਨਿਸਤਾਨ ਯੂਨੀਵਰਸਿਟੀਆਂ ਵਿਚ ਔਰਤਾਂ ਦੀਆਂ ਕਿਤਾਬਾਂ 'ਤੇ ਪਾਬੰਦੀ

## ✪ ਔਰਤਾਂ ਨਾਲ ਜੁੜੇ ਵਿਸ਼ੇ ਖਤਮ, ਸਿੱਖਿਆ 'ਤੇ ਵੱਡਾ ਸੱਟ ਵਜੀ ✪ ਈਰਾਨੀ ਸਾਹਿਤ 'ਤੇ ਵੀ ਰੋਕ, ਅਫਗਾਨ ਸਭਿਆਚਾਰ ਨੂੰ ਖਤਰਾ ✪ ਕਾਬੁਲ ਯੂਨੀਵਰਸਿਟੀ ਦੇ ਅਧਿਆਪਕ ਪਰੇਸ਼ਾਨ, ਸਿੱਖਿਆ ਵਿਚ ਖਾਲੀਪਣ ਦਾ ਡਰ

ਅਫਗਾਨਿਸਤਾਨ 'ਚ ਤਾਲਿਬਾਨ ਸਰਕਾਰ ਨੇ ਇਕ ਵਾਰ ਫਿਰ ਔਰਤਾਂ ਵਿਰੁੱਧ ਸਖਤ ਕਦਮ ਚੁੱਕਦਿਆਂ ਯੂਨੀਵਰਸਿਟੀਆਂ ਵਿਚ ਔਰਤਾਂ ਵੱਲੋਂ ਲਿਖੀਆਂ ਕਿਤਾਬਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਫੈਸਲਾ 19 ਸਤੰਬਰ 2025 ਤੋਂ ਲਾਗੂ ਹੋ ਗਿਆ ਹੈ, ਜਿਸ ਨਾਲ ਅਫਗਾਨ ਸਿੱਖਿਆ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਤਾਲਿਬਾਨ ਦੇ ਉਚ ਸਿੱਖਿਆ ਮੰਤਰਾਲੇ ਦੇ ਡਿਪਟੀ ਡਾਇਰੈਕਟਰ ਜਿਆਉਰ ਰਹਿਮਾਨ ਆਰਿਉਬੀ ਨੇ ਕਿਹਾ ਕਿ ਇਹ ਫੈਸਲਾ "ਧਾਰਮਿਕ ਵਿਦਵਾਨਾਂ ਅਤੇ ਮਾਹਿਰਾਂ" ਦੀ ਸਲਾਹ ਨਾਲ ਲਿਆ ਗਿਆ ਹੈ। ਇਸ ਨਾਲ ਨਾ ਸਿਰਫ ਔਰਤਾਂ ਦੀਆਂ 140 ਕਿਤਾਬਾਂ ਸਮੇਤ ਕੁੱਲ 680 ਕਿਤਾਬਾਂ 'ਤੇ ਰੋਕ ਲੱਗੀ ਹੈ, ਸਗੋਂ 18 ਵਿਸ਼ਿਆਂ ਨੂੰ ਵੀ ਸਿਲੇਬਸ ਵਿਚੋਂ ਹਟਾਇਆ ਗਿਆ ਹੈ, ਜਿਨ੍ਹਾਂ ਵਿਚੋਂ 6 ਖਾਸ ਤੌਰ 'ਤੇ ਔਰਤਾਂ ਨਾਲ ਸਬੰਧਤ ਸਨ।

ਤਾਲਿਬਾਨ ਦਾ ਇਹ ਫੈਸਲਾ ਔਰਤਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ। ਇਨ੍ਹਾਂ 680 ਕਿਤਾਬਾਂ ਨੂੰ "ਸ਼ਰੀਆ ਵਿਰੋਧੀ" ਅਤੇ ਤਾਲਿਬਾਨ ਦੀਆਂ ਨੀਤੀਆਂ ਦੇ ਖਿਲਾਫ ਦੱਸਿਆ ਗਿਆ ਹੈ। ਇਨ੍ਹਾਂ ਵਿਚੋਂ 140 ਕਿਤਾਬਾਂ ਔਰਤਾਂ ਵੱਲੋਂ ਲਿਖੀਆਂ ਗਈਆਂ ਸਨ, ਜਿਨ੍ਹਾਂ ਵਿਚ ਮਨੁੱਖੀ ਅਧਿਕਾਰ, ਯੌਨ ਸ਼ੋਸ਼ਣ ਅਤੇ ਸਮਾਜਿਕ ਮੁੱਦਿਆਂ 'ਤੇ ਚਰਚਾ ਸੀ। ਇਸ ਤੋਂ ਇਲਾਵਾ, ਤਾਲਿਬਾਨ ਨੇ ਜਿਨ੍ਹਾਂ 18 ਵਿਸ਼ਿਆਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ, ਉਨ੍ਹਾਂ ਵਿਚ ਜੈਂਡਰ ਅਤੇ ਡਿਵੈਲਪਮੈਂਟ, ਔਰਤਾਂ ਦੀ ਸਮਾਜ ਸ਼ਾਸਤਰ ਅਤੇ ਸੰਚਾਰ ਵਿਚ ਔਰਤਾਂ ਦੀ ਭੂਮਿਕਾ ਵਰਗੇ ਵਿਸ਼ੇ ਸ਼ਾਮਲ ਸਨ। ਪਹਿਲਾਂ ਹੀ ਔਰਤਾਂ ਦੀ ਸਿੱਖਿਆ 'ਤੇ ਪੂਰਨ ਪਾਬੰਦੀ, ਬਿਨਾਂ ਪਤੀ ਦੇ ਬਾਹਰ ਜਾਣ 'ਤੇ ਰੋਕ ਅਤੇ ਡਰਾਈਵਿੰਗ 'ਤੇ ਮਨਾਹੀ ਵਰਗੇ ਸਖਤ ਕਦਮ ਚੁੱਕੇ ਜਾ ਚੁੱਕੇ ਹਨ। ਸਾਬਕਾ ਉਪ ਨਿਆਂ ਮੰਤਰੀ ਜਕੀਆ ਅਦੇਲੀ ਨੇ ਇਸ ਦੀ ਸਖਤ ਨਿਖੇਧੀ ਕਰਦਿਆਂ ਕਿਹਾ, "ਜਦੋਂ ਔਰਤਾਂ ਨੂੰ ਪੜ੍ਹਨ ਦੀ ਆਗਿਆ ਨਹੀਂ, ਤਾਂ ਉਨ੍ਹਾਂ ਦੇ ਵਿਚਾਰ ਅਤੇ ਲਿਖਤਾਂ ਨੂੰ ਦਬਾਉਣਾ ਕੋਈ ਹੈਰਾਨੀਜਨਕ ਨਹੀਂ। ਤਾਲਿਬਾਨ ਦੀ ਸੋਚ ਸਿੱਧੇ ਤੌਰ 'ਤੇ ਔਰਤ ਵਿਰੋਧੀ ਹੈ।"

ਇਹ ਪਾਬੰਦੀ ਸਿਰਫ ਅਫਗਾਨ ਔਰਤਾਂ ਦੀਆਂ ਕਿਤਾਬਾਂ ਤੱਕ ਸੀਮਤ ਨਹੀਂ, ਸਗੋਂ ਈਰਾਨੀ ਲੇਖਕਾਂ ਅਤੇ ਪ੍ਰਕਾਸ਼ਕਾਂ ਦੀਆਂ ਕਿਤਾਬਾਂ 'ਤੇ ਵੀ ਲਾਗੂ ਹੋਈ ਹੈ। ਤਾਲਿਬਾਨ ਦਾ ਕਹਿਣਾ ਹੈ ਕਿ ਇਹ ਕਦਮ "ਈਰਾਨੀ ਸਮੱਗਰੀ ਦੀ ਘੁਸਪੈਠ" ਨੂੰ ਰੋਕਣ ਲਈ




ਚੁੱਕਿਆ ਗਿਆ ਹੈ। ਇਸ ਨਾਲ ਅਫਗਾਨਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਵਿਸ਼ਵ ਪੱਧਰੀ ਖੋਜ ਅਤੇ ਸਾਹਿਤ ਤੱਕ ਪਹੁੰਚ ਘਟੇਗੀ, ਜੋ ਅਫਗਾਨ ਸਿੱਖਿਆ ਲਈ ਵੱਡਾ ਝਟਕਾ ਹੈ।

ਕਾਬੁਲ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨੇ ਦੱਸਿਆ ਕਿ ਇਸ ਪਾਬੰਦੀ ਨੇ ਉਨ੍ਹਾਂ ਦੇ ਸਾਹਮਣੇ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਹੁਣ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਖੁਦ ਹੀ ਪਾਠ ਸਮੱਗਰੀ ਤਿਆਰ ਕਰਨੀ ਪੈ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਈਰਾਨੀ ਸਾਹਿਤ ਅਤੇ ਖੋਜ ਵਿਸ਼ਵਵਿਆਪੀ ਗਿਆਨ ਦਾ ਅਹਿਮ ਹਿੱਸਾ ਹੈ, ਅਤੇ ਇਸ 'ਤੇ ਰੋਕ ਨਾਲ ਸਿੱਖਿਆ 'ਚ ਵੱਡਾ ਖਾਲੀਪਣ ਪੈਦਾ ਹੋਵੇਗਾ। ਅਧਿਆਪਕਾਂ ਨੂੰ ਨਵੀਂ ਸਮੱਗਰੀ ਤਿਆਰ ਕਰਨ ਵਿਚ ਸਮਾਂ ਅਤੇ ਸਰੋਤਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਸਿੱਖਿਆ ਦੀ ਗੁਣਵੱਤਾ 'ਤੇ ਵੀ ਅਸਰ ਪਵੇਗਾ।

ਵਿਸ਼ਵ ਦੀਆਂ ਅਖਬਾਰਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦਾ ਨੋਟਿਸ-ਬੀਬੀਸੀ ਸਮੇਤ ਵਿਸ਼ਵ ਦੀਆਂ ਪ੍ਰਮੁੱਖ ਅਖਬਾਰਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਇਸ ਫੈਸਲੇ 'ਤੇ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਤਾਲਿਬਾਨ ਦੀਆਂ ਔਰਤ ਵਿਰੋਧੀ ਨੀਤੀਆਂ ਨਾਲ ਅਫਗਾਨਿਸਤਾਨ ਸਮਾਜਿਕ, ਸਿੱਖਿਅਕ ਅਤੇ ਆਰਥਿਕ ਤੌਰ 'ਤੇ ਹੋਰ ਪਛੜ ਰਿਹਾ ਹੈ। ਇਸ ਨਾਲ ਨਾ ਸਿਰਫ ਅਫਗਾਨ ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, ਸਗੋਂ ਪੂਰੇ ਦੇਸ਼ ਦੀ ਸਿੱਖਿਆ ਪ੍ਰਣਾਲੀ ਅਤੇ ਸਭਿਆਚਾਰਕ ਵਿਕਾਸ ਨੂੰ ਵੀ ਖਤਰਾ ਹੈ। ਇਸ ਫੈਸਲੇ ਨੇ ਅਫਗਾਨਿਸਤਾਨ ਦੀ ਸਿੱਖਿਆ ਵਿਵਸਥਾ ਨੂੰ ਡੂੰਘਾ ਸੱਟ ਮਾਰੀ ਹੈ। ਔਰਤਾਂ ਦੀਆਂ ਕਿਤਾਬਾਂ ਅਤੇ ਵਿਸ਼ਿਆਂ 'ਤੇ ਪਾਬੰਦੀ ਨਾਲ ਨੌਜਵਾਨ ਪੀੜ੍ਹੀ ਨੂੰ ਗਿਆਨ ਦੇ ਮੌਕੇ ਘਟਣਗੇ, ਜਿਸ ਨਾਲ ਅਫਗਾਨਿਸਤਾਨ ਦਾ ਭਵਿੱਖ ਹੋਰ ਅਨਿਸ਼ਚਿਤ ਹੋ ਜਾਵੇਗਾ।

# ਫ਼ਲਸਤੀਨ ਨੂੰ ਬ੍ਰਿਟੇਨ, ਕੈਨੇਡਾ ਤੇ ਆਸਟ੍ਰੇਲੀਆ ਨੇ ਮਾਨਤਾ ਦਿੱਤੀ, ਅਮਰੀਕਾ ਨੇ ਚੁੱਪ ਵਟੀ

## ✪ ਇਜ਼ਰਾਈਲ ਹੋਇਆ ਔਖਾ 'ਅੱਤਵਾਦ ਨੂੰ ਭੜਕਾਉਣ' ਦਾ ਦੋਸ਼ ✪ ਫ਼ਲਸਤੀਨ ਨੂੰ ਸਿਆਸੀ ਮਜ਼ਬੂਤੀ ਮਿਲੀ ਪਰ ਜ਼ਮੀਨੀ ਚੁਣੌਤੀਆਂ ਬਰਕਰਾਰ

ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਨੇ ਫ਼ਲਸਤੀਨ ਨੂੰ ਸੁਤੰਤਰ ਦੇਸ਼ ਵਜੋਂ ਮਾਨਤਾ ਦੇ ਕੇ ਅੰਤਰਰਾਸ਼ਟਰੀ ਸਿਆਸਤ ਵਿੱਚ ਇੱਕ ਵੱਡਾ ਮੋੜ ਲਿਆਂਦਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਬੀਤੇ ਐਤਵਾਰ ਨੂੰ ਐਲਾਨ ਕੀਤਾ ਸੀ ਕਿ ਇਹ ਕਦਮ ਫ਼ਲਸਤੀਨ ਅਤੇ ਇਜ਼ਰਾਈਲ ਵਿਚਕਾਰ ਸ਼ਾਂਤੀ ਅਤੇ ਦੋ-ਦੇਸ਼ ਹੱਲ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਹੈ। ਕੈਨੇਡਾ ਪਹਿਲਾਂ ਹੀ ਜੀ7 ਦੇਸ਼ਾਂ ਵਿੱਚੋਂ ਪਹਿਲਾ ਦੇਸ਼ ਬਣ ਚੁੱਕਾ ਸੀ ਜਿਸ ਨੇ ਫ਼ਲਸਤੀਨ ਨੂੰ ਮਾਨਤਾ ਦਿੱਤੀ, ਜਦਕਿ ਆਸਟ੍ਰੇਲੀਆ ਨੇ ਵੀ ਇਸ ਦੀ ਪੁਸ਼ਟੀ ਕੀਤੀ। ਇਸ ਫੈਸਲੇ ਨੇ ਫ਼ਲਸਤੀਨੀਆਂ ਦੀ ਸੁਤੰਤਰਤਾ ਦੀ ਉਮੀਦ ਨੂੰ ਨਵਾਂ ਜੀਵਨ ਦਿੱਤਾ ਹੈ, ਪਰ ਇਸ ਦੇ ਜ਼ਮੀਨੀ ਪ੍ਰਭਾਵ ਅਤੇ ਸਿਆਸੀ ਅਸਰ ਅਜੇ ਵੀ ਚਰਚਾ ਦਾ ਵਿਸ਼ਾ ਹਨ। ਫ਼ਲਸਤੀਨੀ ਵਿਦੇਸ਼ ਮੰਤਰੀ ਵਰਸੇਨ ਅਘਾਬੇਕੀਅਨ ਸ਼ਾਹੀਨ ਨੇ ਇਸ ਨੂੰ "ਇਤਿਹਾਸਕ ਅਤੇ ਅਟੱਲ" ਕਦਮ ਕਰਾਰ ਦਿੱਤਾ, ਜੋ ਫ਼ਲਸਤੀਨ ਦੀ ਸੰਪ੍ਰਭੂਤਾ ਦੀ ਰਾਹ ਨੂੰ ਹੋਰ ਨੇੜੇ ਲਿਆਉਂਦਾ ਹੈ।

ਪਹਿਲਾਂ ਕਿਹੜੇ ਦੇਸ਼ਾਂ ਨੇ ਦਿੱਤੀ ਸੀ ਮਾਨਤਾ ?-ਫ਼ਲਸਤੀਨ ਨੂੰ ਪਹਿਲਾਂ ਹੀ 139 ਦੇਸ਼ ਮਾਨਤਾ ਦੇ ਚੁੱਕੇ ਹਨ, ਜਿਨ੍ਹਾਂ ਵਿੱਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ ਵੱਡੀ ਗਿਣਤੀ ਸ਼ਾਮਲ ਹੈ। ਇਨ੍ਹਾਂ ਵਿੱਚ ਸਵੀਡਨ, ਸਪੇਨ, ਨਾਰਵੇ, ਆਇਰਲੈਂਡ ਅਤੇ ਕਈ ਅਰਬ ਅਤੇ ਅਫਰੀਕੀ ਦੇਸ਼ ਸ਼ਾਮਲ ਹਨ। ਸੰਯੁਕਤ ਰਾਸ਼ਟਰ ਵਿੱਚ ਫ਼ਲਸਤੀਨ ਨੂੰ 2012 ਤੋਂ "ਗੈਰ-ਮੈਂਬਰ ਨਿਰੀਖਕ ਦੇਸ਼" ਦਾ ਦਰਜਾ ਮਿਲਿਆ ਹੋਇਆ ਹੈ। ਪਰ, ਪੱਛਮੀ ਦੇਸ਼ਾਂ ਵਿੱਚੋਂ ਜ਼ਿਆਦਾਤਰ, ਖ਼ਾਸ ਕਰਕੇ ਅਮਰੀਕਾ ਅਤੇ ਪਹਿਲਾਂ ਬ੍ਰਿਟੇਨ ਵਰਗੇ ਦੇਸ਼, ਇਸ ਮਾਮਲੇ ਵਿੱਚ ਸੰਜਮ ਵਰਤਦੇ ਰਹੇ ਹਨ। ਹੁਣ ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਦੀ ਮਾਨਤਾ ਨੇ ਪੱਛਮੀ ਦੇਸ਼ਾਂ ਦੇ ਰਵੱਈਏ ਵਿੱਚ ਬਦਲਾਅ ਦਾ ਸੰਕੇਤ ਦਿੱਤਾ ਹੈ। ਇਹ ਫੈਸਲਾ ਫ਼ਲਸਤੀਨ ਦੀ ਸਿਆਸੀ ਅਤੇ ਕੂਟਨੀਤਕ ਸਥਿਤੀ ਨੂੰ ਮਜ਼ਬੂਤ ਕਰਦਾ ਹੈ, ਭਾਵੇਂ ਜ਼ਮੀਨੀ ਪੱਧਰ 'ਤੇ ਤੁਰੰਤ ਤਬਦੀਲੀ ਦੀ ਉਮੀਦ ਘੱਟ ਹੈ।

ਇਜ਼ਰਾਈਲ ਦਾ ਸਖ਼ਤ ਪ੍ਰਤੀਕਰਮ-ਇਜ਼ਰਾਈਲ ਨੇ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਸ ਨੂੰ "ਅੱਤਵਾਦ ਨੂੰ ਇਨਾਮ" ਦੇਣ ਦੇ ਬਰਾਬਰ ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਫ਼ਲਸਤੀਨ ਨੂੰ ਮਾਨਤਾ ਦੇਣ ਨਾਲ ਹਮਾਸ ਵਰਗੇ ਸੰਗਠਨਾਂ ਦਾ ਹੌਸਲਾ ਵਧੇਗਾ, ਜਿਨ੍ਹਾਂ ਨੇ 7 ਅਕਤੂਬਰ, 2023 ਦੇ ਹਮਲਿਆਂ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਇਜ਼ਰਾਈਲੀ ਵਿਦੇਸ਼ ਮੰਤਰਾਲੇ ਨੇ ਵੀ ਬਿਆਨ ਜਾਰੀ ਕਰਕੇ ਕਿਹਾ ਕਿ ਇਹ ਮਾਨਤਾ ਹਮਾਸ ਦੀ ਹਮਾਇਤ ਦੇ ਸਮਾਨ ਹੈ ਅਤੇ ਇਸ ਨਾਲ ਸ਼ਾਂਤੀ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪਹੁੰਚੇਗਾ। ਨੇਤਨਯਾਹੂ ਨੇ ਸਪੱਸ਼ਟ ਕੀਤਾ ਕਿ ਜਾਰਡਨ ਨਦੀ ਦੇ ਪੱਛਮ ਵਿੱਚ ਕੋਈ ਫ਼ਲਸਤੀਨੀ ਦੇਸ਼ ਨਹੀਂ ਬਣਨ ਦਿੱਤਾ ਜਾਵੇਗਾ। ਇਜ਼ਰਾਈਲ ਦਾ ਇਹ ਸਖ਼ਤ ਰੁਖ਼ ਉਸ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਦਾ ਹਿੱਸਾ ਹੈ, ਜਿਸ ਵਿੱਚ ਉਹ ਫ਼ਲਸਤੀਨ ਦੀ ਸੁਤੰਤਰਤਾ ਨੂੰ ਸੁਰੱਖਿਆ ਲਈ ਖਤਰੇ ਵਜੋਂ ਦੇਖਦਾ ਹੈ।

ਅਮਰੀਕਾ ਦੀ ਨੀਤੀ ਅਤੇ ਸੰਭਾਵਿਤ ਅਸਰ-ਅਮਰੀਕਾ ਨੇ ਹੁਣ ਤੱਕ ਫ਼ਲਸਤੀਨ ਨੂੰ ਸੁਤੰਤਰ ਦੇਸ਼ ਵਜੋਂ ਮਾਨਤਾ ਨਹੀਂ ਦਿੱਤੀ। ਅਮਰੀਕੀ ਨੀਤੀ ਲੰਬੇ ਸਮੇਂ ਤੋਂ ਇਜ਼ਰਾਈਲ ਦੇ ਸਮਰਥਨ ਵਿੱਚ ਰਹੀ ਹੈ, ਅਤੇ ਉਹ ਦੋ-ਦੇਸ਼ ਹੱਲ ਦੀ ਵਕਾਲਤ ਕਰਦਾ ਹੈ, ਪਰ ਸਿੱਧੀ ਮਾਨਤਾ ਤੋਂ ਗੁਰੇਜ਼ ਕਰਦਾ ਹੈ। ਅਮਰੀਕਾ ਦਾ ਮੰਨਣਾ ਹੈ ਕਿ ਫ਼ਲਸਤੀਨ ਦੀ ਮਾਨਤਾ ਸਿਰਫ਼ ਇਜ਼ਰਾਈਲ ਅਤੇ ਫ਼ਲਸਤੀਨੀ ਅਥਾਰਟੀ ਵਿਚਕਾਰ ਸਿੱਧੀਆਂ ਗੱਲਬਾਤਾਂ ਰਾਹੀਂ ਹੀ ਹੋਣੀ ਚਾਹੀਦੀ ਹੈ। ਬ੍ਰਿਟੇਨ, ਕੈਨੇਡਾ ਅਤੇ ਆਸਟ੍ਰੇਲੀਆ ਦੇ ਇਸ ਫੈਸਲੇ ਨੂੰ ਅਮਰੀਕਾ ਅਤੇ ਇਜ਼ਰਾਈਲ ਨੇ ਨਕਾਰਾਤਮਕ ਨਜ਼ਰੀਏ ਨਾਲ ਦੇਖਿਆ ਹੈ, ਜਿਸ ਨਾਲ ਇਹਨਾਂ ਸਹਿਯੋਗੀ ਦੇਸ਼ਾਂ ਵਿਚਕਾਰ ਸਿਆਸੀ ਤਣਾਅ ਵਧ ਸਕਦਾ ਹੈ। ਹਾਲਾਂਕਿ, ਇਸ ਮਾਨਤਾ ਨਾਲ ਫ਼ਲਸਤੀਨ ਦੀ ਅੰਤਰਰਾਸ਼ਟਰੀ ਸਥਿਤੀ ਮਜ਼ਬੂਤ ਹੋਵੇਗੀ, ਜਿਸ ਨਾਲ ਸੰਯੁਕਤ ਰਾਸ਼ਟਰ ਅਤੇ ਹੋਰ ਮੰਚਾਂ 'ਤੇ ਉਸ ਦੀ ਆਵਾਜ਼ ਨੂੰ ਹੋਰ ਬੁਲੰਦੀ ਮਿਲ ਸਕਦੀ ਹੈ।

ਇਹ ਮਾਨਤਾ ਜ਼ਮੀਨੀ ਪੱਧਰ 'ਤੇ ਤੁਰੰਤ ਕੋਈ ਵੱਡੀ ਤਬਦੀਲੀ ਨਹੀਂ ਲਿਆਵੇਗੀ, ਕਿਉਂਕਿ ਫ਼ਲਸਤੀਨੀ ਅਥਾਰਟੀ ਦਾ ਪੱਛਮੀ ਕੰਢੇ ਅਤੇ ਗਾਜ਼ਾ 'ਤੇ ਪੂਰਾ ਕੰਟਰੋਲ ਨਹੀਂ ਹੈ। ਇਜ਼ਰਾਈਲ ਦਾ ਫੌਜੀ ਕਬਜ਼ਾ ਅਤੇ ਗਾਜ਼ਾ ਵਿੱਚ ਜਾਰੀ ਯੁੱਧ ਫ਼ਲਸਤੀਨ ਦੀ ਸੁਤੰਤਰਤਾ ਦੀ ਰਾਹ ਵਿੱਚ ਵੱਡੀਆਂ ਰੁਕਾਵਟਾਂ ਹਨ। ਪਰ, ਇਹ ਫੈਸਲਾ ਸਿਆਸੀ ਅਤੇ ਨੈਤਿਕ ਤੌਰ 'ਤੇ ਇੱਕ ਮਜ਼ਬੂਤ ਸੰਕੇਤ ਹੈ, ਜੋ ਦੋ-ਦੇਸ਼ ਹੱਲ ਦੀ ਦਿਸ਼ਾ ਵਿੱਚ ਅੰਤਰਰਾਸ਼ਟਰੀ ਸਮਰਥਨ ਨੂੰ ਦਰਸਾਉਂਦਾ ਹੈ। ਬ੍ਰਿਟੇਨ ਦੇ ਸਾਬਕਾ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਵੀ 1917 ਦੇ ਬਾਲਫੋਰ ਐਲਾਨਨਾਮੇ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਬ੍ਰਿਟੇਨ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ ਕਿ ਉਹ ਫ਼ਲਸਤੀਨੀਆਂ ਦੇ ਅਧਿਕਾਰਾਂ ਦੀ ਰਾਖੀ ਕਰੇ।

ਇਸ ਫੈਸਲੇ ਨਾਲ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਫ਼ਲਸਤੀਨ ਦੀ ਸਥਿਤੀ ਨੂੰ ਹੁਲਾਰਾ ਮਿਲੇਗਾ, ਪਰ ਇਜ਼ਰਾਈਲ ਅਤੇ ਅਮਰੀਕਾ ਦੇ ਸਖ਼ਤ ਵਿਰੋਧ ਕਾਰਨ ਸ਼ਾਂਤੀ ਪ੍ਰਕਿਰਿਆ ਵਿੱਚ ਨਵੀਆਂ ਚੁਣੌਤੀਆਂ ਵੀ ਸਾਹਮਣੇ ਆ ਸਕਦੀਆਂ ਹਨ।

# ਅਮਰੀਕਾ ਦਾ ਸਖ਼ਤ ਫੈਸਲਾ: ਐੱਚ-1ਬੀ ਵੀਜ਼ਾ ਫੀਸ 100,000 ਡਾਲਰ, ਭਾਰਤੀਆਂ ਦੇ ਸੁਪਨੇ ਚਕਨਾਚੂਰ

✪ ਭਾਰਤੀ ਪੇਸ਼ੇਵਰਾਂ 'ਤੇ ਸੰਕਟ: ਕੰਪਨੀਆਂ 'ਤੇ ਪਿਆ ਵਿੱਤੀ ਬੋਝ, ਅਮਰੀਕਾ-ਭਾਰਤ ਸਬੰਧਾਂ ਵਿਚ ਤਣਾਅ ✪ ਚੀਨ ਦੀ ਨਵੀਂ ਚਾਲ: 'ਕੇ' ਵੀਜ਼ਾ ਨਾਲ ਭਾਰਤੀ ਪ੍ਰਤਿਭਾ ਨੂੰ ਬੀਜਿੰਗ ਵੱਲ ਖਿੱਚਣ ਦੀ ਤਿਆਰੀ ✪ ਅਮਰੀਕੀ ਅਰਥਵਿਵਸਥਾ 'ਤੇ ਵੀ ਸਵਾਲ ਉਠੇ: ਮਾਹਿਰਾਂ ਦੀ ਚੇਤਾਵਨੀ, ਨਵੀਨਤਾ ਅਤੇ ਰੁਜ਼ਗਾਰ 'ਤੇ ਪਵੇਗਾ ਅਸਰ

## ਨਿਊਜ਼ ਵਿਸ਼ਲੇਸ਼ਣ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐੱਚ-1ਬੀ ਵੀਜ਼ਾ ਧਾਰਕਾਂ ਲਈ ਇੱਕ ਨਵਾਂ ਕਾਰਜਕਾਰੀ ਹੁਕਮ ਜਾਰੀ ਕਰਕੇ ਸਾਰੇ ਸੰਸਾਰ ਵਿਚ ਹਲਚਲ ਮਚਾ ਦਿੱਤੀ ਹੈ। ਇਸ ਹੁਕਮ ਮੁਤਾਬਕ, ਹੁਣ ਹਰੇਕ ਨਵੇਂ ਐੱਚ-1ਬੀ ਵੀਜ਼ਾ ਬਿਨੈਕਾਰ ਨੂੰ ਅਮਰੀਕੀ ਸਰਕਾਰ ਨੂੰ 100,000 ਡਾਲਰ (ਲਗਭਗ 88 ਲੱਖ ਰੁਪਏ) ਦੀ ਫੀਸ ਅਦਾ ਕਰਨੀ ਪਵੇਗੀ। ਇਹ ਨਿਯਮ 21 ਸਤੰਬਰ, 2025 ਤੋਂ ਲਾਗੂ ਹੋ ਚੁੱਕਿਆ ਹੈ। ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਕਿ ਇਹ ਫੀਸ ਸਾਲਾਨਾ ਨਹੀਂ, ਸਗੋਂ ਸਿਰਫ਼ ਇੱਕ ਵਾਰ ਦੀ ਫੀਸ ਹੈ, ਜੋ ਨਵੀਂ ਅਰਜ਼ੀਆਂ 'ਤੇ ਲਾਗੂ ਹੋਵੇਗੀ। ਪਹਿਲਾਂ ਇਹ ਫੀਸ ਸਿਰਫ਼ 1,500 ਡਾਲਰ (ਲਗਭਗ 1.32 ਲੱਖ ਰੁਪਏ) ਸੀ, ਪਰ ਹੁਣ ਇਸ ਵਿੱਚ 66 ਗੁਣਾ ਵਾਧਾ ਕਰ ਦਿੱਤਾ ਗਿਆ ਹੈ।

ਇਸ ਫੈਸਲੇ ਨੇ ਲੱਖਾਂ ਭਾਰਤੀ ਪੇਸ਼ੇਵਰਾਂ ਦੇ ਅਮਰੀਕਾ ਜਾਣ ਦੇ ਸੁਪਨੇ ਨੂੰ ਝਟਕਾ ਦਿੱਤਾ ਹੈ, ਜੋ ਐੱਚ-1ਬੀ ਵੀਜ਼ਾ ਰਾਹੀਂ ਅਮਰੀਕੀ ਆਈਟੀ ਅਤੇ ਤਕਨੀਕੀ ਖੇਤਰ ਵਿੱਚ ਕੰਮ ਕਰਨ ਦੀ ਇੱਛਾ ਰੱਖਦੇ ਹਨ। ਅਮਰੀਕੀ ਵਣਜ ਸਕੱਤਰ ਹਾਵਰਡ ਲੁਟਨਿਕ ਨੇ ਕਿਹਾ ਕਿ ਇਹ ਨਿਯਮ ਸਿਰਫ਼ ਨਵੀਆਂ ਅਰਜ਼ੀਆਂ 'ਤੇ ਹੀ ਲਾਗੂ ਹੋਵੇਗਾ, ਅਤੇ ਜਿਨ੍ਹਾਂ ਕੋਲ ਪਹਿਲਾਂ ਹੀ ਵੀਜ਼ਾ ਹੈ, ਉਨ੍ਹਾਂ ਨੂੰ ਵਾਪਸੀ 'ਤੇ ਇਹ ਫੀਸ ਨਹੀਂ ਦੇਣੀ ਪਵੇਗੀ। ਪਰ ਇਸ ਦੇ ਬਾਵਜੂਦ, ਅਮਰੀਕੀ ਕੰਪਨੀਆਂ ਅਤੇ ਭਾਰਤੀ ਪੇਸ਼ੇਵਰਾਂ ਵਿਚ ਬੇਚੈਨੀ ਦਾ ਮਾਹੌਲ ਹੈ।

ਇਸ ਨਿਯਮ ਦਾ ਸਿੱਧਾ ਅਸਰ ਭਾਰਤੀਆਂ 'ਤੇ ਪਵੇਗਾ, ਕਿਉਂਕਿ 2024 ਦੇ ਅੰਕੜਿਆਂ ਅਨੁਸਾਰ, 71% ਐੱਚ-1ਬੀ ਵੀਜ਼ੇ ਭਾਰਤੀਆਂ ਨੂੰ ਜਾਰੀ ਕੀਤੇ ਗਏ ਸਨ। ਇਸ ਫੈਸਲੇ ਨੇ ਨਾ ਸਿਰਫ਼ ਵਿਅਕਤੀਆਂ, ਸਗੋਂ ਅਮਰੀਕੀ ਅਤੇ ਭਾਰਤੀ ਕੰਪਨੀਆਂ 'ਤੇ ਵੀ ਵਿੱਤੀ ਅਤੇ ਸੰਚਾਲਨ ਸੰਬੰਧੀ ਬੋਝ ਵਧਾ ਦਿੱਤਾ ਹੈ।

ਭਾਰਤੀ ਆਈਟੀ ਪੇਸ਼ੇਵਰ, ਜਿਵੇਂ ਕਿ ਇੰਜੀਨੀਅਰ, ਡਾਟਾ ਵਿਗਿਆਨੀ ਅਤੇ ਸੌਫਟਵੇਅਰ ਡਿਵੈਲਪਰ, ਐੱਚ-1ਬੀ ਵੀਜ਼ਾ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਰਹੇ ਹਨ। ਇਹ ਵੀਜ਼ਾ ਉਨ੍ਹਾਂ ਨੂੰ ਅਮਰੀਕਾ ਵਿਚ ਅਸਥਾਈ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ, ਅਤੇ ਇਸ ਨੇ ਭਾਰਤੀਆਂ ਨੂੰ ਮਾਈਕ੍ਰੋਸਾਫਟ, ਗੂਗਲ, ਐਮਾਜ਼ਾਨ, ਇਨਫੋਸਿਸ, ਵਿਪਰੋ ਅਤੇ ਟੀਸੀਐਸ ਵਰਗੀਆਂ ਕੰਪਨੀਆਂ 'ਚ ਅਹਿਮ ਭੂਮਿਕਾਵਾਂ ਨਿਭਾਉਣ ਦਾ ਮੌਕਾ ਦਿੱਤਾ। ਪਰ ਹੁਣ 100,000 ਡਾਲਰ ਦੀ ਫੀਸ ਨੇ ਇਸ ਸੁਪਨੇ ਨੂੰ ਮੁਸ਼ਕਲ ਬਣਾ ਦਿੱਤਾ ਹੈ।




**ਅਮਰੀਕਾ ਦਾ ਐੱਚ-1ਬੀ ਵੀਜ਼ਾ ਫੀਸ ਵਾਧਾ ਨਾ ਸਿਰਫ਼ ਭਾਰਤੀ ਪੇਸ਼ੇਵਰਾਂ ਦੇ ਸੁਪਨਿਆਂ 'ਤੇ ਚੋਟ ਹੈ, ਸਗੋਂ ਇਸ ਨੇ ਅਮਰੀਕੀ ਅਤੇ ਭਾਰਤੀ ਅਰਥਵਿਵਸਥਾਵਾਂ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਚੀਨ ਦੀ 'ਕੇ' ਵੀਜ਼ਾ ਸਕੀਮ ਨੇ ਇਸ ਮੁੱਦੇ ਨੂੰ ਤਿਕੋਣੀ ਮੋੜ ਦੇ ਦਿੱਤਾ ਹੈ, ਜਿਸ ਨਾਲ ਭਾਰਤੀ ਨੌਜਵਾਨਾਂ ਨੂੰ ਨਵੇਂ ਮੌਕੇ ਮਿਲ ਸਕਦੇ ਹਨ। ਪਰ ਇਹ ਵੀ ਸਪੱਸ਼ਟ ਹੈ ਕਿ ਅਮਰੀਕੀ ਸਰਕਾਰ ਦੇ ਇਸ ਫੈਸਲੇ ਨੇ ਭਾਰਤ-ਅਮਰੀਕਾ ਸਬੰਧਾਂ 'ਤੇ ਤਣਾਅ ਵਧਾਇਆ ਹੈ, ਅਤੇ ਇਸ ਦੇ ਦੂਰਗਾਮੀ ਨਤੀਜੇ ਸਾਹਮਣੇ ਆਉਣ ਵਾਲੇ ਸਮੇਂ 'ਚ ਹੀ ਸਪੱਸ਼ਟ ਹੋਣਗੇ।**

ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਫੈਸਲੇ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਸ ਦੇ ਮਨੁੱਖੀ ਪ੍ਰਭਾਵ ਵੀ ਹੋਣਗੇ, ਕਿਉਂਕਿ ਇਹ ਬਹੁਤ ਸਾਰੇ ਪਰਿਵਾਰਾਂ ਦੀਆਂ ਮੁਸ਼ਕਲਾਂ ਵਧਾਏਗਾ। ਮੰਤਰਾਲੇ ਨੇ ਅਮਰੀਕੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮੁੱਦੇ ਦਾ ਸਹੀ ਹੱਲ ਕੱਢੇ। ਨਾਸਕਾਮ, ਜੋ ਭਾਰਤੀ ਆਈਟੀ ਉਦਯੋਗ ਦੀ ਨੁਮਾਇੰਦਗੀ ਕਰਦੀ ਹੈ, ਨੇ ਵੀ ਇਸ ਨਿਯਮ ਨੂੰ ਚੁਣੌਤੀਪੂਰਨ ਦੱਸਿਆ। ਸੰਗਠਨ ਮੁਤਾਬਕ, ਇਹ ਨਿਯਮ ਅਮਰੀਕਾ ਦੇ ਨਵੀਨਤਾ ਅਤੇ ਰੁਜ਼ਗਾਰ ਢਾਂਚੇ ਨੂੰ ਪ੍ਰਭਾਵਿਤ ਕਰੇਗਾ ਅਤੇ ਭਾਰਤੀ ਕੰਪਨੀਆਂ ਦੇ ਅਮਰੀਕੀ ਪ੍ਰੋਜੈਕਟਾਂ 'ਤੇ ਅਸਰ ਪਾਵੇਗਾ।

ਇਸ ਫੀਸ ਵਾਧੇ ਨੇ ਕੰਪਨੀਆਂ 'ਤੇ ਵੀ ਵਿੱਤੀ ਦਬਾਅ ਵਧਾ ਦਿੱਤਾ ਹੈ। ਅਜੇ ਸ਼੍ਰੀਵਾਸਤਵ, ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ ਦੇ ਮੁਖੀ, ਮੁਤਾਬਕ, ਇਹ ਫੀਸ ਅਮਰੀਕੀ ਅਤੇ ਭਾਰਤੀ ਕੰਪਨੀਆਂ ਲਈ ਪ੍ਰੋਜੈਕਟਾਂ ਦੀ ਲਾਗਤ ਵਧਾਏਗੀ, ਜਿਸ ਨਾਲ ਨਵੀਨਤਾ ਅਤੇ ਸਥਾਨਕ ਰੁਜ਼ਗਾਰ 'ਤੇ ਅਸਰ ਪਵੇਗਾ। ਉਨ੍ਹਾਂ ਨੇ ਕਿਹਾ ਕਿ ਇਹ ਫੈਸਲਾ ਅਮਰੀਕਾ ਨੂੰ ਵੀ ਨੁਕਸਾਨ ਪਹੁੰਚਾਏਗਾ, ਕਿਉਂਕਿ ਭਾਰਤੀ ਪੇਸ਼ੇਵਰ ਅਮਰੀਕੀ ਤਕਨੀਕੀ ਖੇਤਰ ਦੀ ਮਜ਼ਬੂਤੀ ਦਾ ਅਹਿਮ ਹਿੱਸਾ ਹਨ।

## ਚੀਨ ਦਾ ਨਵਾਂ ਦਾਅ: 'ਕੇ' ਵੀਜ਼ਾ ਨਾਲ ਭਾਰਤੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼

ਅਮਰੀਕਾ ਦੇ ਇਸ ਸਖ਼ਤ ਫੈਸਲੇ ਦੇ ਵਿਚਕਾਰ, ਚੀਨ ਨੇ ਮੌਕੇ ਦਾ ਫਾਇਦਾ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਚੀਨ ਦੀ ਸ਼ੀ ਜਿਨਪਿੰਗ ਸਰਕਾਰ ਨੇ ਨਵੀਂ 'ਕੇ' ਵੀਜ਼ਾ ਸ਼੍ਰੇਣੀ ਦੀ ਸ਼ੁਰੂਆਤ ਕੀਤੀ ਹੈ, ਜਿਸ ਦਾ ਮਕਸਦ ਦੁਨੀਆ ਭਰ ਦੀਆਂ ਪ੍ਰਤਿਭਾਵਾਂ, ਖਾਸ ਕਰਕੇ ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਮੈਥਮੈਟਿਕਸ ਖੇਤਰ ਦੇ ਨੌਜਵਾਨ ਪੇਸ਼ੇਵਰਾਂ ਨੂੰ ਬੀਜਿੰਗ ਵੱਲ ਖਿੱਚਣਾ ਹੈ। ਇਹ ਵੀਜ਼ਾ 1 ਅਕਤੂਬਰ, 2025 ਤੋਂ ਲਾਗੂ ਹੋਵੇਗਾ।

ਚੀਨ ਦੇ ਨਿਆਂ ਮੰਤਰਾਲੇ ਮੁਤਾਬਕ, 'ਕੇ' ਵੀਜ਼ਾ ਉਨ੍ਹਾਂ ਵਿਦੇਸ਼ੀ ਨੌਜਵਾਨਾਂ ਲਈ ਹੈ, ਜਿਨ੍ਹਾਂ ਨੇ ਪ੍ਰਤਿਸ਼ਠਿਤ ਯੂਨੀਵਰਸਿਟੀਆਂ ਜਾਂ ਖੋਜ ਸੰਸਥਾਨਾਂ ਤੋਂ ਸ਼ਠਓ ਖੇਤਰ ਵਿਚ ਡਿਗਰੀਆਂ ਹਾਸਲ ਕੀਤੀਆਂ ਹਨ। ਇਸ ਵੀਜ਼ੇ ਦੀਆਂ ਸ਼ਰਤਾਂ ਅਮਰੀਕੀ ਐੱਚ-1ਬੀ ਵੀਜ਼ੇ ਨਾਲੋਂ ਕਿਤੇ ਜ਼ਿਆਦਾ ਲਚਕਦਾਰ ਹਨ। ਮਿਸਾਲ ਵਜੋਂ, ਇਸ ਲਈ ਸਥਾਨਕ ਨਿਯੋਕਤਾ ਦੇ ਸੱਦੇ ਦੀ ਲੋੜ ਨਹੀਂ ਹੈ, ਅਤੇ ਇਸ ਦੀ ਪ੍ਰਵਾਨਗੀ ਅਤੇ ਰਹਿਣ ਦੀ ਮਿਆਦ ਵੀ ਜ਼ਿਆਦਾ ਹੈ।

ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਚੀਨ ਦਾ ਇਹ ਕਦਮ ਅਮਰੀਕੀ ਐੱਚ-1ਬੀ ਵੀਜ਼ਾ ਦੀਆਂ ਸਖ਼ਤ ਸ਼ਰਤਾਂ ਦਾ ਬਦਲ ਪੇਸ਼ ਕਰਨ ਦੀ ਕੋਸ਼ਿਸ਼ ਹੈ। ਖਾਸ ਕਰਕੇ ਦੱਖਣੀ ਏਸ਼ੀਆ, ਜਿਸ 'ਚ ਭਾਰਤ ਵੀ ਸ਼ਾਮਲ ਹੈ, ਦੇ ਪੇਸ਼ੇਵਰਾਂ ਨੂੰ ਚੀਨ ਵੱਲ ਆਕਰਸ਼ਿਤ ਕਰਨ ਦੀ ਰਣਨੀਤੀ ਹੈ। ਇਸ ਨਾਲ ਭਾਰਤੀ ਨੌਜਵਾਨ, ਜੋ ਅਮਰੀਕਾ ਜਾਣ ਦਾ ਸੁਪਨਾ ਛੱਡਣ ਲਈ ਮਜਬੂਰ ਹੋ ਰਹੇ ਹਨ, ਚੀਨ ਵੱਲ ਰੁਖ ਕਰ ਸਕਦੇ ਹਨ।

## ਅਮਰੀਕਾ-ਭਾਰਤ ਸਬੰਧਾਂ 'ਤੇ ਅਸਰ ਅਤੇ ਭਵਿੱਖ ਦੀਆਂ ਸੰਭਾਵਨਾਵਾਂ

ਅਮਰੀਕੀ ਸਰਕਾਰ ਦੇ ਇਸ ਫੈਸਲੇ ਨੇ ਭਾਰਤ-ਅਮਰੀਕਾ ਸਬੰਧਾਂ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਦੇ ਦਫਤਰ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਤਬਦੀਲੀ ਬਹੁਤ ਸਾਰੇ ਪਰਿਵਾਰਾਂ ਨੂੰ ਪ੍ਰਭਾਵਿਤ ਕਰੇਗੀ। ਭਾਰਤ ਸਰਕਾਰ ਨੇ ਅਮਰੀਕੀ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਇਸ ਮੁੱਦੇ ਦਾ ਹੱਲ ਕੱਢਿਆ ਜਾਵੇ। ਪਰ ਅਮਰੀਕੀ ਸਰਕਾਰ ਦੀ ਸਖ਼ਤ ਨੀਤੀ ਨੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵਧਣ ਦੀ ਸੰਭਾਵਨਾ ਨੂੰ ਜਨਮ ਦਿੱਤਾ ਹੈ।

ਅਮਰੀਕੀ ਮਾਹਰ ਵੀ ਇਸ ਫੈਸਲੇ ਦੀ ਆਲੋਚਨਾ ਕਰ ਰਹੇ ਹਨ। ਕੈਟੋ ਇੰਸਟੀਚਿਊਟ ਦੇ ਡੇਵਿਡ ਜੇ. ਬੀਅਰ ਨੇ ਕਿਹਾ ਕਿ ਇਹ ਕਾਰਵਾਈ ਐੱਚ-1ਬੀ ਪ੍ਰੋਗਰਾਮ ਨੂੰ ਤਬਾਹ ਕਰ ਦੇਵੇਗੀ ਅਤੇ ਅਮਰੀਕੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਏਗੀ। ਕੋਲੰਬੀਆ ਯੂਨੀਵਰਸਿਟੀ ਦੇ ਮਾਹਰ ਡੈਨੀਅਲ ਡੀ. ਮਾਰਟੀਨੋ ਨੇ ਚੇਤਾਵਨੀ ਦਿੱਤੀ ਕਿ ਇਹ ਸਿਹਤ ਸੰਭਾਲ, ਉੱਚ ਸਿੱਖਿਆ ਅਤੇ ਤਕਨੀਕੀ ਖੇਤਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ।

ਦੂਜੇ ਪਾਸੇ, ਨੀਤੀ ਆਯੋਗ ਦੇ ਸਾਬਕਾ ਸੀਈਓ ਅਮਿਤਾਭ ਕਾਂਤ ਨੇ ਇਸ ਨੂੰ ਭਾਰਤ ਲਈ ਮੌਕੇ ਵਜੋਂ ਦੇਖਿਆ। ਉਨ੍ਹਾਂ ਮੁਤਾਬਕ, ਅਮਰੀਕਾ ਦੀਆਂ ਸਖ਼ਤ ਨੀਤੀਆਂ ਨਾਲ ਭਾਰਤੀ ਪ੍ਰਤਿਭਾਵਾਂ ਭਾਰਤ ਵਾਪਸ ਆਉਣਗੀਆਂ, ਜਿਸ ਨਾਲ ਬੰਗਲੁਰੂ, ਹੈਦਰਾਬਾਦ, ਪੁਣੇ ਅਤੇ ਗੁਰੂਗ੍ਰਾਮ ਵਰਗੇ ਸ਼ਹਿਰਾਂ 'ਚ ਨਵੀਨਤਾ ਅਤੇ ਸਟਾਰਟਅੱਪਸ ਦਾ ਵਿਕਾਸ ਹੋਵੇਗਾ।

ਚੀਨ ਦੀ 'ਕੇ' ਵੀਜ਼ਾ ਸਕੀਮ ਨੇ ਸਥਿਤੀ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ। ਜੇਕਰ ਭਾਰਤੀ ਨੌਜਵਾਨ ਚੀਨ ਵੱਲ ਰੁਖ ਕਰਦੇ ਹਨ, ਤਾਂ ਇਹ ਅਮਰੀਕੀ ਅਤੇ ਭਾਰਤੀ ਅਰਥਵਿਵਸਥਾਵਾਂ ਲਈ ਨੁਕਸਾਨਦੇਹ ਹੋ ਸਕਦਾ ਹੈ, ਜਦਕਿ ਚੀਨ ਦੀ ਤਕਨੀਕੀ ਅਤੇ ਖੋਜ ਸਮਰੱਥਾ ਵਧੇਗੀ।

# ਪਰਵਾਸੀਆਂ ਖ਼ਿਲਾਫ਼ ਵਿਸ਼ਵਵਿਆਪੀ ਰੋਸ, ਸਜੇ ਪਖੀਆਂ ਵਲੋਂ ਮੁਜ਼ਾਹਰੇ ਕਿਉਂ ?

**✪ ਆਰਥਿਕ ਤੇ ਸੱਭਿਆਚਾਰਕ ਡਰ ਕਾਰਣ ਨਸਲਵਾਦ ਫੈਲਿਆ ✪ ਮੀਡੀਆ ਤੇ ਸਿਆਸਤ ਪਰਵਾਸੀ ਵਿਰੋਧੀ ਭਾਵਨਾਵਾਂ ਨੂੰ ਦੇ ਰਹੇ ਨੇ ਹਵਾ ✪ ਪੁਰਤਗਾਲ ਵਿਚ ਸਖ਼ਤ ਨੀਤੀਆਂ, ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ 'ਤੇ ਖ਼ਤਰਾ ਮੰਡਰਾਇਆ**









ਦੁਨੀਆਂ ਦੇ ਵੱਡੇ ਤੇ ਵਿਕਸਿਤ ਮੁਲਕਾਂ ਵਿਚ ਪਰਵਾਸੀਆਂ ਖ਼ਿਲਾਫ਼ ਰੋਸ ਦੀ ਲਹਿਰ ਉੱਠ ਰਹੀ ਹੈ। ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਤੇ ਯੂਰਪ ਦੇ ਕਈ ਦੇਸ਼ਾਂ ਵਿਚ ਪਰਵਾਸੀਆਂ ਨੂੰ ਰੋਕਣ ਦੀਆਂ ਮੰਗਾਂ ਨਾਲ ਮੁਜ਼ਾਹਰੇ ਹੋ ਰਹੇ ਨੇ। ਇਹ ਉਹੀ ਮੁਲਕ ਨੇ, ਜਿਨ੍ਹਾਂ ਨੇ ਪਿਛਲੇ ਕੁਝ ਦਹਾਕਿਆਂ ਵਿਚ ਪਰਵਾਸੀਆਂ ਲਈ ਖੁੱਲ੍ਹੇ ਦਿਲ ਨਾਲ ਨੀਤੀਆਂ ਬਣਾਈਆਂ ਤੇ ਲੱਖਾਂ ਲੋਕਾਂ ਨੂੰ ਨਾਗਰਿਕਤਾ ਦਿੱਤੀ ਸੀ। ਪਰ ਹੁਣ ਇਨ੍ਹਾਂ ਮੁਲਕਾਂ ਵਿਚ ਪਰਵਾਸੀਆਂ ਖ਼ਿਲਾਫ਼ ਅਵਾਜ਼ਾਂ ਬੁਲੰਦ ਹੋਣ ਲੱਗੀਆਂ ਨੇ। ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ। ਆਖ਼ਰ ਇਸ ਦੇ ਪਿੱਛੇ ਕੀ ਕਾਰਨ ਨੇ?

31 ਅਗਸਤ 2025 ਨੂੰ ਆਸਟ੍ਰੇਲੀਆ ਵਿਚ 'ਮਾਰਚ ਫਾਰ ਆਸਟ੍ਰੇਲੀਆ' ਦੇ ਨਾਂ ਹੇਠ ਸਿਡਨੀ, ਮੈਲਬਰਨ ਵਰਗੇ ਵੱਡੇ ਸ਼ਹਿਰਾਂ ਵਿਚ ਪਰਵਾਸ ਵਿਰੋਧੀ ਰੈਲੀਆਂ ਹੋਈਆਂ। ਪ੍ਰਦਰਸ਼ਨਕਾਰੀਆਂ ਨੇ ਆਸਟ੍ਰੇਲੀਆ ਦੇ ਝੰਡੇ ਤੇ ਪਰਵਾਸ ਵਿਰੋਧੀ ਬੈਨਰ ਫੜ ਕੇ ਨਾਅਰੇਬਾਜ਼ੀ ਕੀਤੀ। ਸਰਕਾਰ ਨੇ ਇਨ੍ਹਾਂ ਮੁਜ਼ਾਹਰਿਆਂ ਨੂੰ 'ਨਫ਼ਰਤ ਫੈਲਾਉਣ ਵਾਲੇ' ਤੇ 'ਨੀਓ-ਨਾਜ਼ੀ' ਨਾਲ ਜੁੜੇ ਹੋਣ ਦਾ ਦੋਸ਼ ਲਾਇਆ। ਜੂਨ 2025 ਵਿਚ ਨਿਊਜ਼ੀਲੈਂਡ ਵਿਚ ਕੱਟੜਪੰਥੀ ਆਗੂ ਬ੍ਰਾਇਨ ਤਾਮਾਕੀ ਦੀ ਅਗਵਾਈ ਵਿਚ ਪਰਵਾਸੀਆਂ ਖ਼ਿਲਾਫ਼ ਮੁਜ਼ਾਹਰੇ ਹੋਏ, ਜਿਨ੍ਹਾਂ ਵਿਚ ਹਿੰਦੂ, ਬੁੱਧ ਸਣੇ ਕਈ ਧਰਮਾਂ ਦੇ ਝੰਡੇ ਸਾੜੇ ਗਏ ਸਨ। ਪ੍ਰਦਰਸ਼ਨਕਾਰੀਆਂ ਨੇ ਪਰਵਾਸੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ ਸੀ। ਸਰਕਾਰ ਨੇ ਇਸ ਦੀ ਸਖ਼ਤ ਨਿੰਦਾ ਕੀਤੀ ਸੀ।

ਕੈਨੇਡਾ ਦੇ ਟੋਰੰਟੋ ਵਿਚ 13 ਸਤੰਬਰ ਨੂੰ 'ਕੈਨੇਡਾ ਫਸਟ ਪੈਟ੍ਰਿਅਟ ਰੈਲੀ' ਵਿਚ ਹਜ਼ਾਰਾਂ ਲੋਕ ਇਕੱਠੇ ਹੋਏ ਸਨ। ਇਸ ਰੈਲੀ ਦੇ ਪ੍ਰਬੰਧਕਾਂ ਨੇ ਸੋਸ਼ਲ ਮੀਡੀਆ 'ਤੇ 'ਵੱਡੇ ਪੱਧਰ 'ਤੇ ਇਮੀਗ੍ਰੇਸ਼ਨ' ਰੋਕਣ ਦੀ ਮੰਗ ਕੀਤੀ ਸੀ। ਇਸ ਦੇ ਜਵਾਬ ਵਿਚ ਪਰਵਾਸੀਆਂ ਦੀ ਹਮਾਇਤ ਵਿਚ ਵੀ ਜਵਾਬੀ ਮੁਜ਼ਾਹਰਾ ਹੋਇਆ ਸੀ। ਅਮਰੀਕਾ ਵਿਚ ਤਾਂ ਸਮੇਂ-ਸਮੇਂ 'ਤੇ ਪਰਵਾਸੀਆਂ ਨੂੰ ਦੇਸ਼ ਛੱਡਣ ਦੀਆਂ ਮੰਗਾਂ ਵਾਲੇ ਪ੍ਰਦਰਸ਼ਨ ਹੁੰਦੇ ਰਹਿੰਦੇ ਨੇ। ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਖੁੱਲ੍ਹ ਕੇ ਅਵਾਜ਼ ਉਠਾਈ ਸੀ। ਬ੍ਰਿਟੇਨ ਵਿਚ 13 ਸਤੰਬਰ ਨੂੰ ਲੰਡਨ ਵਿਚ 'ਯੂਨਾਈਟ ਦਿ ਕਿੰਗਡਮ' ਮਾਰਚ ਵਿਚ 1,10,000 ਤੋਂ ਵੱਧ ਲੋਕਾਂ ਨੇ ਪਰਵਾਸੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਸੀ, ਜਿਸ ਨੂੰ ਯੂਕੇ ਦਾ ਸਭ ਤੋਂ ਵੱਡਾ ਅਜਿਹਾ ਮੁਜ਼ਾਹਰਾ ਕਿਹਾ ਗਿਆ ਸੀ।

ਇਨ੍ਹਾਂ ਮੁਜ਼ਾਹਰਿਆਂ ਦੇ ਪਿੱਛੇ ਕੁਝ ਸਾਂਝੇ ਕਾਰਨ ਨੇ। ਪਹਿਲਾ, ਪਰਵਾਸੀਆਂ ਨੂੰ ਆਰਥਿਕ ਮੰਦੀ, ਨੌਕਰੀਆਂ ਦੀ ਘਾਟ ਤੇ ਘਰਾਂ ਦੀ ਕਿੱਲਤ ਦਾ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਮੁਜ਼ਾਹਰਿਆਂ ਵਿਚ ਨਾਅਰੇ ਲੱਗਦੇ ਨੇ ਕਿ 'ਪਰਵਾਸੀ ਸਥਾਨਕ ਲੋਕਾਂ ਦੀਆਂ ਨੌਕਰੀਆਂ ਖੋਹ ਰਹੇ ਨੇ' ਜਾਂ 'ਸਮਾਜਿਕ ਭਲਾਈ ਸਕੀਮਾਂ 'ਤੇ ਦਬਾਅ ਪਾ ਰਹੇ ਨੇ'। ਬਰੰਪਟਨ ਦੇ ਗੁਰਦੁਆਰਾ ਨਾਨਕ ਸਿੱਖ ਸੈਂਟਰ ਦੇ ਮੈਂਬਰ ਬਲਕਰਨ ਸਿੰਘ ਗਿੱਲ ਦੱਸਦੇ ਨੇ ਕਿ ਜਦੋਂ ਸਮਾਜਿਕ ਭਲਾਈ ਸਕੀਮਾਂ ਘਟਦੀਆਂ ਨੇ ਤੇ ਪਰਵਾਸੀਆਂ ਦੀ ਗਿਣਤੀ ਵਧਦੀ ਹੈ, ਤਾਂ ਸੱਜੇ-ਪੱਖੀ ਵਰਗ ਪਰਵਾਸੀਆਂ ਨੂੰ ਸਰੋਤਾਂ 'ਤੇ ਦਬਾਅ ਦਾ ਕਾਰਨ ਦੱਸਦਾ ਹੈ। ਇਹ ਨਫਰਤੀ ਭਾਵਨਾ ਪੈਦਾ ਕੀਤੀ ਜਾਂਦੀ ਹੈ ਕਿ ਪਰਵਾਸੀ ਸਥਾਨਕ ਲੋਕਾਂ ਦੇ ਹੱਕ ਮਾਰ ਰਹੇ ਨੇ ਦੂਜਾ, ਪਰਵਾਸੀਆਂ ਨੂੰ ਸੱਭਿਆਚਾਰਕ ਪਛਾਣ ਤੇ ਸੁਰੱਖਿਆ ਲਈ ਖ਼ਤਰਾ ਮੰਨਿਆ ਜਾ ਰਿਹਾ ਹੈ। ਗਿੱਲ ਇਸ ਨੂੰ 'ਸੱਭਿਆਚਾਰਕ ਨਸਲਵਾਦ' ਦੱਸਦੇ ਨੇ, ਜੋ ਪਰਵਾਸੀਆਂ ਨੂੰ ਸੱਭਿਆਚਾਰਕ ਤੌਰ 'ਤੇ ਅਯੋਗ ਸਮਝਦਾ ਹੈ। ਉਹਨਾਂ ਦਸਿਆ ਕਿ ਸੋਸ਼ਲ ਮੀਡੀਆ ਸੱਜੇ ਪਖੀ ਰੁਝਾਨ ਨੂੰ ਉਤਸ਼ਾਹਿਤ ਕਰਕੇ ਪਰਵਾਸੀਆਂ ਲਈ ਸੰਕਟ ਪੈਦਾ ਕਰਦੇ ਹਨ । ਸਿਆਸੀ ਆਗੂ ਵੀ ਅਜਿਹੇ ਮੁਜ਼ਾਹਰਿਆਂ ਨੂੰ ਹਵਾ ਦਿੰਦੇ ਨੇ, ਕਈ ਵਾਰ ਤਾਂ ਉਨ੍ਹਾਂ ਦਾ ਉਭਾਰ ਹੀ ਇਨ੍ਹਾਂ ਮੁੱਦਿਆਂ 'ਤੇ ਹੁੰਦਾ ਹੈ।

ਯੂਕੇ ਤੋਂ ਪ੍ਰੋਫੈਸਰ ਸ਼ਿੰਗਾਰਾ ਸਿੰਘ ਕਹਿੰਦੇ ਨੇ, "ਪਰਵਾਸੀਆਂ ਨਾਲ ਜੁੜੀਆਂ ਅਪਰਾਧ ਦੀਆਂ ਘਟਨਾਵਾਂ ਨੂੰ ਇੰਝ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਆਮ ਹੋਣ। ਇਹ ਵਰਤਾਰਾ ਨਸਲਵਾਦ ਹੈ। ਜੰਗ, ਪੈਸਿਆਂ ਦੀ ਕਮੀ ਤੇ ਕੋਵਿਡ ਵਰਗੀਆਂ ਮੁਸ਼ਕਲਾਂ ਨੇ ਲੋਕਾਂ ਵਿਚ ਤਣਾਅ ਵਧਾਇਆ, ਜਿਸ ਕਾਰਨ ਪਰਵਾਸੀਆਂ ਨੂੰ ਦੋਸ਼ੀ ਠਹਿਰਾਉਣਾ ਸੌਖਾ ਹੋ ਗਿਆ। ਇਸ ਕਾਰਣ ਨਸਲਵਾਦ ਵਧਿਆ ਹੈ।"

ਪੁਰਤਗਾਲ ਵਿਚ ਨਵੀਂ ਸਰਕਾਰ ਨੇ ਪਰਵਾਸੀ ਵਿਰੋਧੀ ਨੀਤੀਆਂ ਅਪਣਾਉਂਦਿਆਂ 4 ਲੱਖ ਵਿਦੇਸ਼ੀਆਂ ਨੂੰ ਦੇਸ਼ ਨਿਕਾਲੇ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿਚ 14,000 ਦੇ ਕਰੀਬ ਭਾਰਤੀ ਵੀ ਹਨ। ਪੰਜਾਬ ਦੇ ਹਜ਼ਾਰਾਂ ਨੌਜਵਾਨ, ਜੋ ਕਾਨੂੰਨੀ ਤੌਰ 'ਤੇ ਪੁਰਤਗਾਲ ਵਿਚ ਰਹਿ ਰਹੇ ਨੇ ਤੇ ਟੈਕਸ ਵੀ ਦੇ ਰਹੇ ਨੇ, ਨੂੰ ਵੀ ਡਿਪੋਰਟੇਸ਼ਨ ਦਾ ਖ਼ਤਰਾ ਹੈ। ਸਰਕਾਰ ਨੇ ਕਈਆਂ ਨੂੰ ਜੇਲ੍ਹਾਂ ਵਿਚ ਬੰਦ ਕਰ ਦਿੱਤਾ, ਜਿਨ੍ਹਾਂ ਵਿਚ 10-12 ਭਾਰਤੀ ਵੀ ਨੇ।

ਪੁਰਤਗਾਲ ਦੇ ਪੁਰਾਣੇ ਕਾਨੂੰਨ ਮੁਤਾਬਕ, ਜੇ ਕੋਈ ਵਿਦੇਸ਼ੀ ਕਾਨੂੰਨੀ ਪਰਮਿਟ ਨਾਲ ਰਹਿ ਰਿਹਾ ਹੈ, ਤਾਂ ਉਸ ਨੂੰ 90 ਦਿਨਾਂ ਵਿਚ ਰਹਿਣ ਦੀ ਇਜਾਜ਼ਤ ਮਿਲ ਜਾਂਦੀ ਹੈ। ਪਰ ਨਵੀਂ ਸਰਕਾਰ ਦੇ ਸਖ਼ਤ ਰਵੱਈਏ ਨੇ ਪਰਵਾਸੀਆਂ ਵਿਚ ਡਰ ਪੈਦਾ ਕਰ ਦਿੱਤਾ। ਲਿਸਬਿਨ 'ਚ ਪਾਰਲੀਮੈਂਟ ਦੇ ਬਾਹਰ ਵੱਖ-ਵੱਖ ਦੇਸ਼ਾਂ ਦੇ ਪਰਵਾਸੀਆਂ ਨੇ ਰੋਸ ਮੁਜ਼ਾਹਰਾ ਕੀਤਾ ਤੇ ਸਰਕਾਰ ਦੇ ਫ਼ੈਸਲੇ ਨੂੰ ਗ਼ੈਰ-ਵਾਜਬ ਦੱਸਿਆ। ਉਨ੍ਹਾਂ ਦਾ ਕਹਿਣਾ ਹੈ, "ਅਸੀਂ ਕਾਨੂੰਨੀ ਤੌਰ 'ਤੇ ਰਹਿ ਰਹੇ ਹਾਂ, ਟੈਕਸ ਦੇ ਰਹੇ ਹਾਂ, ਫਿਰ ਵੀ ਸਾਨੂੰ ਧੱਕੇ ਨਾਲ ਕੱਢਿਆ ਜਾ ਰਿਹਾ ਹੈ। ਸਰਕਾਰ ਦੀਆਂ ਸਖ਼ਤ ਨੀਤੀਆਂ ਨੇ ਉਨ੍ਹਾਂ ਦੇ ਭਵਿੱਖ 'ਤੇ ਸਵਾਲ ਖੜ੍ਹੇ ਕਰ ਦਿੱਤੇ। ਪਰਵਾਸੀਆਂ ਦਾ ਕਹਿਣਾ ਹੈ ਕਿ ਉਹ ਆਪਣੇ ਹੱਕਾਂ ਲਈ ਲੜਦੇ ਰਹਿਣਗੇ।"

ਇਹ ਸਵਾਲ ਵਾਰ-ਵਾਰ ਉੱਠਦਾ ਹੈ ਕਿ ਕੀ ਪਰਵਾਸੀਆਂ ਖ਼ਿਲਾਫ਼ ਮੁਜ਼ਾਹਰੇ ਨਸਲਵਾਦ ਦਾ ਹਿੱਸਾ ਨੇ? ਮਾਹਿਰਾਂ ਮੁਤਾਬਕ, ਇਹ ਸੱਭਿਆਚਾਰਕ ਤੇ ਜੈਵਿਕ ਨਸਲਵਾਦ ਦਾ ਮਿਸ਼ਰਣ ਹੈ, ਜੋ ਆਰਥਿਕ ਮੁਸ਼ਕਲਾਂ, ਸਿਆਸੀ ਫ਼ਾਇਦੇ ਤੇ ਸੋਸ਼ਲ ਮੀਡੀਆ ਦੀ ਅਫ਼ਵਾਹਬਾਜ਼ੀ ਨਾਲ ਹੋਰ ਭੜਕਦਾ ਹੈ। ਪਰਵਾਸੀਆਂ ਨੂੰ ਮੁਸ਼ਕਲਾਂ ਦਾ ਕਾਰਨ ਦੱਸਣਾ ਸੌਖਾ ਹੈ, ਪਰ ਅਸਲੀਅਤ 'ਚ ਅਰਥਚਾਰੇ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ। ਪਰਵਾਸੀਆਂ ਖ਼ਿਲਾਫ਼ ਵਿਸ਼ਵ ਭਰ ਵਿਚ ਉੱਠ ਰਹੀ ਲਹਿਰ ਸਿਆਸੀ, ਸਮਾਜਿਕ ਤੇ ਸੱਭਿਆਚਾਰਕ ਮੁੱਦਿਆਂ ਦਾ ਸੁਮੇਲ ਹੈ।

ਸਰਕਾਰਾਂ ਦੀਆਂ ਸਖ਼ਤ ਨੀਤੀਆਂ, ਮੀਡੀਆ ਦੀ ਭੂਮਿਕਾ ਤੇ ਸੋਸ਼ਲ ਮੀਡੀਆ ਦੀ ਅਫ਼ਵਾਹਬਾਜ਼ੀ ਨੇ ਇਸ ਨੂੰ ਹੋਰ ਗੰਭੀਰ ਕਰ ਦਿੱਤਾ। ਪੰਜਾਬੀਆਂ ਸਣੇ ਲੱਖਾਂ ਪਰਵਾਸੀਆਂ ਦਾ ਭਵਿੱਖ ਅਨਿਸ਼ਚਿਤ ਹੈ, ਪਰ ਉਹ ਆਪਣੇ ਹੱਕਾਂ ਲਈ ਲੜ ਰਹੇ ਨੇ। ਸਵਾਲ ਇਹ ਹੈ ਕਿ ਕੀ ਸਰਕਾਰਾਂ ਇਸ ਮਸਲੇ ਨੂੰ ਸੁਲਝਾਉਣਗੀਆਂ ਜਾਂ ਇਹ ਲਹਿਰ ਹੋਰ ਤੇਜ਼ ਹੋਵੇਗੀ?

## 'ਆਪ' ਆਗੂ ਦੇ ਘਰ 'ਤੇ ਡਰਗ ਸਮਗਲਰਾਂ ਵਲੋਂ ਗੋਲੀਆਂ ਚਲਾਈਆਂ

### ✪ ਤਸਕਰਾਂ ਵਿਰੁੱਧ ਸੂਚਨਾ ਦੇਣ ਕਰਕੇ ਕੀਤਾ ਹਮਲਾ

ਲੁਧਿਆਣਾ-ਲਹਿਰਾ ਪਿੰਡ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਤੇ ਨਸ਼ਾ ਤਸਕਰਾਂ ਵਿਰੁੱਧ ਸੂਚਨਾ ਦੇਣ ਵਾਲੇ ਸੁਖਵਿੰਦਰ ਸਿੰਘ ਛਿੰਦਾ ਦੇ ਘਰ ਛੇ-ਸੱਤ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਮੁੱਖ ਗੇਟ 'ਤੇ ਪੰਜ-ਸੱਤ ਗੋਲੀਆਂ ਚਲਾਈਆਂ ਅਤੇ ਘਰ ਵਿੱਚ ਦਾਖਲ ਹੋ ਕੇ ਪਰਿਵਾਰ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਉਨ੍ਹਾਂ ਨੇ ਛਿੰਦਾ ਦੀ ਕਾਰ ਨੂੰ ਅੱਗ ਲਾ ਦਿੱਤੀ ਅਤੇ ਹਨੇਰੇ ਦਾ ਫਾਇਦਾ ਉਠਾ ਕੇ ਭੱਜ ਗਏ ਦੇਹਲੋਂ ਪੁਲੀਸ ਨੇ ਮੁੱਖ ਮੁਲਜ਼ਮ ਮਾਨਕ ਅਤੇ ਉਸ ਦੇ ਸਾਥੀ ਵਿਰੁੱਧ ਐਫਆਈਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਛਿੰਦਾ ਜੋ ਪੋਹਿਰ ਟਰੱਕ ਯੂਨੀਅਨ ਦਾ ਪ੍ਰਧਾਨ ਵੀ ਹੈ, ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਬਣਨ ਤੋਂ ਬਾਅਦ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਅਵਾਜ਼ ਉਠਾਉਣ ਕਾਰਨ ਉਸ ਨੂੰ ਸਬਕ ਸਿਖਾਉਣ ਲਈ ਹਮਲਾ ਹੋਇਆ। ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਨਜ਼ਦੀਕੀ ਸੁਖਵਿੰਦਰ ਨੇ ਕਿਹਾ ਕਿ ਉਹ ਕਿਸੇ ਵੀ ਕੀਮਤ 'ਤੇ ਨਸ਼ਿਆਂ ਵਿਰੁੱਧ ਲੜਾਈ ਨਹੀਂ ਰੋਕੇਗਾ।

# ਬਿਆਸ ਦਰਿਆ ਦਾ ਰੁਖ ਮੋੜਨ ਵਿਰੁੱਧ ਕਿਸਾਨਾਂ ਦਾ ਰੋਸ: ਰਾਧਾ ਸਵਾਮੀ ਡੇਰੇ ’ਤੇ ਗੰਭੀਰ ਇਲਜ਼ਾਮ

**✪ ਨਾਜਾਇਜ਼ ਖੁਦਾਈ ਨੇ ਬਣਾਇਆ ਹੜ੍ਹਾਂ ਦਾ ਸੰਕਟ: ਕਿਸਾਨਾਂ ਦਾ ਸਰਕਾਰਾਂ ’ਤੇ ਇਲਜ਼ਾਮ**
**✪ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ: ਡੇਰੇ ਦੀ ਮਨਮਾਨੀ ’ਤੇ ਕਿਉਂ ਚੁੱਪ ਹੈ ਪੰਜਾਬ ਸਰਕਾਰ ?**
**✪ 26 ਸਤੰਬਰ ਦਾ ਟਰੈਕਟਰ ਮਾਰਚ: ਕਿਸਾਨਾਂ ਦੀ ਜ਼ਮੀਨ ਬਚਾਉਣ ਲਈ ਸੰਘਰਸ਼ ਹੋਵੇਗਾ ਸ਼ੁਰੂ**



ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬਿਆਸ ਦਰਿਆ ਨਾਲ ਜੁੜੀ ਵਿਵਾਦ ਨੇ ਨਵਾਂ ਮੋੜ ਲੈ ਲਿਆ ਹੈ। ਭਾਰਤੀ ਕਿਸਾਨ ਯੂਨੀਅਨ (ਸਿਰਸਾ) ਨੇ ਰਾਧਾ ਸਵਾਮੀ ਸਤਸੰਗ ਬਿਆਸ ਡੇਰੇ ਵੱਲੋਂ ਦਰਿਆ ਦੇ ਵਹਾਅ ਨੂੰ ਮੋੜਨ ਅਤੇ ਨਾਜਾਇਜ਼ ਖੁਦਾਈ ਕਰਨ ਵਿਰੁੱਧ ਗੰਭੀਰ ਰੋਸ ਪ੍ਰਗਟ ਕੀਤਾ ਹੈ। ਜ਼ਿਲ੍ਹਾ ਪ੍ਰਧਾਨ ਅਮਨਦੀਪ ਸਿੰਘ ਮੰਡ, ਸੂਬਾ ਵਰਕਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਬਲ ਅਤੇ ਸਾਬਕਾ ਸਰਪੰਚ ਜਸਵਿੰਦਰ ਸਿੰਘ ਦੀ ਅਗਵਾਈ ਵਿੱਚ ਵੱਖ-ਵੱਖ ਪਿੰਡਾਂ ਵਿੱਚ ਹੋਈਆਂ ਮੀਟਿੰਗਾਂ ਵਿੱਚ ਐਲਾਨ ਕੀਤਾ ਗਿਆ ਕਿ 26 ਸਤੰਬਰ ਨੂੰ ਵੱਖ-ਵੱਖ ਪਿੰਡਾਂ ਤੋਂ ਟਰੈਕਟਰਾਂ ਨਾਲ ਮਾਰਚ ਕੱਢ ਕੇ ਡਿਪਟੀ ਕਮਿਸ਼ਨਰ ਦਫਤਰ ਤੱਕ ਪਹੁੰਚਿਆ ਜਾਵੇਗਾ।

ਕੌਮੀ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਵੀ ਪਿੰਡਾਂ ਦਾਊਦਪੁਰ, ਮੰਡ ਕੂਕਾ, ਮੰਗਲ ਲਬਾਣਾ, ਟਾਹਲੀ, ਹਬੀਬਵਾਲ ਅਤੇ ਲੱਖਣ ਕੇ ਪੱਡੇ ਵਰਗੀਆਂ ਜਗ੍ਹਾਵਾਂ ’ਤੇ ਪਹੁੰਚ ਕੇ ਸਮਰਥਨ ਦਿੱਤਾ। ਉਹਨਾਂ ਨੇ ਕਿਹਾ ਕਿ ਇਹ ਸਾਰਿਆਂ ਦਾ ਫ਼ਰਜ਼ ਹੈ ਕਿ ਡੇਰੇ ਵੱਲੋਂ ਬਿਆਸ ’ਤੇ ਚੌਥਾ ਬੰਨ੍ਹ ਬਣਾਉਣ ਦੇ ਉਪਰਾਲਿਆਂ ਨੂੰ ਰੋਕਿਆ ਜਾਵੇ, ਨਹੀਂ ਤਾਂ ਪੰਜਾਬ ਦੀਆਂ ਜ਼ਮੀਨਾਂ ਖਤਰੇ ਵਿੱਚ ਪੈ ਜਾਣਗੀਆਂ। ਇਸ ਵਿਵਾਦ ਦੀ ਜੜ੍ਹ ਬਿਆਸ ਦਰਿਆ ਦੇ ਕੰਢੇ ’ਤੇ ਸਥਿਤ ਡੇਰਾ ਰਾਧਾ ਸਵਾਮੀ ਸਤਸੰਗ ਬਿਆਸ ਨਾਲ ਜੁੜੀ ਹੈ, ਜੋ 1891 ਵਿੱਚ ਸਥਾਪਿਤ ਹੋਇਆ ਸੀ। ਡੇਰੇ ਦਾ ਮੁੱਖ ਕੇਂਦਰ ਡੇਰਾ ਬਾਬਾ ਜੈਮਲ ਸਿੰਘ ਵਿਖੇ ਹੈ, ਜੋ ਦਰਿਆ ਦੇ ਕੰਢੇ ’ਤੇ ਹੀ ਵੱਸਿਆ ਹੈ।

ਕਿਸਾਨਾਂ ਅਨੁਸਾਰ, ਡੇਰੇ ਨੇ ਆਪਣੇ ਵਿਸਥਾਰ ਲਈ ਦਰਿਆ ਨੂੰ ਮੋੜਨ ਅਤੇ ਨਾਜਾਇਜ਼ ਖੁਦਾਈ ਕਰਕੇ ਨੇੜਲੇ ਪਿੰਡਾਂ ਦੀਆਂ ਲੱਖਾਂ ਏਕੜ ਜ਼ਮੀਨਾਂ ਨੂੰ ਹੜ੍ਹਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਚੱਲ ਰਹੇ ਇਸ ਵਿਵਾਦ ਨੇ ਹੁਣ ਤੇਜ਼ੀ ਫੜ ਲਈ ਹੈ, ਕਿਉਂਕਿ ਹਾਈਕੋਰਟ ਨੇ ਦਰਿਆ ਨਾਲ ਛੇੜਛਾੜ ਰੋਕਣ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਕੇ ਡੇਰੇ ਵੱਲੋਂ ਮਾਈਨਿੰਗ ਜਾਰੀ ਰੱਖੀ ਹੋਈ ਹੈ। ਕਿਸਾਨ ਆਗੂਆਂ ਨੇ ਇਲਜ਼ਾਮ ਲਗਾਇਆ ਹੈ ਕਿ ਅਫ਼ਸਰ ਡੇਰੇ ਨੂੰ ਢਾਲ ਬਣਾ ਰਹੇ ਹਨ ਅਤੇ ਹਾਈਕੋਰਟ ਦੇ ਹੁਕਮਾਂ ਦੀ ਉਲੰਘਣਾ ਹੋ ਰਹੀ ਹੈ। ਇਸ ਨਾਲ ਨਾ ਸਿਰਫ਼ ਜ਼ਮੀਨਾਂ ਬਰਬਾਦ ਹੋ ਰਹੀਆਂ ਹਨ, ਸਗੋਂ ਪਾਣੀ ਦੇ ਵਹਾਅ ਵਿੱਚ ਵਿਘਨ ਪੈਣ ਕਾਰਨ ਹਰ ਸਾਲ ਹੜ੍ਹਾਂ ਦਾ ਖਤਰਾ ਵਧ ਰਿਹਾ ਹੈ।

## ਡੇਰੇ ਨੇ ਕਿਵੇਂ ਬਿਆਸ ਦੀ ਜ਼ਮੀਨ ’ਤੇ ਕਬਜ਼ਾ ਕੀਤਾ: ਹੜ੍ਹਾਂ ਦਾ ਕਾਰਨ ਬਣੀ ਖੁਦਾਈ

ਕਿਸਾਨਾਂ ਵਲੋਂ ਦੋਸ਼ ਲਗਾਇਆ ਹੈ ਕਿ ਡੇਰੇ ਨੇ ਆਪਣੇ ਵਿਸਥਾਰ ਲਈ ਦਰਿਆ ਨਾਲ ਜੁੜੀਆਂ ਜ਼ਮੀਨਾਂ ’ਤੇ ਕਬਜ਼ਾ ਕੀਤਾ, ਜਿਸ ਵਿੱਚ ਨਾਜਾਇਜ਼ ਖੁਦਾਈ ਅਤੇ ਬੰਨ੍ਹ ਬਣਾਉਣ ਸ਼ਾਮਲ ਹਨ। ਕਿਸਾਨਾਂ ਅਨੁਸਾਰ, ਡੇਰੇ ਨੇ ਬਿਆਸ ਦੇ ਵਹਾਅ ਨੂੰ ਆਪਣੇ ਪਿਛੇ ਵੱਲ ਮੋੜਨ ਲਈ ਚਾਰਥਾ ਬੰਨ੍ਹ ਬਣਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਨੇੜਲੇ ਪਿੰਡਾਂ ਵਿੱਚ ਪਾਣੀ ਦਾ ਵਹਾਅ ਬਦਲ ਗਿਆ ਅਤੇ ਹੜ੍ਹਾਂ ਦਾ ਸੰਕਟ ਪੈਦਾ ਹੋ ਗਿਆ।

ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ 2024 ਵਿੱਚ ਦਾਇਰ ਪਟੀਸ਼ਨ ਅਨੁਸਾਰ, ਡੇਰੇ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਨਾਜਾਇਜ਼ ਜ਼ਮੀਨ ’ਤੇ ਕਬਜ਼ਾ ਕੀਤਾ ਅਤੇ ਰੇਤ-ਮਿੱਟੀ ਦੀ ਖੁਦਾਈ ਕੀਤੀ, ਜਿਸ ਕਾਰਨ ਪਿੰਡਾਂ ਦੀਆਂ ਫ਼ਸਲਾਂ ਬਰਬਾਦ ਹੋਈਆਂ। 1955, 1978, 1988, 2019, 2023 ਅਤੇ ਹੁਣ 2025 ਦੀਆਂ ਹੜ੍ਹਾਂ ਵਿੱਚ ਬਿਆਸ ਨੇ ਵੱਡੀ ਤਬਾਹੀ ਮਚਾਈ, ਜਿਸ ਵਿੱਚ ਲੱਖਾਂ ਏਕੜ ਜ਼ਮੀਨ ਰੇਤ ਨਾਲ ਭਰ ਗਈ। ਕਿਸਾਨ ਆਗੂ ਬਲਦੇਵ ਸਿਰਸਾ ਨੇ ਕਿਹਾ ਕਿ ਡੇਰੇ ਨੇ ਦਰਿਆ ਨੂੰ ਪੁਰਾਣੀ ਜਗ੍ਹਾ ਤੋਂ ਬਦਲ ਕੇ ਆਪਣੇ ਡੇਰੇ ਨੂੰ ਸੁਰੱਖਿਅਤ ਬਣਾਇਆ, ਪਰ ਨੇੜਲੇ ਪਿੰਡਾਂ ਨੂੰ ਹੜ੍ਹਾਂ ਦਾ ਸ਼ਿਕਾਰ ਬਣਾ ਦਿੱਤਾ। ਇਸ ਨਾਲ ਨਾ ਸਿਰਫ਼ ਖੇਤੀਬਾੜੀ ਨੁਕਸਾਨ ਹੋਇਆ, ਸਗੋਂ ਗਰੀਬ ਕਿਸਾਨਾਂ ਦੇ ਘਰਾਂ ਵਿੱਚ ਵੀ ਪਾਣੀ ਭਰ ਗਿਆ।

ਹਾਈਕੋਰਟ ਨੇ ਫ਼ਰਵਰੀ 2024 ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ, ਪਰ ਖੁਦਾਈ ਜਾਰੀ ਹੈ। ਡੇਰੇ ਨੇ ਆਪਣੇ ਵਿਸਥਾਰ ਲਈ ਵੀਰਾਨ ਜ਼ਮੀਨਾਂ ਨੂੰ ਵਰਤੋਂ ਵਿੱਚ ਲਿਆ, ਜਿਸ ਵਿੱਚ ਫ਼ਾਰੈਸਟ ਲੈਂਡ ਅਤੇ ਗਰਾਮ ਪੰਚਾਇਤਾਂ ਦੀ ਜ਼ਮੀਨ ਵੀ ਸ਼ਾਮਲ ਹੈ। ਇਹ ਕਬਜ਼ਾ ਹੋਲੀ ਹੋਲੀ- ਵਧਿਆ ਅਤੇ ਹੁਣ ਡੇਰਾ ਇੱਕ  ਨਗਰੀ ਬਣ ਗਿਆ ਹੈ, ਪਰ ਇਸ ਦੀ ਕੀਮਤ ਪਿੰਡ ਵਾਸੀਆਂ ਨੂੰ ਚੁਕਣੀ ਪੈ ਰਹੀ ਹੈ।

## ਕੇਂਦਰ-ਸੂਬਾ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਕਿਉਂ ਚੁੱਪ ?

ਕਿਸਾਨ ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰਾਂ ’ਤੇ ਡੇਰੇ ਨੂੰ ਸਪੋਰਟ ਕਰਨ ਦਾ ਗੰਭੀਰ ਇਲਜ਼ਾਮ ਲਗਾਇਆ ਹੈ। ਉਹਨਾਂ ਅਨੁਸਾਰ, ਰਾਸ਼ਟਰੀ ਰਿਵਰ ਲਿੰਕਿੰਗ ਪ੍ਰੋਜੈਕਟ ਅਧੀਨ ਪਾਣੀ ਵੰਡਣ ਵਾਲੀ ਨੀਤੀ ਵਿੱਚ ਵੀ ਡੇਰੇ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ, ਜਦਕਿ ਪੰਜਾਬ ਦੇ ਕਿਸਾਨ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ। ਸੂਬਾ ਸਰਕਾਰ ’ਤੇ ਇਲਜ਼ਾਮ ਹੈ ਕਿ ਉਹ ਅਫ਼ਸਰਾਂ ਨੂੰ ਡੇਰੇ ਦੀ ਰੱਖਿਆ ਲਈ ਲਗਾਏ ਹੋਏ ਹਨ, ਜੋ ਹਾਈਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਰਾਜਨੀਤਕ ਪਾਰਟੀਆਂ ’ਤੇ ਵੀ ਚੁੱਪੀ ਨੂੰ ਲੈ ਕੇ ਸਵਾਲ ਉੱਠੇ ਹਨ।

ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਨੇ ਡੇਰੇ ਨਾਲ ਨੇੜਲੇ ਸਬੰਧ ਰੱਖੇ ਹਨ - ਉਦਾਹਰਨ ਲਈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੀਟਿੰਗਾਂ ਕੀਤੀਆਂ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ 26-27 ਸਤੰਬਰ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਡੇਰੇ ਪਹੁੰਚਣ ’ਤੇ ਉਹਨਾਂ ਨੂੰ ਬੇਨਤੀ ਕੀਤੀ ਜਾਵੇਗੀ ਕਿ ਗਰੀਬ ਕਿਸਾਨਾਂ ਦੀ ਗੱਲ ਸੁਣੀ ਜਾਵੇ। ਉਹਨਾਂ ਅਨੁਸਾਰ, ਸਿਆਸਤਦਾਨਾਂ ਦੇ ਡੇਰੇ ਜਾਣ ਨਾਲ ਡੇਰੇ ਨੂੰ ਉਤਸ਼ਾਹ ਮਿਲਦਾ ਹੈ, ਪਰ ਕਿਸਾਨਾਂ ਦੀਆਂ ਪੁਕਾਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਸੂਬਾ ਸਰਕਾਰ ਵੀ ਚੁੱਪ ਹੈ, ਕਿਉਂਕਿ ਡੇਰੇ ਨਾਲ ਜੁੜਿਆ ਵੋਟ ਬੈਂਕ ਪਾਰਟੀਆਂ ਨੂੰ ਆਪਣੇ ਵਲ ਖਿੱਚ ਰਿਹਾ ਹੈ। ਇਸ ਕਰਕੇ ਕਿਸਾਨਾਂ ਵਿੱਚ ਨਿਰਾਸ਼ਾ ਵਧ ਰਹੀ ਹੈ ਅਤੇ ਉਹ ਮੋਰਚੇ ਲਾਉਣ ਲਈ ਮਜਬੂਰ ਹੋ ਰਹੇ ਹਨ।

## ਕੋਰਟਾਂ ਨੇ ਕਿਉਂ ਨਹੀਂ ਕੀਤੀ ਕਾਰਵਾਈ

ਕਿਸਾਨਾਂ ਨੇ ਹਾਈਕੋਰਟ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ’ਤੇ ਵੀ ਚੁਪੀ ਨੂੰ ਲੈ ਕੇ ਸਵਾਲ ਉਠਾਏ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜਨਵਰੀ 2024 ਵਿੱਚ ਡੇਰੇ ਵਿਰੁੱਧ ਨੋਟਿਸ ਜਾਰੀ ਕੀਤਾ ਸੀ, ਜਿਸ ਵਿੱਚ ਨਾਜਾਇਜ਼ ਜ਼ਮੀਨ ਕਬਜ਼ੇ ਅਤੇ ਖੁਦਾਈ ਦੇ ਇਲਜ਼ਾਮ ਸਨ। ਕੋਰਟ ਨੇ ਪੰਜਾਬ ਸਰਕਾਰ ਨੂੰ ਫ਼ਰਵਰੀ 15 ਤੱਕ ਜਵਾਬ ਮੰਗਿਆ ਸੀ, ਪਰ ਇਸ ਤੋਂ ਬਾਅਦ ਕੋਈ ਸਖ਼ਤ ਕਾਰਵਾਈ ਨਹੀਂ ਹੋਈ। ਐੱਨਜੀਟੀ ਵਿੱਚ ਵੀ ਗੌਰਵ ਸ਼ਰਮਾ ਵਰਗੇ ਪਟੀਸ਼ਨਕਰਤਾ ਨੇ ਡੇਰੇ ਵਿਰੁੱਧ  ਕੇਸ ਦਾਇਰ ਕੀਤਾ ਸੀ, ਜਿਸ ਵਿੱਚ ਜੰਗਲਾਂ ਦੀ ਕਟਾਈ ਅਤੇ ਦਰਿਆ ਨਾਲ ਛੇੜਛਾੜ ਦੇ ਮਾਮਲੇ ਸਨ, ਪਰ ਫ਼ੈਸਲੇ ਅਟਕੇ ਹੋਏ ਹਨ।

## ਰਾਧਾ ਸਵਾਮੀ ਧੜੇ ਦਾ ਪੱਖ: ਸਮਾਜਿਕ ਸੇਵਾ ਦਾ ਦਾਅਵਾ

ਰਾਧਾ ਸਵਾਮੀ ਸਤਸੰਗ ਬਿਆਸ ਧੜਾ ਆਪਣੇ ਪੱਖ ਵਿੱਚ ਕਹਿੰਦਾ ਹੈ ਕਿ ਡੇਰਾ ਇੱਕ ਅਧਿਆਤਮਿਕ ਸੰਸਥਾ ਹੈ, ਜੋ ਸੰਤ ਮਤ ਪਰੰਪਰਾ ਅਨੁਸਾਰ ਚੱਲਦੀ ਹੈ ਅਤੇ ਆਪਣੇ ਵਿਸਥਾਰ ਨਾਲ ਹੀ ਨਹੀਂ, ਸਮਾਜਿਕ ਸੇਵਾ ਨਾਲ ਵੀ ਜੁੜੀ ਹੋਈ ਹੈ। ਡੇਰੇ ਨੇ ਆਪਣੀ ਵੈੱਬਸਾਈਟ ਅਤੇ ਬਿਆਨਾਂ ਵਿੱਚ ਕਿਹਾ ਹੈ ਕਿ ਉਹ ਦਰਿਆ ਨਾਲ ਛੇੜਛਾੜ ਨਹੀਂ ਕਰ ਰਹੇ, ਸਗੋਂ ਆਪਣੀ ਜ਼ਮੀਨ ’ਤੇ ਵਿਕਾਸ ਕੰਮ ਕਰ ਰਹੇ ਹਨ।

ਉਹਨਾਂ ਅਨੁਸਾਰ, ਡੇਰਾ ਇੱਕ ਸਵੈ-ਨਿਰਭਰ ਨਗਰੀ ਹੈ, ਜਿੱਥੇ ਵੈੱਡਿੰਗ ਜਾਂ ਫੰਡਰੇਜ਼ਿੰਗ ਵਰਗੇ ਕੰਮ ਨਹੀਂ ਹੁੰਦੇ ਅਤੇ ਸਭ ਕੁਝ ਸ਼ਰਧਾਲੂਆਂ ਦੇ ਦਾਨ ਨਾਲ ਚੱਲਦਾ ਹੈ। ਹਾਲ ਹੀ ਵਿੱਚ 2025 ਦੀਆਂ ਹੜ੍ਹਾਂ ਵਿੱਚ ਡੇਰੇ ਨੇ ਰਾਹਤ ਸਮੱਗਰੀ ਵੰਡੀ ਅਤੇ ਲੰਗਰ ਲਾਏ, ਜਿਸ ਨੂੰ ਉਹ ਆਪਣੀ ਸੇਵਾ ਵਜੋਂ ਪੇਸ਼ ਕਰਦੇ ਹਨ।

ਡੇਰੇ ਨੇ ਪਿਛਲੇ ਵਿਵਾਦਾਂ ਵਿੱਚ ਕਿਹਾ ਹੈ ਕਿ ਉਹ ਕਾਨੂੰਨੀ ਢੰਗ ਨਾਲ ਜ਼ਮੀਨਾਂ ਖਰੀਦਦੇ ਹਨ ਅਤੇ ਖੁਦਾਈ ਨਹੀਂ, ਸਗੋਂ ਵਿਕਾਸ ਕੰਮ ਕਰ ਰਹੇ ਹਨ। ਉਹਨਾਂ ਨੇ ਹਾਈਕੋਰਟ ਵਿੱਚ ਜਵਾਬ ਦਿੱਤੇ ਕਿ ਉਹ ਫ਼ਾਰੈਸਟ ਲੈਂਡ ’ਤੇ ਨਹੀਂ ਬਣ ਰਹੇ ਅਤੇ ਜੰਗਲਾਂ ਨੂੰ ਕੱਟਣ ਦਾ ਕੋਈ ਇਰਾਦਾ ਨਹੀਂ।

# ਖੇਡ ਮੇਲੇ ਦੌਰਾਨ ਦੋ ਧਿਰਾਂ ਵਿਚ ਖ਼ੂਨੀ ਝੜਪ, ਗੋਲ਼ੀਆਂ ਚਲੀਆਂ

## ✪ ਚਾਰ ਜਣੇ ਜ਼ਖ਼ਮੀ; ਦੋ ਦੀ ਹਾਲਤ ਗੰਭੀਰ



ਸ੍ਰੀ ਹਰਗੋਬਿੰਦਪੁਰ/ਬਟਾਲਾ-ਬੀਤੇ ਦਿਨੀਂ ਥਾਣਾ ਸ੍ਰੀ ਹਰਗੋਬਿੰਦਪੁਰ ਦੇ ਅਧੀਨ ਆਉਂਦੇ ਪਿੰਡ ਔਲਖ ਵਿਚ ਦੋ ਧਿਰਾਂ ਵਿਚ ਜੰਮ ਕੇ ਲੜਾਈ ਹੋਈ ਅਤੇ ਇੱਕ ਧਿਰ ਵੱਲੋਂ ਗੋਲੀ ਚਲਾਏ ਜਾਣ ਦਾ ਮਾਮਲਾ ਵੀ ਸਾਹਮਣੇ ਆਇਆ। ਇਸ ਦੌਰਾਨ ਦੋਹਾਂ ਧਿਰਾਂ ਦੇ 4 ਜਣੇ ਜ਼ਖ਼ਮੀ ਹੋਏ ਹਨ। ਦੋ ਵਿਅਕਤੀਆਂ ਦੀ ਹਾਲਤ ਗੰਭੀਰ ਹੋਣ ਕਰਕੇ ਉਨ੍ਹਾਂ ਨੂੰ ਬਟਾਲਾ ਦੇ ਸਿਵਲ ਹਸਪਤਾਲ ਤੋਂ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਪਿੰਡ ਔਲਖ 'ਚ ਇੱਕ ਧਾਰਮਿਕ ਜਗ੍ਹਾ 'ਤੇ ਸਾਲਾਨਾ ਜੋੜ ਮੇਲਾ ਚੱਲ ਰਿਹਾ ਸੀ ਕਿ ਪੁਰਾਣੀ ਰੰਜਿਸ਼ ਦੇ ਚਲਦਿਆਂ ਦੋ ਧਿਰਾਂ ਆਪਸ 'ਚ ਭਿੜ ਗਈਆਂ। ਤੇਜ਼ ਹਥਿਆਰਾਂ ਤੋਂ ਇਲਾਵਾ ਇੱਕ ਧਿਰ ਵੱਲੋਂ ਗੋਲੀਆਂ ਵੀ ਚਲਾਈਆਂ ਗਈਆਂ ਹਨ। ਇਸ ਲੜਾਈ ਵਿਚ ਨਵੀ ਗੁਰਵਿੰਦਰ ਸਿੰਘ ਵਾਸੀ ਪਿੰਡ ਰਾਜੂ ਬੇਲਾ, ਮੱਖਣ ਵਾਸੀ ਬੁੱਢਾ ਬਾਲਾ, ਬਲਦੇਵ ਸਿੰਘ ਅਤੇ ਬੂਟਾ ਸਿੰਘ ਵਾਸੀ ਪਿੰਡ ਬੁੱਢਾ ਬਾਲਾ ਜ਼ਖ਼ਮੀ ਦੱਸੇ ਗਏ ਹਨ। ਨਵੀ ਗੁਰਵਿੰਦਰ ਸਿੰਘ ਦੇ ਗੋਲੀਆਂ ਲੱਗੀਆਂ ਹਨ।

ਜਾਣਕਾਰੀ ਅਨੁਸਾਰ ਇੱਕ ਧਿਰ ਦਾ ਬਲਦੇਵ ਸਿੰਘ ਵਾਸੀ ਬੁੱਢਾ ਬਾਲਾ ਅਤੇ ਦੂਜੀ ਧਿਰ ਦਾ ਨਵੀ ਗੁਰਵਿੰਦਰ ਸਿੰਘ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ, ਜਿੱਥੇ ਦੋਹਾਂ ਦੀ ਹਾਲਤ ਗੰਭੀਰ ਹੋਣ ਕਰਕੇ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ। ਉਕਤ ਮਾਮਲੇ ਦੇ ਸਬੰਧ 'ਚ ਪੁਲਿਸ ਚੌਂਕੀ ਹਰਚੋਵਾਲ ਦੇ ਇੰਚਾਰਜ ਏਐੱਸਆਈ ਸਰਵਨ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਅਨੁਸਾਰ ਕਾਰਵਾਈ ਕਰ ਦਿੱਤੀ ਜਾਵੇਗੀ।

# ਲੁਧਿਆਣਾ ਵਿਚ ਹਾਈਵੇਅ 'ਤੇ ਖੁੱਲ੍ਹੇਆਮ ਗੋਲੀਬਾਰੀ, ਇੱਕ-ਦੂਜੇ ਨੂੰ ਗੋਲੀ ਚਲਾਉਣਾ ਸਿਖਾ ਰਹੇ ਸਨ ਨੌਜਵਾਨ

## ✪ ਪੁਲਿਸ ਦੋਸ਼ੀਆਂ ਦੀ ਭਾਲ ਵਿਚ ਲਗੀ, ਕੇਸ ਦਰਜ



ਲੁਧਿਆਣਾ-ਲੁਧਿਆਣਾ ਦੇ ਜਲੰਧਰ ਹਾਈਵੇਅ 'ਤੇ ਸ਼ਿਵਪੁਰੀ ਚੌਕ 'ਤੇ ਦੋ ਨੌਜਵਾਨਾਂ ਨੇ ਖੁੱਲ੍ਹੇਆਮ ਹਵਾ ਵਿੱਚ ਗੋਲੀਆਂ ਚਲਾਈਆਂ। ਉਹ ਇੱਕ ਦੂਜੇ ਨੂੰ ਹਥਿਆਰ ਚਲਾਉਣਾ ਸਿਖਾ ਰਹੇ ਸਨ। ਕਾਨੂੰਨ ਦੀ ਉਲੰਘਣਾ ਕਰਦੇ ਹੋਏ, ਉਨ੍ਹਾਂ ਨੇ ਗੋਲੀਆਂ ਚਲਾਈਆਂ ਅਤੇ ਗੋਲੀਬਾਰੀ ਦੀ ਵੀਡੀਓ ਵੀ ਬਣਾਈ। ਇੱਕ ਨੌਜਵਾਨ ਦੂਜੇ ਨੂੰ ਗੋਲੀਬਾਰੀ ਕਰਦੇ ਸਮੇਂ ਪਿਸਤੌਲ ਫੜਨਾ ਸਿਖਾ ਰਿਹਾ ਸੀ। ਜਦੋਂ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਈ, ਤਾਂ ਪੁਲਿਸ ਨੂੰ ਸ਼ੁਰੂ ਵਿੱਚ ਲੋਕੇਸ਼ਨ ਲੱਭਣ ਵਿੱਚ ਮੁਸ਼ਕਲ ਆਈ।

ਲੋਕੇਸ਼ਨ 'ਤੇ ਪਹੁੰਚਣ 'ਤੇ ਉਨ੍ਹਾਂ ਨੇ ਮਾਮਲੇ ਦੀ ਜਾਂਚ ਕੀਤੀ। ਕਈ ਸੀਸੀਟੀਵੀ ਫੁਟੇਜ ਚੈੱਕ ਕਰਨ 'ਤੇ, ਉਨ੍ਹਾਂ ਨੂੰ ਪਤਾ ਲੱਗਾ ਕਿ ਕੁਝ ਨੌਜਵਾਨ ਸ਼ਿਵਪੁਰੀ ਚੌਕ ਨੇੜੇ ਹੰਗਾਮਾ ਕਰ ਰਹੇ ਸਨ। ਇਨ੍ਹਾਂ ਨੌਜਵਾਨਾਂ ਨੇ ਖੁੱਲ੍ਹੇਆਮ ਹਵਾ ਵਿੱਚ ਗੋਲੀਆਂ ਚਲਾਈਆਂ। ਜਦੋਂ ਵੀਡੀਓ ਸੀਨੀਅਰ ਅਧਿਕਾਰੀਆਂ ਤੱਕ ਪਹੁੰਚੀ, ਤਾਂ ਦਰੇਸੀ ਪੁਲਿਸ ਸਟੇਸ਼ਨ ਨੇ ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ। ਏਐਸਆਈ ਦਵਿੰਦਰ ਸਿੰਘ ਮਾਮਲੇ ਦੀ ਜਾਂਚ ਕਰ ਰਹੇ ਹਨ।

ਪੁਲਿਸ ਨੇ ਦੋਵਾਂ ਨੌਜਵਾਨਾਂ ਵਿਰੁੱਧ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਹਰਜਾਪ ਸਿੰਘ ਵਾਸੀ ਚੰਡੀਗੜ੍ਹ ਰੋਡ, ਸੈਕਟਰ 32ਏ ਅਤੇ ਮੋਹਿਤ ਖੰਨਾ ਵਜੋਂ ਹੋਈ ਹੈ। ਦੋਵੇਂ ਇਸ ਸਮੇਂ ਫਰਾਰ ਹਨ। ਪੁਲਿਸ ਦੋਵਾਂ ਦੇ ਪਿਛਲੇ ਰਿਕਾਰਡ ਦੀ ਜਾਂਚ ਕਰ ਰਹੀ ਹੈ। ਗੋਲੀਬਾਰੀ ਲਈ ਵਰਤੀ ਗਈ ਪਿਸਤੌਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਲਾਇਸੈਂਸੀ ਹੈ ਜਾਂ ਗੈਰ-ਕਾਨੂੰਨੀ। ਜੇਕਰ ਇਹ ਲਾਇਸੈਂਸੀ ਹੈ, ਤਾਂ ਇਸਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇਗਾ।

# ਭਈਏ ਵੱਲੋਂ ਅਗਵਾ ਕੀਤੀ ਨਾਬਾਲਗ ਲੜਕੀ ਉੱਤਰ ਪ੍ਰਦੇਸ਼ ਤੋਂ ਬਰਾਮਦ



ਜਲੰਧਰ-ਜਲੰਧਰ ਪੁਲਿਸ ਨੇ ਦੋ ਮਹੀਨੇ ਪਹਿਲਾਂ ਅਗਵਾ ਹੋਈ ਨਾਬਾਲਗ ਲੜਕੀ ਨੂੰ ਉਤਰ ਪ੍ਰਦੇਸ਼ ਦੇ ਬਹਿਰਾਇਚ ਤੋਂ ਬਰਾਮਦ ਕਰ ਲਿਆ ਅਤੇ ਲੜਕੀ ਨੂੰ ਉਸ ਦੇ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤਾ ਹੈ। ਜਲੰਧਰ ਪੁਲਿਸ ਨੇ ਆਰੋਪੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਅਧਿਕਾਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਇਕ ਪਰਵਾਸੀ ਵਿਅਕਤੀ ਨੇ ਜਲੰਧਰ ਸਥਿਤ ਇੰਦਰਾ ਕਲੋਨੀ ਤੋਂ ਇਕ ਨਾਬਾਲਗ ਲੜਕੀ ਨੂੰ ਅਗਵਾ ਕਰ ਲਿਆ ਸੀ। ਜਿਸ ਤੋਂ ਬਾਅਦ ਆਰੋਪੀ ਨਾਬਾਲਗ ਲੜਕੀ ਨੂੰ ਉਤਰ ਪ੍ਰਦੇਸ਼ ਦੇ ਬਹਿਰਾਇਚ ਵਿਖੇ ਲੈ ਗਿਆ। ਪਰਿਵਾਰ ਵਾਲਿਆਂ ਵੱਲੋਂ ਲੜਕੀ ਦੇ ਅਗਵਾ ਹੋਣ ਸਬੰਧੀ ਮਾਮਲਾ ਦਰਜ ਕਰਵਾਇਆ ਗਿਆ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਤਾਂ ਇੱਕ ਟੀਮ ਪਰਿਵਾਰਕ ਮੈਂਬਰਾਂ ਸਮੇਤ ਬਹਿਰਾਇਚ ਭੇਜੀ ਗਈ। ਸਥਾਨਕ ਪੁਲਿਸ ਨਾਲ ਸੰਪਰਕ ਕਰਨ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਛਾਪਾ ਮਾਰਿਆ ਅਤੇ ਲੜਕੀ ਨੂੰ ਬਰਾਮਦ ਕਰ ਲਿਆ। ਇਸ ਤੋਂ ਬਾਅਦ ਪੁਲਿਸ ਨੇ ਮੁਲਜ਼ਮ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

# ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਚਲ ਵਸੇ

ਅਨੰਦਪੁਰ ਸਾਹਿਬ-ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਦੌਰਾਨ ਕੈਬਨਿਟ ਮੰਤਰੀ ਰਹੇ ਸ. ਹਰਮੇਲ ਸਿੰਘ ਟੌਹੜਾ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਉਹ ਪਿਛਲੇ ਕਾਫੀ ਸਮੇਂ ਤੋਂ



ਬਿਮਾਰ ਚੱਲ ਰਹੇ ਸਨ ਅਤੇ ਚੰਡੀਗੜ੍ਹ ਦੇ ਹਸਪਤਾਲ 'ਚ ਇਲਾਜ ਹੇਠ ਦਾਖਲ ਸਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪੰਥ ਰਤਨ ਸਵਃ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ ਦੇ ਦਾਮਾਦ ਸ. ਹਰਮੇਲ ਸਿੰਘ ਜੀ ਟੌਹੜਾ, ਸਾਬਕਾ ਮੰਤਰੀ, ਪੰਜਾਬ ਦੇ ਅਕਾਲ ਚਲਾਣਾ ਕਰ ਜਾਣ ਦੀ ਖ਼ਬਰ ਸੁਣ ਕੇ ਮਨ ਨੂੰ ਗਹਿਰਾ ਦੁੱਖ ਪਹੁੰਚਿਆ। ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚਲੇ ਆ ਰਹੇ ਸਨ।

ਉਹਨਾਂ ਦਾ ਵਿਛੋੜਾ ਸਾਰੇ ਟੌਹੜਾ ਪਰਿਵਾਰ, ਪੰਥ ਅਤੇ ਪੰਜਾਬ ਦੀ ਰਾਜਨੀਤੀ ਲਈ ਬਹੁਤ ਵੱਡਾ ਘਾਟਾ ਹੈ।

# ਪਰਵਾਸੀ ਪ੍ਰੇਮੀ ਜੋੜੇ ਦੀ ਕੁੱਟਮਾਰ ਦੇ ਮਾਮਲੇ ਵਿਚ ਛੇ ਪੰਜਾਬੀਆਂ ਖਿਲਾਫ਼ ਕੇਸ ਦਰਜ

ਅਮਲੋਹ-ਇੱਥੋਂ ਦੇ ਵਾਰਡ ਨੰਬਰ 6 ਦੇ ਇੱਕ ਪ੍ਰੇਮੀ ਜੋੜੇ ਦੀ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ



ਵਲੋਂ ਬੇਰਹਿਮੀ ਨਾਲ ਕੀਤੀ ਕੁੱਟਮਾਰ ਦੇ ਸਬੰਧ ਵਿਚ ਥਾਣਾ ਅਮਲੋਹ ਦੀ ਪੁਲੀਸ ਨੇ 6 ਵਿਅਕਤੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰ ਕੇ ਤਿੰਨ ਜਣਿਆਂ ਨੂੰ ਕਾਬੂ ਕਰ ਲਿਆ ਹੈ। ਉਪ ਪੁਲੀਸ ਕਪਤਾਨ ਗੁਰਦੀਪ ਸਿੰਘ ਸੰਧੂ ਨੇ ਸਪਸ਼ਟ ਕੀਤਾ ਕਿ ਗੰਭੀਰ ਜ਼ਖ਼ਮੀ ਅਮਲੋਹ ਦਾ ਹੀ ਵਸਨੀਕ ਸੀ ਜਿਸ ਨੇ ਕਿਸੇ ਲੜਕੀ ਨਾਲ ਪ੍ਰੇਮ ਵਿਆਹ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਲੜਕੇ ਦੀ ਕੁੱਟਮਾਰ ਕਾਰਨ ਉਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਸੀ। ਇਸ ਲੜਕੇ ਨੂੰ ਗੰਭੀਰ ਹਾਲਤ ਵਿਚ ਸਿਵਲ ਹਸਪਤਾਲ ਲਿਜਾਇਆ ਗਿਆ ਪਰ ਹਾਲਤ ਗੰਭੀਰ ਹੋਣ ਕਾਰਨ ਪੀਜੀਆਈ ਚੰਡੀਗੜ੍ਹ ਭੇਜ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲੀਸ ਕਪਤਾਨ ਸ਼ੁਭਮ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਾਕੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਚਲ ਰਹੀ ਹੈ ਅਤੇ ਜਲਦੀ ਹੀ ਇਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਪਾਕਿਸਤਾਨ ਤੋਂ ਆਯਾਤ ਕੀਤੀ ਗਈ ਹੈਰੋਇਨ ਸਮੇਤ, 4 ਸਮਗਲਰ ਗ੍ਰਿਫ਼ਤਾਰ



ਅੰਮ੍ਰਿਤਸਰ-ਸੀਮਾ ਸੁਰੱਖਿਆ ਬਲ (ਬੀਐਸਐਫ) ਅਤੇ ਪੰਜਾਬ ਪੁਲਿਸ ਨੇ ਇੱਕ ਸਾਂਝੇ ਆਪ੍ਰੇਸ਼ਨ ਵਿੱਚ ਚਾਰ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਵੱਡੀ ਮਾਤਰਾ ਵਿੱਚ ਹੈਰੋਇਨ ਬਰਾਮਦ ਕੀਤੀ ਗਈ। ਤਲਾਸ਼ੀ ਦੌਰਾਨ, ਉਨ੍ਹਾਂ ਤੋਂ ਹੈਰੋਇਨ ਦੇ ਪੰਜ ਪੈਕੇਟ (ਕੁੱਲ ਭਾਰ ਲਗਭਗ 10 ਕਿਲੋਗ੍ਰਾਮ), ਤਿੰਨ ਮੋਬਾਈਲ ਫੋਨ ਅਤੇ ਦੋ ਮੋਟਰਸਾਈਕਲ ਬਰਾਮਦ ਕੀਤੇ ਗਏ। ਗ੍ਰਿਫਤਾਰ ਕੀਤੇ ਗਏ ਤਸਕਰਾਂ ਦੀ ਪਛਾਣ ਗੁਰਦਾਸਪੁਰ ਜ਼ਿਲ੍ਹੇ ਦੇ ਮਾਨੇਪੁਰ ਅਤੇ ਬੱਲਾਗਾਨ ਪਿੰਡਾਂ ਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਾਖਾ ਤਾਰਾ ਸਿੰਘ ਅਤੇ ਭੱਲਾ ਕਲੋਨੀ ਦੇ ਨੌਜਵਾਨਾਂ ਵਜੋਂ ਹੋਈ ਹੈ।

# ਅਮਰੀਕਾ ਦਾ ਭਾਰਤ ਨੂੰ ਵੱਡਾ ਝਟਕਾ: ਫੈਂਟਾਨਿਲ ਤਸਕਰੀ ਦੇ ਦੋਸ਼ ਵਿਚ ਅਧਿਕਾਰੀਆਂ ਦੇ ਵੀਜ਼ੇ ਰੱਦ

## ✪ ਟੈਰਿਫ ਤੋਂ ਬਾਅਦ ਵੀਜ਼ਾ ਵਿਵਾਦ ਤੋਂ ਬਾਅਦ ਅਮਰੀਕਾ-ਭਾਰਤ ਸੰਬੰਧਾਂ ਵਿਚਾਲੇ ਨਵਾਂ ਤਣਾਅ ✪ ਫੈਂਟਾਨਿਲ ਤਸਕਰੀ 'ਤੇ ਅਮਰੀਕੀ ਕਾਰਵਾਈ: ਭਾਰਤੀ ਕਾਰੋਬਾਰੀਆਂ 'ਤੇ ਸਖ਼ਤੀ, ਵਪਾਰ 'ਤੇ ਅਸਰ ✪ ਡਰੱਗਜ਼ ਨਾਲ 300 ਮਿਲੀਅਨ ਅਮਰੀਕੀਆਂ ਦੀ ਮੌਤ ਦਾ ਦਾਅਵਾ

ਬੀਤੇ ਦਿਨੀਂ ਫੈਂਟਾਨਿਲ ਨਸ਼ੀਲੇ ਪਦਾਰਥ ਦੀ ਤਸਕਰੀ ਦੇ ਦੋਸ਼ਾਂ ਵਿੱਚ ਘਿਰੇ ਕੁਝ ਉੱਚ ਅਧਿਕਾਰੀਆਂ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਦੇ ਅਮਰੀਕੀ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੀ ਨਸ਼ੀਲੇ ਪਦਾਰਥਾਂ ਵਿਰੁੱਧ ਮੁਹਿੰਮ ਦਾ ਹਿੱਸਾ ਹੈ।

ਅਮਰੀਕੀ ਦੂਤਾਵਾਸ ਨੇ 18 ਸਤੰਬਰ ਨੂੰ ਜਾਰੀ ਬਿਆਨ ਵਿੱਚ ਕਿਹਾ ਸੀ ਕਿ ਇਹ ਵੀਜ਼ੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਦੀਆਂ ਧਾਰਾਵਾਂ 221(i), 212(a)(2)(c) ਅਤੇ 214(b) ਅਧੀਨ ਰੱਦ ਕੀਤੇ ਗਏ ਹਨ। ਇਨ੍ਹਾਂ ਵਿਅਕਤੀਆਂ ਨੂੰ ਅਮਰੀਕਾ ਵਿੱਚ ਯਾਤਰਾ ਕਰਨ ਤੋਂ ਰੋਕਿਆ ਜਾ ਸਕਦਾ ਹੈ, ਅਤੇ ਉਨ੍ਹਾਂ ਨਾਲ ਜੁੜੀਆਂ ਕੰਪਨੀਆਂ ਦੇ ਅਧਿਕਾਰੀਆਂ ਦੀਆਂ ਭਵਿੱਖੀ ਵੀਜ਼ਾ ਅਰਜ਼ੀਆਂ ਵੀ ਸਖ਼ਤ ਜਾਂਚ ਅਧੀਨ ਹੋਣਗੀਆਂ। ਚਾਰਜ ਡੀ'ਅਫੇਅਰਜ਼ ਜੋਰਗਨ ਐਂਡਰਿਊਜ਼ ਨੇ ਕਿਹਾ ਕਿ ਨਵੀਂ ਦਿੱਲੀ ਵਿੱਚ ਅਮਰੀਕੀ ਦੂਤਾਵਾਸ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਆਪਣੀ ਵਚਨਬੱਧਤਾ 'ਤੇ ਅਡੋਲ ਹੈ। ਸਿਰਫ ਇਨ੍ਹਾਂ ਦੋਸ਼ੀ ਵਿਅਕਤੀਆਂ ਅਤੇ ਸੰਗਠਨਾਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਦੇ ਦੋਸ਼ੀ ਪਰਿਵਾਰਾਂ ਨੂੰ ਵੀ ਨਤੀਜੇ ਭੁਗਤਣੇ ਪੈਣਗੇ।"

ਫੈਂਟਾਨਿਲ, ਇੱਕ ਸਿੰਥੈਟਿਕ ਓਪੀਇਡ, ਅਮਰੀਕਾ ਵਿੱਚ ਓਵਰਡੋਜ਼ ਮੌਤਾਂ ਦਾ ਮੁੱਖ ਕਾਰਨ ਬਣ ਚੁੱਕਾ ਹੈ। 2024 ਵਿੱਚ ਇਸ ਨੇ 52,000 ਤੋਂ ਵੱਧ ਅਮਰੀਕੀਆਂ ਦੀ ਜਾਨ ਲਈ ਸੀ। ਅਮਰੀਕੀ ਖੁਫੀਆ ਰਿਪੋਰਟਾਂ ਅਨੁਸਾਰ, ਚੀਨ ਅਤੇ ਭਾਰਤ ਵਰਗੇ ਦੇਸ਼ ਇਨ੍ਹਾਂ ਰਸਾਇਣਾਂ ਦੇ ਮੁੱਖ ਸਰੋਤ ਹਨ, ਜੋ ਅੰਤਰਰਾਸ਼ਟਰੀ ਡਾਕ ਅਤੇ ਕਾਰਗੋ ਰਾਹੀਂ ਅਮਰੀਕਾ ਭੇਜੇ ਜਾਂਦੇ ਹਨ। ਇਸ ਸਾਲ ਜਨਵਰੀ ਵਿੱਚ ਅਮਰੀਕੀ ਜਸਟਿਸ ਵਿਭਾਗ ਨੇ ਗੁਜਰਾਤ ਦੀਆਂ ਰੈਕਸੂਟਰ ਕੈਮੀਕਲਜ਼ ਅਤੇ ਐਥੋਸ ਕੈਮੀਕਲਜ਼ ਨੂੰ ਫੈਂਟਾਨਿਲ ਦੀ ਤਸਕਰੀ ਲਈ ਅਪਰਾਧੀ ਗਠਜੋੜ ਦੇ ਦੋਸ਼ ਵਿੱਚ ਨਾਮਜ਼ਦ ਕੀਤਾ ਸੀ। ਰੈਕਸੂਟਰ ਦੇ ਸੰਸਥਾਪਕ ਭਵੇਸ਼ ਲਠੀਆ ਨੂੰ ਨਿਊਯਾਰਕ ਵਿੱਚ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਇਹ ਵੀਜ਼ੇ ਰੱਦ ਕਰਨ ਵਾਲੀ ਕਾਰਵਾਈ ਉਸੇ ਮੁਹਿੰਮ ਦਾ ਹਿੱਸਾ ਲੱਗਦੀ ਹੈ।

ਇਹ ਘਟਨਾ ਟਰੰਪ ਪ੍ਰਸ਼ਾਸਨ ਵੱਲੋਂ ਫਰਵਰੀ ਵਿੱਚ ਲਾਗੂ ਕੀਤੇ ਟੈਰਿਫਾਂ ਤੋਂ ਬਾਅਦ ਆਈ ਹੈ, ਜਿਨ੍ਹਾਂ ਨੇ ਭਾਰਤੀ ਆਯਾਤ 'ਤੇ 50 ਫੀਸਦੀ ਵਾਧੂ ਟੈਕਸ ਲਗਾਇਆ ਸੀ। ਟਰੰਪ ਨੇ ਇਨ੍ਹਾਂ ਟੈਰਿਫਾਂ ਨੂੰ ਫੈਂਟਾਨਿਲ ਤਸਕਰੀ ਰੋਕਣ ਲਈ ਇੱਕ ਹਥਿਆਰ ਵਜੋਂ ਵਰਤਿਆ, ਜਦਕਿ ਚੀਨ 'ਤੇ 10 ਫੀਸਦੀ ਅਤੇ ਮੈਕਸੀਕੋ-ਕੈਨੇਡਾ 'ਤੇ 25 ਫੀਸਦੀ ਟੈਰਿਫ ਲਾਗੂ ਕੀਤੇ ਸਨ। ਇਨ੍ਹਾਂ ਟੈਰਿਫਾਂ ਨੇ ਭਾਰਤੀ ਉਦਯੋਗ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ, ਖਾਸ ਕਰ ਸਟੀਲ, ਆਟੋ ਪਾਰਟਸ ਅਤੇ ਫਾਰਮਾਸੂਟੀਕਲ ਖੇਤਰਾਂ ਵਿੱਚ। ਅਮਰੀਕੀ ਅਰਥ ਵਿਗਿਆਨੀਆਂ ਅਨੁਸਾਰ, ਇਹ ਟੈਰਿਫ ਅਮਰੀਕੀ ਘਰੇਲੂ ਆਰਥਿਕਤਾ ਨੂੰ ਵੀ ਬੁਲੰਦ ਮਹਿੰਗਾਈ ਦੇ ਰੂਪ ਵਿੱਚ ਪ੍ਰਭਾਵਿਤ ਕਰ ਰਹੇ ਹਨ।



ਵਿਦੇਸ਼ ਮੰਤਰਾਲਾ ਨੇ ਅਜੇ ਤੱਕ ਅਧਿਕਾਰਤ ਬਿਆਨ ਨਹੀਂ ਜਾਰੀ ਕੀਤਾ, ਪਰ ਸੂਤਰਾਂ ਅਨੁਸਾਰ ਨਵੀਂ ਦਿੱਲੀ ਅਮਰੀਕੀ ਰਾਜਦੂਤ ਨਾਲ ਗੱਲਬਾਤ ਕਰ ਰਿਹਾ ਹੈ। ਪਿਛਲੇ ਮਹੀਨਿਆਂ ਵਿੱਚ ਭਾਰਤ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਸਖਤ ਕਾਰਵਾਈ ਕੀਤੀ ਹਸੀ, ਜਿਵੇਂ ਕਿ ਰੈਕਸੂਟਰ ਵਰਗੀਆਂ ਕੰਪਨੀਆਂ 'ਤੇ ਪਾਬੰਦੀਆਂ ਅਤੇ ਐਕਸਪੋਰਟ ਨਿਯੰਤਰਣ। ਭਾਰਤੀ ਵਪਾਰਕ ਕੌਂਸਲ ਨੇ ਕਿਹਾ ਕਿ ਇਹ ਦੋਸ਼ ਵਪਾਰਕ ਸੰਬੰਧਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ, ਅਤੇ ਟੈਰਿਫਾਂ ਵਾਂਗ ਇਹ ਵੀ ਰਾਜਨੀਤਿਕ ਹੈ। ਇੱਕ ਵਿਸ਼ਲੇਸ਼ਕ ਨੇ ਕਿਹਾ, "ਭਾਰਤ ਅਮਰੀਕੀ ਡੋਜ਼ ਨੂੰ ਸਮਝਦਾ ਹੈ, ਪਰ ਇਹ ਕਾਰਵਾਈਆਂ ਵਪਾਰਕ ਯੁੱਧ ਨੂੰ ਹੋਰ ਭੜਕਾ ਸਕਦੀਆਂ ਹਨ।"

ਅਮਰੀਕੀ ਅਖਬਾਰਾਂ ਵਿੱਚ ਇਸ ਨੂੰ ਵੱਡੀ ਖਬਰ ਵਜੋਂ ਛਾਪਿਆ ਗਿਆ ਹੈ। ਰਾਇਟਰਜ਼ ਨੇ ਲਿਖਿਆ ਕਿ ਇਹ ਟਰੰਪ ਦੀ ਨਸ਼ੀਲੇ ਪਦਾਰਥ ਵਿਰੁੱਧ ਮੁਹਿੰਮ ਦਾ ਹਿੱਸਾ ਹੈ, ਜੋ ਚੀਨ ਅਤੇ ਮੈਕਸੀਕੋ ਵਰਗੇ ਦੇਸ਼ਾਂ 'ਤੇ ਟੈਰਿਫਾਂ ਤੋਂ ਬਾਅਦ ਭਾਰਤ ਨੂੰ ਨਿਸ਼ਾਨਾ ਬਣਾ ਰਿਹਾ ਹੈ। ਅਲ ਜਜ਼ੀਰਾ ਨੇ ਇਸ ਨੂੰ ਅਮਰੀਕਾ-ਭਾਰਤ ਵਪਾਰਕ ਤਣਾਅ ਨਾਲ ਜੋੜਦਿਆਂ ਕਿਹਾ ਕਿ ਰੂਸੀ ਤੇਲ ਅਤੇ ਟੈਰਿਫ ਵਿਵਾਦਾਂ ਵਿੱਚ ਇਹ ਨਵਾਂ ਮੋੜ ਹੈ। ਵਾਸ਼ਿੰਗਟਨ ਪੋਸਟ ਨੇ ਟਰੰਪ ਦੀ ਟਿੱਪਣੀ ਨੂੰ ਹਵਾਲਾ ਦਿੰਦਿਆਂ ਕਿਹਾ ਕਿ ਭਾਰਤ ਨੂੰ 23 ਨਸ਼ੀਲੇ ਪਦਾਰਥ ਉਤਪਾਦਕ ਦੇਸ਼ਾਂ ਵਿੱਚ ਸ਼ਾਮਲ ਕਰਨ ਨਾਲ ਸੰਬੰਧ ਖਰਾਬ ਹੋ ਰਹੇ ਹਨ। ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਫੈਂਟਾਨਿਲ ਸੰਕਟ ਅਮਰੀਕੀ ਨੌਜਵਾਨਾਂ ਲਈ ਖਤਰਾ ਹੈ, ਅਤੇ ਭਾਰਤ ਵਰਗੇ ਦੇਸ਼ਾਂ ਨਾਲ ਸਹਿਯੋਗ ਜ਼ਰੂਰੀ ਹੈ, ਪਰ ਵੀਜ਼ੇ ਰੱਦ ਕਰਨਾ ਵਪਾਰਕ ਰਿਸ਼ਤਿਆਂ ਨੂੰ ਪ੍ਰਭਾਵਿਤ ਕਰੇਗਾ।

ਯਾਦ ਰਹੇ ਕਿ ਟਰੰਪ ਨੇ ਦਾਅਵਾ ਕੀਤਾ ਕਿ 2024 ਵਿਚ ਡਰੱਗਜ਼ ਨਾਲ 300 ਮਿਲੀਅਨ ਅਮਰੀਕੀਆਂ (30 ਕਰੋੜ) ਦੀ ਮੌਤ ਹੋਈ ਸੀ। ਇਹ ਅੰਕੜਾ ਅਮਰੀਕਾ ਦੀ ਕੁੱਲ ਆਬਾਦੀ (34 ਕਰੋੜ) ਦੇ ਬਰਾਬਰ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਦੇ ਅੰਕੜਿਆਂ ਮੁਤਾਬਕ 2024 ਵਿਚ ਸਿਰਫ 79,383 ਮੌਤਾਂ ਹੋਈਆਂ ਸਨ। ਇਸ 'ਤੇ ਟਰੰਪ ਦਾ ਮਜ਼ਾਕ ਵੀ ਉੱਡ ਰਿਹਾ ਹੈ ਹਾਲਾਂਕਿ, ਟਰੰਪ ਨੇ ਫਰਵਰੀ 2025ਵਿ'ਚ 'ਮੇਕ ਅਮਰੀਕਾ ਹੈਲਦੀ ਅਗੇਨ ਕਮਿਸ਼ਨ' ਸਥਾਪਤ ਕੀਤਾ, ਜਿਸ ਵਿਚ ਕਿਹਾ ਗਿਆ ਕਿ ਨੌਜਵਾਨਾਂ ਵਿਚ ਡਰੱਗਜ਼ ਦੀ ਵਰਤੋਂ ਨਾਲ 77 ਫੀਸਦੀ ਮਿਲਟਰੀ ਸੇਵਾ ਲਈ ਅਯੋਗ ਹਨ। 1 ਅਪ੍ਰੈਲ ਨੂੰ ਟਰੰਪ ਸਰਕਾਰ ਨੇ ਰਾਸ਼ਟਰੀ ਨਸ਼ਾ ਕੰਟਰੋਲ ਰਣਨੀਤੀ ਜਾਰੀ ਕੀਤੀ, ਜਿਸ ਵਿਚ ਡਰੱਗ ਓਵਰਡੋਜ਼ ਮੌਤਾਂ ਨੂੰ ਘੱਟ ਕਰਨ ਅਤੇ ਗ਼ੈਰ-ਕਾਨੂੰਨੀ ਡਰੱਗਜ਼ ਦੀ ਵਰਤੋਂ ਘਟਾਉਣ 'ਤੇ ਜ਼ੋਰ ਦਿੱਤਾ।

31 ਜੁਲਾਈ ਨੂੰ ਟਰੰਪ ਨੇ ਕੈਨੇਡਾ 'ਤੇ ਟੈਰਿਫ ਵਧਾ ਕੇ 25 ਫੀਸਦੀ ਤੋਂ 35 ਫੀਸਦੀ ਕਰਨ ਦੇ ਕਾਰਜਕਾਰੀ ਹੁਕਮਾਂ 'ਤੇ ਦਸਤਖ਼ਤ ਕੀਤੇ। ਉਨ੍ਹਾਂ ਕਿਹਾ ਕਿ ਫੈਂਟੇਨਾਇਲ ਦੀ ਸਮੱਗਲਿੰਗ ਨਾਲ ਨੈਸ਼ਨਲ ਐਮਰਜੈਂਸੀ ਪੈਦਾ ਹੋ ਗਈ ਹੈ। 4 ਸਤੰਬਰ ਨੂੰ ਟਰੰਪ ਨੇ ਡਰੱਗਜ਼ ਸਮੱਗਲਰਾਂ ਨੂੰ 'ਵਾਰ ਐਨਿਮੀ' (ਯੁੱਧ ਦੁਸ਼ਮਣ) ਮੰਨ ਕੇ ਫੌਜੀ ਕਾਰਵਾਈ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਉਹ ਡਰੱਗ ਸਮੱਗਲਰਾਂ ਨੂੰ ਬਿਨਾਂ ਮੁਕੱਦਮੇ ਦੇ ਮਾਰਨ ਦੀ ਪਾਵਰ ਰੱਖਦੇ ਹਨ।

ਇਹ ਵਿਵਾਦ ਭਾਰਤ-ਅਮਰੀਕਾ ਸੰਬੰਧਾਂ ਵਿੱਚ ਨਵਾਂ ਚੁਣੌਤੀ ਪੈਦਾ ਕਰ ਰਿਹਾ ਹੈ। ਟਰੰਪ ਨੇ ਪਿਛਲੇ ਹਫ਼ਤੇ ਟਵੀਟ ਕੀਤਾ ਸੀ ਕਿ "ਫੈਂਟਾਨਿਲ ਵਰਗੇ ਜ਼ਹਿਰੀਲੇ ਨਸ਼ੇ ਰੋਕਣ ਲਈ ਅਸੀਂ ਕੋਈ ਕਸਰ ਨਹੀਂ ਛੱਡਾਂਗੇ।" ਪਰ ਭਾਰਤੀ ਵਪਾਰੀ ਚੈਂਬਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਕਾਰਵਾਈਆਂ ਫਾਰਮਾ ਅਤੇ ਕੈਮੀਕਲ ਐਕਸਪੋਰਟ ਨੂੰ ਰੋਕ ਸਕਦੀਆਂ ਹਨ, ਜੋ ਭਾਰਤ ਦੇ150 ਅਰਬ ਡਾਲਰ ਦੇ ਅਮਰੀਕੀ ਵਪਾਰ ਨੂੰ ਖਤਰੇ ਵਿੱਚ ਪਾ ਦੇਵੇਗੀ। ਵਿਸ਼ਲੇਸ਼ਕਾਂ ਅਨੁਸਾਰ, ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਹੀ ਹੱਲ ਹੈ, ਕਿਉਂਕਿ ਫੈਂਟਾਨਿਲ ਵਰਗੀ ਅੰਤਰਰਾਸ਼ਟਰੀ ਸਮੱਸਿਆ ਨੂੰ ਇਕੱਲੇ ਨਹੀਂ ਹੱਲ ਕੀਤਾ ਜਾ ਸਕਦਾ। ਨਵੀਂ ਦਿੱਲੀ ਅਤੇ ਵਾਸ਼ਿੰਗਟਨ ਨੂੰ ਆਪਸੀ ਭਰੋਸੇ ਨਾਲ ਅੱਗੇ ਵਧਣਾ ਹੋਵੇਗਾ, ਨਹੀਂ ਤਾਂ ਟੈਰਿਫ ਅਤੇ ਵੀਜ਼ੇ ਵਰਗੇ ਮੁੱਦੇ ਹੋਰ ਗੰਭੀਰ ਹੋ ਜਾਣਗੇ।

# ਝੋਨੇ ਦੀ ਵਾਢੀ ਦੌਰਾਨ ਪੰਜਾਬ ਵਿਚ 47 ਥਾਈਂ ਸਾੜੀ ਪਰਾਲੀ

## ✪ ਅੰਮ੍ਰਿਤਸਰ ਸਭ ਤੋਂ ਅੱਗੇ; 50 ਹਜ਼ਾਰ ਰੁਪਏ ਹੋਇਆ ਜੁਰਮਾਨਾ

ਪਟਿਆਲਾ-ਝੋਨੇ ਦੀ ਵਾਢੀ ਤੋਂ ਬਾਅਦ ਜਿਵੇਂ ਹੀ ਸੂਬੇ ਵਿਚ ਪਰਾਲੀ ਸਾੜਨ ਦਾ ਸਿਲਸਿਲਾ ਸ਼ੁਰੂ ਹੋਇਆ, ਪ੍ਰਸ਼ਾਸਨ ਵੀ ਹਰਕਤ ਵਿਚ ਆ ਗਿਆ। ਇਸ ਵਾਰ ਸੁਪਰੀਮ ਕੋਰਟ ਦੀਆਂ ਸਖ਼ਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਰਕਾਰ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਪੀਪੀਸੀਬੀ ਨੇ ਸੀਜ਼ਨ ਦੀ ਸ਼ੁਰੂਆਤ ਤੋਂ ਹੀ ਕਾਰਵਾਈ ਕੀਤੀ। ਨਤੀਜੇ ਵਜੋਂ ਹੁਣ ਤੱਕ ਪਰਾਲੀ ਸਾੜਨ ਦੇ 47 ਮਾਮਲੇ ਸਾਹਮਣੇ ਆਏ ਹਨ। ਪੀਪੀਸੀਬੀ ਦੇ ਤਾਜ਼ਾ ਅੰਕੜਿਆਂ ਅਨੁਸਾਰ, ਅੰਮ੍ਰਿਤਸਰ ਜ਼ਿਲ੍ਹਾ ਪਰਾਲੀ ਸਾੜਨ ਦੇ ਮਾਮਲਿਆਂ ਦੀ ਸੂਚੀ ਵਿਚ ਸਭ ਤੋਂ ਅੱਗੇ ਹੈ। ਹੁਣ ਤੱਕ ਇੱਥੇ ਪਰਾਲੀ ਸਾੜਨ ਦੇ 32 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ 50,000 ਰੁਪਏ ਜੁਰਮਾਨਾ ਕੀਤਾ ਗਿਆ ਅਤੇ 15,000 ਰੁਪਏ ਵਸੂਲੇ ਗਏ ਹਨ। ਰਿਪੋਰਟਾਂ ਅਨੁਸਾਰ, ਪਰਾਲੀ ਸਾੜਨ ਦੇ ਛੇ ਮਾਮਲੇ ਪਟਿਆਲਾ ਤੋਂ, ਪੰਜ ਤਰਨਤਾਰਨ ਤੋਂ ਅਤੇ ਇਕ-ਇਕ ਬਠਿੰਡਾ, ਫ਼ਿਰੋਜ਼ਪੁਰ, ਹੁਸ਼ਿਆਰਪੁਰ ਅਤੇ ਸੰਗਰੂਰ ਤੋਂ ਰਿਪੋਰਟ ਕੀਤੇ ਗਏ ਹਨ। ਸ਼ਨਿਚਰਵਾਰ ਤੱਕ ਕਿਸੇ ਵੀ ਕਿਸਾਨ ਖ਼ਿਲਾਫ਼ ਕੋਈ ਐੱਫਆਈਆਰ ਜਾਂ ਰੈੱਡ ਐਂਟਰੀ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਤੋਂ ਇਲਾਵਾ ਪਰਾਲੀ ਨੂੰ ਅੱਗ ਲਾਉਣ ਵਾਲਿਆਂ ਨੂੰ 50,000 ਦਾ ਜੁਰਮਾਨਾ ਕੀਤਾ ਗਿਆ ਹੈ। ਇਸ ਵਿੱਚ 40,000 ਦਾ ਜੁਰਮਾਨਾ ਅੰਮ੍ਰਿਤਸਰ ਵਿਚ, ਅਤੇ ਪੰਜ-ਪੰਜ ਹਜ਼ਾਰ ਰੁਪਏ ਪਟਿਆਲਾ ਤੇ ਤਰਨਤਾਰਨ ਵਿਚ ਕੀਤਾ ਗਿਆ ਹੈ। ਦੱਸਣਾ



ਬਣਦਾ ਹੈ ਕਿ ਸੁਪਰੀਮ ਕੋਰਟ ਨੇ ਪਿਛਲੇ ਦਿਨੀਂ ਪਰਾਲੀ ਸਾੜਨ 'ਤੇ ਰੋਕ ਲਗਾਉਣ ਲਈ ਪੰਜਾਬ ਸਰਕਾਰ ਨੂੰ ਸਖ਼ਤ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਹੁਣ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਤੋਂ ਬਾਅਦ, ਪ੍ਰਸ਼ਾਸਨ ਨੇ ਨਿਗਰਾਨੀ ਵਧਾ ਦਿੱਤੀ ਹੈ। ਸੈਟੇਲਾਈਟ ਰਿਪੋਰਟਾਂ ਅਤੇ ਪਿੰਡ ਪੱਧਰੀ ਟੀਮਾਂ ਨੂੰ ਖੇਤਾਂ ਦੀ ਨਿਗਰਾਨੀ ਲਈ ਸਰਗਰਮ ਕਰ ਦਿੱਤਾ ਗਿਆ ਹੈ।

# ਅਮਰੀਕੀ ਸ਼ਕਤੀ ਦਾ ਪ੍ਰਤੀਕ ਟਰੰਪ ਦੀ ਬੁਲੇਟ ਪਰੂਫ ਕਾਰ 'ਦਿ ਬੀਸਟ'

## ✪ 'ਦਿ ਬੀਸਟ' ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰ, ਹਰ ਤਰ੍ਹਾਂ ਵਿਸਫੋਟਕ ਹਮਲਿਆਂ ਦਾ ਕਰ ਸਕਦੀ ਹੈ ਸਾਹਮਣਾ

ਲੰਡਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਬੀਤੇ ਦਿਨੀਂ ਬ੍ਰਿਟੇਨ ਦੇ ਤਿੰਨ ਦਿਨਾਂ ਦੌਰੇ 'ਤੇ ਸਨ, ਅਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਅਤਿ-ਆਧੁਨਿਕ ਬੁਲੇਟਪਰੂਫ ਲਿਮੋਜ਼ਿਨ 'ਦਿ ਬੀਸਟ' ਵੀ ਸੀ, ਜੋ ਆਪਣੀ ਸੁਰੱਖਿਆ ਸਮਰੱਥਾਵਾਂ ਅਤੇ ਫੌਜੀ ਪੱਧਰ ਦੀ ਤਕਨਾਲੋਜੀ ਕਾਰਨ ਸੁਰਖੀਆਂ ਵਿੱਚ ਹੈ। ਇਹ ਕਾਰ ਨਾ ਸਿਰਫ਼ ਇੱਕ ਵਾਹਨ ਹੈ, ਸਗੋਂ ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਅਤੇ ਸ਼ਕਤੀ ਦਾ ਪ੍ਰਤੀਕ ਵੀ ਹੈ। 'ਦਿ ਬੀਸਟ' ਨੂੰ ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ, ਜੋ ਰਸਾਇਣਕ, ਜੈਵਿਕ, ਅਤੇ ਵਿਸਫੋਟਕ ਹਮਲਿਆਂ ਦਾ ਸਾਹਮਣਾ ਕਰ ਸਕਦੀ ਹੈ।

'ਦਿ ਬੀਸਟ' ਅਮਰੀਕੀ ਰਾਸ਼ਟਰਪਤੀ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਕੈਡਿਲੈਕ ਲਿਮੋਜ਼ਿਨ ਹੈ, ਜਿਸ ਨੂੰ ਅਕਸਰ "ਚੱਲਦਾ-ਫਿਰਦਾ ਬੰਕਰ" ਕਿਹਾ ਜਾਂਦਾ ਹੈ। ਇਸ ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਇੰਨੀਆਂ ਉੱਨਤ ਹਨ ਕਿ ਇਹ ਰਾਸ਼ਟਰਪਤੀ ਨੂੰ ਕਿਸੇ ਵੀ ਸੰਭਾਵੀ ਖਤਰੇ ਤੋਂ ਸੁਰੱਖਿਅਤ ਰੱਖਣ ਦੀ ਸਮਰੱਥਾ ਰੱਖਦੀ ਹੈ। ਇਸ ਦਾ ਨਿਰਮਾਣ ਅਮਰੀਕੀ ਆਟੋਮੇਕਰ ਜਨਰਲ ਮੋਟਰਜ਼ ਦੇ ਲਗਜ਼ਰੀ ਬ੍ਰਾਂਡ ਕੈਡਿਲੈਕ ਨੇ ਕੀਤਾ ਹੈ। ਇਸ ਦਾ ਬੇਸ ਮਾਡਲ ਕੈਡਿਲੈਕ ਯਠ6 ਤੋਂ ਪ੍ਰੇਰਿਤ ਹੈ, ਪਰ ਇਸ ਦਾ ਇੰਜਣ, ਢਾਂਚਾ, ਅਤੇ ਤਕਨਾਲੋਜੀਆਂ ਪੂਰੀ ਤਰ੍ਹਾਂ ਅਨੁਕੂਲਿਤ ਹਨ। ਇਸ ਦੀ ਕੀਮਤ ਲਗਭਗ 1.5 ਮਿਲੀਅਨ ਡਾਲਰ (ਕਰੀਬ 12.5 ਕਰੋੜ ਰੁਪਏ) ਹੈ, ਅਤੇ ਇਸ ਦਾ ਭਾਰ ਲਗਭਗ 9072 ਕਿਲੋਗ੍ਰਾਮ (20,000 ਪੌਂਡ) ਹੈ।

ਸੁਰੱਖਿਆ ਵਿਸ਼ੇਸ਼ਤਾਵਾਂ 'ਦਿ ਬੀਸਟ' ਦੀਆਂ ਸੁਰੱਖਿਆ ਵਿਸ਼ੇਸ਼ਤਾਵਾਂ ਇਸ ਨੂੰ ਇੱਕ ਅਭੇਦ ਕਿਲ੍ਹਾ ਬਣਾਉਂਦੀਆਂ ਹਨ। ਇਸ ਦਾ ਸਰੀਰ 8 ਇੰਚ ਮੋਟੇ ਕਵਚ ਨਾਲ ਲੈਸ ਹੈ, ਜੋ ਗੋਲੀਆਂ, ਗ੍ਰਨੇਡ, ਅਤੇ ਆਈਈਡੀ ਵਰਗੇ




> 'ਦਿ ਬੀਸਟ' ਅਮਰੀਕੀ ਰਾਸ਼ਟਰਪਤੀ ਦੀ ਸੁਰੱਖਿਆ ਅਤੇ ਤਕਨੀਕੀ ਸਮਰੱਥਾ ਦਾ ਸਿਖਰ ਹੈ। ਇਸ ਦੀਆਂ ਵਿਸ਼ੇਸ਼ਤਾਵਾਂ, ਜਿਵੇਂ ਕਿ ਬੁਲੇਟਪਰੂਫ ਬਾਡੀ, ਅਤਿ-ਆਧੁਨਿਕ ਸੰਚਾਰ ਪ੍ਰਣਾਲੀ, ਅਤੇ ਐਮਰਜੈਂਸੀ ਸਹੂਲਤਾਂ, ਇਸ ਨੂੰ ਦੁਨੀਆ ਦੀ ਸਭ ਤੋਂ ਸੁਰੱਖਿਅਤ ਕਾਰ ਬਣਾਉਂਦੀਆਂ ਹਨ। ਇਹ ਨਾ ਸਿਰਫ਼ ਰਾਸ਼ਟਰਪਤੀ ਨੂੰ ਸੁਰੱਖਿਅਤ ਰੱਖਦੀ ਹੈ, ਸਗੋਂ ਅਮਰੀਕੀ ਸਰਕਾਰ ਦੀ ਸਮਰੱਥਾ ਅਤੇ ਪ੍ਰਭਾਵ ਨੂੰ ਵੀ ਦਰਸਾਉਂਦੀ ਹੈ।

ਹਮਲਿਆਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਦੀਆਂ ਖਿੜਕੀਆਂ 3 ਇੰਚ ਮੋਟੀਆਂ ਬੁਲੇਟਪਰੂਫ ਹਨ, ਜੋ ਕਿਸੇ ਵੀ ਹਮਲੇ ਨੂੰ ਰੋਕ ਸਕਦੀਆਂ ਹਨ। ਕਾਰ ਦੇ ਟਾਇਰ ਵੀ ਵਿਸ਼ੇਸ਼ ਰਨ-ਫਲੈਟ ਤਕਨਾਲੋਜੀ ਨਾਲ ਲੈਸ ਹਨ, ਜੋ ਧਮਾਕੇ ਜਾਂ ਪੰਕਚਰ ਹੋਣ 'ਤੇ ਵੀ ਗੱਡੀ ਨੂੰ ਚਲਾਉਣ ਦੇ ਸਮਰੱਥ ਬਣਾਉਂਦੇ ਹਨ।

ਇਸ ਤੋਂ ਇਲਾਵਾ, 'ਦਿ ਬੀਸਟ' ਵਿੱਚ ਨਾਈਟ ਵਿਜ਼ਨ ਸਿਸਟਮ, ਅੱਥਰੂ ਗੈਸ ਲਾਂਚਰ, ਧੂੰਏਂ ਦੀ ਸਕਰੀਨ, ਅਤੇ ਇਲੈਕਟ੍ਰਿਕ ਹੈਂਡਲ ਵਰਗੀਆਂ ਸੁਰੱਖਿਆ ਸਹੂਲਤਾਂ ਹਨ। ਕਾਰ ਵਿੱਚ ਸ਼ਾਟਗਨ, ਰਾਕੇਟ ਗ੍ਰਨੇਡ, ਅਤੇ ਤੇਲ ਦੇ ਸਕਿਲੈਟ ਵਰਗੇ ਹਥਿਆਰ ਵੀ ਮੌਜੂਦ ਹਨ। ਐਮਰਜੈਂਸੀ ਸਥਿਤੀਆਂ ਲਈ, ਇਸ ਵਿੱਚ ਆਕਸੀਜਨ ਟੈਂਕ, ਬਲਡ ਸਹੂਲਤ, ਅਤੇ ਮੈਡੀਕਲ ਕਿੱਟ ਸ਼ਾਮਲ ਹੈ। ਸਭ ਤੋਂ ਮਹੱਤਵਪੂਰਨ, ਇਹ ਕਾਰ ਰਾਸ਼ਟਰਪਤੀ ਨੂੰ ਪ੍ਰਮਾਣੂ ਕੋਡਾਂ ਤੱਕ ਪਹੁੰਚ ਦੀ ਸਹੂਲਤ ਵੀ ਦਿੰਦੀ ਹੈ, ਜੋ ਇਸ ਨੂੰ ਇੱਕ ਮੋਬਾਈਲ ਕਮਾਂਡ ਸੈਂਟਰ ਬਣਾਉਂਦੀ ਹੈ।

### ਕਿਵੇਂ ਬਣੀ ਇਹ ਕਾਰ ?

'ਦਿ ਬੀਸਟ' ਦਾ ਪਹਿਲਾ ਸੰਸਕਰਣ 2009 ਵਿੱਚ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਲਾਂਚ ਕੀਤਾ ਗਿਆ ਸੀ। ਬਾਅਦ ਵਿੱਚ, 2018 ਵਿੱਚ ਡੋਨਾਲਡ ਟਰੰਪ ਦੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਦੌਰਾਨ, ਇਸ ਦਾ ਹੋਰ ਉੱਨਤ ਮਾਡਲ ਵਿਕਸਤ ਕੀਤਾ ਗਿਆ, ਜਿਸ ਨੂੰ ਉਨ੍ਹਾਂ ਨੇ ਸਭ ਤੋਂ ਪਹਿਲਾਂ ਨਿਊਯਾਰਕ ਵਿੱਚ ਵਰਤਿਆ। ਇਸ ਦੀ ਤਕਨਾਲੋਜੀ ਅਤੇ ਸੁਰੱਖਿਆ ਵਿਸ਼ੇਸ਼ਤਾਵਾਂ ਨੂੰ ਅਮਰੀਕੀ ਸੀਕਰੇਟ ਸਰਵਿਸ ਅਤੇ ਜਨਰਲ ਮੋਟਰਜ਼ ਦੀ ਮਿਲੀ-ਜੁਲੀ ਟੀਮ ਨੇ ਮਿਲ ਕੇ ਤਿਆਰ ਕੀਤਾ ਹੈ। ਇਸ ਦੀ ਸੈਟੇਲਾਈਟ ਸੰਚਾਰ ਪ੍ਰਣਾਲੀ ਰਾਸ਼ਟਰਪਤੀ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਨਾਲ ਜੋੜਦੀ ਹੈ, ਜੋ ਐਮਰਜੈਂਸੀ ਸਥਿਤੀਆਂ ਵਿੱਚ ਜ਼ਰੂਰੀ ਫੈਸਲੇ ਲੈਣ ਵਿੱਚ ਸਹਾਇਕ ਹੈ।

### ਚੱਲਦਾ-ਫਿਰਦਾ ਕਿਲ੍ਹਾ

'ਦਿ ਬੀਸਟ' ਨੂੰ 'ਚੱਲਦਾ-ਫਿਰਦਾ ਕਿਲ੍ਹਾ' ਕਹਿਣ ਦਾ ਮੁੱਖ ਕਾਰਨ ਇਸ ਦੀ ਸੁਰੱਖਿਆ ਅਤੇ ਤਕਨੀਕੀ ਸਮਰੱਥਾ ਹੈ। ਇਹ ਸਿਰਫ਼ ਇੱਕ ਵਾਹਨ ਨਹੀਂ, ਸਗੋਂ ਇੱਕ ਮੋਬਾਈਲ ਕਮਾਂਡ ਸੈਂਟਰ ਹੈ, ਜੋ ਰਾਸ਼ਟਰਪਤੀ ਨੂੰ ਕਿਸੇ ਵੀ ਸਥਿਤੀ ਵਿੱਚ ਸੁਰੱਖਿਅਤ ਅਤੇ ਜੁੜਿਆ ਰੱਖਦਾ ਹੈ। ਇਸ ਦੀ ਗਤੀ ਵੀ ਕਮਾਲ ਦੀ ਹੈ, ਜੋ ਸਿਰਫ਼ 15 ਸਕਿੰਟਾਂ ਵਿੱਚ 0 ਤੋਂ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਫੜ ਸਕਦੀ ਹੈ। ਇਸ ਦੀ ਸਵਾਰੀ ਸਮਰੱਥਾ 7 ਲੋਕਾਂ ਦੀ ਹੈ, ਜਿਸ ਵਿੱਚ ਰਾਸ਼ਟਰਪਤੀ ਅਤੇ ਉਸ ਦੀ ਸੁਰੱਖਿਆ ਟੀਮ ਸ਼ਾਮਲ ਹੁੰਦੀ ਹੈ।

ਅਮਰੀਕੀ ਸ਼ਕਤੀ ਦਾ ਪ੍ਰਤੀਕ 'ਦਿ ਬੀਸਟ' ਸਿਰਫ਼ ਸੁਰੱਖਿਆ ਦਾ ਸਾਧਨ ਨਹੀਂ, ਸਗੋਂ ਅਮਰੀਕੀ ਸ਼ਕਤੀ ਅਤੇ ਪ੍ਰਭਾਵ ਦਾ ਪ੍ਰਤੀਕ ਵੀ ਹੈ। ਜਦੋਂ ਵੀ ਇਹ ਕਾਰ ਕਿਸੇ ਦੇਸ਼ ਵਿੱਚ ਪਹੁੰਚਦੀ ਹੈ, ਤਾਂ ਇਹ ਅਮਰੀਕੀ ਰਾਸ਼ਟਰਪਤੀ ਦੀ ਮੌਜੂਦਗੀ ਅਤੇ ਤਾਕਤ ਨੂੰ ਪ੍ਰਤੀਬਿੰਬਤ ਕਰਦੀ ਹੈ। ਬ੍ਰਿਟੇਨ ਦੌਰੇ ਦੌਰਾਨ, ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਇਸ ਲਿਮੋਜ਼ਿਨ ਵਿੱਚ ਸਫਰ ਕਰ ਰਹੇ ਹਨ, ਜੋ ਸਖਤ ਸੁਰੱਖਿਆ ਘੇਰੇ ਵਿੱਚ ਹੈ। ਸੁਰੱਖਿਆ ਏਜੰਸੀਆਂ ਅਨੁਸਾਰ, 'ਦਿ ਬੀਸਟ' ਨੂੰ ਹਰ ਸਮੇਂ ਸਖਤ ਨਿਗਰਾਨੀ ਅਧੀਨ ਰੱਖਿਆ ਜਾਂਦਾ ਹੈ।

# ਸਾਊਦੀ ਅਰਬ ਵਿਚ ਸਿੱਖ ਨੌਜਵਾਨ ਦੀ ਸ਼ੱਕੀ ਹਾਲਾਤ ਵਿਚ ਮੌਤ

## ✪ ਕੇਸਾਂ ਦੀ ਬੇਅਦਬੀ ਮਗਰੋਂ ਕਤਲ ਕੀਤਾ ਗਿਆ

ਜ਼ੀਰਾ-ਜ਼ੀਰਾ ਦੇ ਪਿੰਡ ਵਾੜਾ ਚੈਨ ਸਿੰਘ ਵਾਲਾ ਦੇ ਨੌਜਵਾਨ ਜਗਜੀਤ ਸਿੰਘ ਦੀ ਸਾਊਦੀ ਅਰਬ ਵਿਚ ਸ਼ੱਕੀ ਹਾਲਾਤ 'ਚ ਮੌਤ ਹੋ ਗਈ ਹੈ। ਪਰਿਵਾਰ ਨੇ ਉਸ ਦੇ ਕਤਲ ਦਾ ਖ਼ਦਸ਼ਾ ਜ਼ਾਹਿਰ ਕੀਤਾ ਹੈ। ਪਰਿਵਾਰ ਵੱਲੋਂ ਥਾਣਾ ਸਦਰ ਜ਼ੀਰਾ ਵਿਖੇ ਸ਼ਿਕਾਇਤ ਵੀ ਦਰਜ ਕਰਵਾਈ ਗਈ ਹੈ।

ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੀ ਭੈਣ ਨੇ ਦੱਸਿਆ ਕਿ ਉਸ ਦਾ ਭਰਾ ਇਕ ਕੰਪਨੀ ਰਾਹੀਂ ਕੁਵੈਤ ਗਿਆ ਸੀ, ਜਿੱਥੇ ਉਸ ਕੰਪਨੀ ਦੇ ਬਾਸ਼ਿੰਦਿਆਂ ਵੱਲੋਂ ਉਸ ਨੂੰ ਸਾਊਦੀ ਅਰਬ ਬੁਲਾ ਲਿਆ ਗਿਆ। ਕੁਝ ਦਿਨ ਪਹਿਲਾਂ ਸਾਊਦੀ ਅਰਬ ਵਿਚ ਉਸ ਦੇ ਨਾਲ ਰਹਿੰਦੇ ਨੌਜਵਾਨਾਂ ਨਾਲ ਉਸ ਦੀ ਤਕਰਾਰ ਹੋ ਗਈ ਸੀ। ਇਸ ਦੌਰਾਨ ਉਨ੍ਹਾਂ ਨੌਜਵਾਨਾਂ ਵੱਲੋਂ ਉਸ ਦੇ ਨਾਲ ਕੁੱਟਮਾਰ ਕਰਦਿਆਂ ਉਸ ਦੀ ਦਾੜ੍ਹੀ ਅਤੇ ਕੇਸਾਂ ਦੀ ਬੇਅਦਬੀ ਕੀਤੀ ਗਈ। ਉਸ ਨੇ ਇਸ ਮਗਰੋਂ ਇਕ ਵੀਡੀਓ ਵੀ ਬਣਾਈ ਸੀ, ਜਿਸ ਵਿਚ ਉਕਤ ਨੌਜਵਾਨ ਵੀ ਨਜ਼ਰ ਆ ਰਹੇ ਸਨ। ਮ੍ਰਿਤਕ ਦੀ ਭੈਣ ਨੇ ਅੱਗੇ ਦੱਸਿਆ ਕਿ ਉਸ ਨੂੰ ਬੀਤੇ ਦਿਨੀ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਜੋ ਕਿ ਸਾਊਦੀ ਅਰਬ ਵਿਚ ਰਹਿੰਦੇ ਹਨ, ਉਨ੍ਹਾਂ ਦਾ ਫੋਨ ਆਇਆ ਕਿ



ਮ੍ਰਿਤਕ ਨੌਜਵਾਨ ਦੀ ਲਾਸ਼ ਕਿਸੇ ਸੁੰਨਸਾਨ ਇਲਾਕੇ ਵਿਚ ਮਿਲੀ ਹੈ। ਇਸ ਸਬੰਧੀ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਥਾਣਾ ਸਦਰ ਜ਼ੀਰਾ ਵਿਖੇ ਮ੍ਰਿਤਕ ਦਾ ਕਤਲ ਕਰਨ ਦਾ ਸ਼ੱਕ ਜਾਹਿਰ ਕਰਦਿਆਂ ਦੋਸ਼ੀਆਂ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸ ਸਬੰਧੀ ਇੰਸਪੈਕਟਰ ਜਸਵਿੰਦਰ ਸਿੰਘ ਐਸ. ਐਚ. ਓ. ਥਾਣਾ ਸਦਰ ਜ਼ੀਰਾ ਨੇ ਦੱਸਿਆ ਕਿ ਮ੍ਰਿਤਕ ਦੀ ਭੈਣ ਨੇ ਉਨ੍ਹਾਂ ਨੂੰ ਸ਼ਿਕਾਇਤ ਦਿੱਤੀ ਹੈ। ਮਾਮਲਾ ਦੂਸਰੇ ਦੇਸ਼ ਦਾ ਹੈ, ਪਰ ਫ਼ਿਰ ਵੀ ਸ਼ਿਕਾਇਤ ਲੈ ਲਈ ਗਈ ਹੈ ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਮਾਮਲੇ ਵਿਚ ਕਾਨੂੰਨ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ।

# ਮਜੀਠੀਆ ਦੀ ਜ਼ਮਾਨਤ ਨਾ ਹੋਈ


## ✪ ਮੁਹਾਲੀ ਅਦਾਲਤ ਨੇ ਨਿਆਇਕ ਹਿਰਾਸਤ ਵਿਚ 14 ਦਿਨਾਂ ਦਾ ਕੀਤਾ ਵਾਧਾ



ਮੁਹਾਲੀ-ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਕੋਰਟ ਨੇ ਵੱਡਾ ਝਟਕਾ ਦਿੱਤਾ ਹੈ। 14 ਦਿਨ ਦੀ ਨਿਆਂਇਕ ਹਿਰਾਸਤ ਤੋਂ ਬਾਅਦ ਮਜੀਠੀਆ ਨੂੰ ਮੁਹਾਲੀ ਕੋਰਟ ਵਿ'ਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਜਿੱਥੇ ਸੁਣਵਾਈ ਦੌਰਾ ਅਦਾਲਤ ਨੇ ਉਨ੍ਹਾਂ ਦੀ ਨਿਆਂਇਕ ਹਿਰਾਸਤ ਵਿਚ 14 ਦਿਨਾਂ ਦਾ ਵਾਧਾ ਕਰ ਦਿੱਤਾ ਗਿਆ ਹੈ ਅਤੇ ਬਿਕਰਮ ਸਿੰਘ ਮਜੀਠੀਆ ਦੀ ਅਗਲੀ ਪੇਸ਼ੀ ਹੁਣ 4 ਅਕਤੂਬਰ ਨੂੰ ਹੋਵੇਗੀ।

# ਭਾਰਤ ਵਿੱਚ ਹਿੰਦੂ ਰਾਸ਼ਟਰ ਕਾਇਮ ਹੋਣ ਦੇ ਰਾਹ ਵਿੱਚ ਗੁਰੂ ਗ੍ਰੰਥ ਤੇ ਗੁਰੂ ਪੰਥ ਹੀ ਸਭ ਤੋਂ ਵੱਡਾ ਅੜਿੱਕਾ


ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477

**ਸੈਕੂਲਰਇਜ਼ਮ (ਧਰਮ ਨਿਰਪੱਖਤਾ) ਵਿੱਚ ਵਿਸ਼ਵਾਸ ਰੱਖਣ ਵਾਲੇ ਉਕਤ ਸੰਗਠਨ ਮਨੁੱਖਤਾ ਦਾ ਇੱਕੋ ਇੱਕ ਟੇਕ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਨਸ਼ਟ ਭ੍ਰਿਸ਼ਟ ਕਰ ਕੇ, ਸੰਸਾਰ ਦੇ ਸਦੀਵੀ ਕਲਿਆਣ ਦੇ ਸੋਮੇ ਨੂੰ ਬੰਦ ਕਰ ਦੇਣ ਦੀਆਂ ਵਿਉਂਤਾਂ ਬਣਾਈ ਬੈਠੇ ਹਨ। ਹਿੰਦੂ ਸਾਮਰ-ਾਜ ਦੀ ਮੁਕੰਮਲ ਸਥਾਪਤੀ ਦੇ ਰਾਹ ਵਿੱਚ ਉਹਨਾਂ ਨੂੰ ਸਿੱਖੀ ਹੀ ਇੱਕੋ ਇੱਕ ਮਹਾਂ ਰੋਕ ਜਾਪਦੀ ਹੈ। ਇਹ ਅਗਿਆਨੀ ਰਾਸ਼ਟਰਵਾਦੀ ਇਸ ਨਿਗਰ ਸੱਚ ਤੋਂ ਉੱਕਾ ਹੀ ਬੇ-ਖ਼ਬਰ ਹਨ ਕਿ ਹਿੰਦੂ ਸਾਮਰਾਜ ਨੂੰ ਸੁਰਜੀਤ ਕਰਨ ਦਾ ਨਤੀਜਾ ਨਿਸਚੇ ਹੀ ਹਿੰਦੁਸਤਾਨ ਨੂੰ ਖੇਰੂੰ-ਖੇਰੂੰ ਕਰਨਾ ਹੀ ਨਿਕਲੇਗਾ।**

ਹਥਲੇ ਲੇਖ ਵਿੱਚ ਅਸੀਂ ਵਿਚਾਰ ਕਰਾਂਗੇ ਕਿ ਸਿੱਖ ਧਰਮ ਦੇ ਸਿਧਾਂਤ ਅਤੇ ਸੈਕੂਲਰਇਜ਼ਮ (ਧਰਮ ਨਿਰਪੱਖਤਾ) ਦੇ ਨਿਯਮ ਇੱਕ ਦੂਜੇ ਦੇ ਵਿਰੋਧੀ ਕਿਵੇਂ ਹਨ। ਸਿੱਖ ਧਰਮ ਦਾ ਸਿਧਾਂਤ ਨਿਆਂਕਾਰੀ ਸਰਵਸ਼ਕਤੀਮਾਨ ਅਕਾਲ ਪੁਰਖ ਨੂੰ ਸਰਬ ਵਿਆਪਕ ਤਸੱਵਰ ਕਰਦਾ ਹੈ। ਸਿੱਖ ਦਾ ਅਕੀਦਾ ਹੈ ਕਿ ਸੰਸਾਰ ਜੀਵਨ ਅੰਤਿਮ ਜੀਵਨ ਨਹੀਂ ਹੈ, ਗੁਰਬਾਣੀ ਦੇ ਮਹਾਂਵਾਕ ਅਨੁਸਾਰ "ਮਰਣਹਾਰੁ ਇਹੁ ਜੀਅਰਾ ਨਾਹੀ" (ਅੰਗ 188)। ਸਿੱਖ ਧਰਮ ਦੇ ਸਿਧਾਂਤ ਅਨੁਸਾਰ ਸਥੂਲ ਜੀਵਨ ਵਿੱਚ ਵੀ ਉਨਤੀ ਦਾ ਸੰਕਲਪ ਤੇ ਆਧਾਰ ਅਧਿਆਤਮਵਾਦ ਨਾਲ ਸੰਬੰਧਤ ਹੈ- ਪਦਾਰਥਵਾਦ ਨਾਲ ਨਹੀਂ। ਇਹਨਾਂ ਤਿੰਨਾਂ ਅਸੂਲਾਂ ਦੇ ਉਲਟ ਧਰਮ ਨਿਰਪੱਖਤਾ ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੈ- ਨਾਸਤਿਕਤਾ ਇਸ ਦਾ ਅਨਿੱਖੜਵਾ ਅੰਗ ਹੈ। ਇਹ ਪਦਾਰਥ ਉਨਤੀ ਨੂੰ ਮਨੁੱਖਤਾ ਦੀ ਚਰਮਸੀਮਾ ਦੱਸਦਾ ਹੈ ਅਤੇ ਸਥੂਲ ਪੱਧਰ ਤੋਂ ਉੱਤੇ ਕਿਸੇ ਹੋਰ ਦੁਨੀਆਂ ਜਾਂ ਜੀਵਨ ਨੂੰ ਮਾਨਤਾ ਨਹੀਂ ਦਿੰਦਾ। ਜਿੱਥੇ ਦੂਸਰੇ ਧਰਮਾਂ ਵਿੱਚ ਮੁਕਤੀ ਪ੍ਰਾਪਤੀ ਦੇ ਹੋਰ ਅਨੇਕਾਂ ਸਾਧਨ ਹਨ, ਓਥੇ ਖ਼ਾਲਸੇ ਲਈ ਪਰਮ ਪੁਰਖ ਵਿੱਚ ਅਭੇਦ ਹੋਣ ਦਾ ਇੱਕੋ ਇੱਕ ਰਾਹ ਹੈ ਕਿ ਉਹ ਧਰਮੀ ਪੁਰਸ਼ ਦੇ ਆਤਮਿਕ ਵਿਕਾਸ ਅਤੇ ਦੁਨਿਆਵੀ ਖ਼ੁਸ਼ੀ ਵਿੱਚ ਵਿਘਨ ਪਾਉਣ ਵਾਲ਼ੀਆਂ ਅਨਿਆਕਾਰੀ ਸ਼ਕਤੀਆਂ ਨਾਲ ਅਕਾਲ ਤਖ਼ਤ ਦੇ 'ਮੀਰੀ ਪੀਰੀ' ਦੇ ਵਿਧਾਨ ਅਨੁਸਾਰ ਨਿਰੰਤਰ ਜੂਝਦਾ ਰਹੇ। ਰਾਜਨੀਤੀ ਉਹੋ ਹੀ ਪਰਮਾਤਮਾ ਦੇ ਹੁਕਮ ਅਨੁਸਾਰ ਹੋ ਸਕਦੀ ਹੈ ਜਿਹੜੀ ਮਨੁੱਖ ਦੇ ਖੇੜੇ ਖ਼ੁਸ਼ੀਆਂ ਦੇ ਹੱਕ ਨੂੰ ਨਿਰਸੰਕੋਚ ਤਸਲੀਮ ਕਰੇ ਅਤੇ ਹਰ ਮਨੁੱਖ ਦੇ ਆਪਣੀ ਜ਼ਮੀਰ ਅਨੁਸਾਰ ਜਿਊਣ ਦੇ ਹੱਕ ਨੂੰ ਸਪਸ਼ਟ ਮੰਨੇ। ਹਰ ਮਨੁੱਖ ਦੇ ਸਵੈਮਾਣ ਅਤੇ ਅਣਖ ਨਾਲ ਜਿਊਣ ਦੇ ਹੱਕ ਦੀ ਰਾਖੀ ਕਰਨਾ ਰਾਜਨੀਤੀ ਦਾ ਪਹਿਲਾ ਫ਼ਰਜ਼ ਹੈ।

ਇਸ ਕਰਕੇ ਹੀ ਸੈਕੂਲਰਇਜ਼ਮ 'ਤੇ ਟਿੱਪਣੀ ਕਰਦੇ ਹੋਏ ਡਾਕਟਰ ਹਰਕੀਰਤ ਸਿੰਘ ਜੀ ਲਿਖਦੇ ਹਨ ਕਿ 'ਅੱਜ ਸਾਡੇ ਉੱਤੇ ਸੈਕੂਲਰਇਜ਼ਮ ਇੰਨਾ ਛਾਇਆ ਹੋਇਆ ਹੈ ਕਿ ਅਸੀਂ ਆਪਣੇ ਆਪ ਨੂੰ ਸੈਕੂਲਰ ਅਖਵਾਉਣ ਕਰਕੇ ਬਹੁਤ ਤੱਥ ਅਤੇ ਸੱਚਾਈਆਂ ਬਿਆਨ ਨਹੀਂ ਕਰ ਸਕਦੇ। ਇਸ ਦੀ ਸਭ ਤੋਂ ਵੱਡੀ ਸੱਚਾਈ ਇਹ ਹੈ ਕਿ ਨੁਮਾਇੰਦਾ ਬਹੁ-ਗਿਣਤੀ ਹਿੰਦੂ ਸੋਚ ਦੇ ਤਰਜ਼ਮਾਨ ਭਾਰਤੀ ਸੰਵਿਧਾਨ ਵਿੱਚ ਸਿੱਖਾਂ ਨੂੰ ਸਿੱਖ ਇੱਕ ਵੱਖਰੀ ਕੌਮ ਦੀ ਮਾਨਤਾ ਨਹੀਂ ਦਿੱਤੀ ਗਈ ਅਤੇ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨ ਕੇ ਸਿੱਖ ਕੌਮ ਨਾਲ ਗ਼ੁਲਾਮਾਂ ਵਾਲ਼ਾ ਸਲੂਕ ਕੀਤਾ ਜਾ ਰਿਹਾ ਹੈ ਅਰਥਾਤ ਅਜ਼ਾਦ ਭਾਰਤ ਵਿੱਚ ਸਿੱਖ ਗ਼ੁਲਾਮ ਹਨ। ਹਾਲਾਂਕਿ ਭਾਰਤ ਦੇ ਸਿੱਖ 17ਵੀਂ ਸਦੀ ਦੇ ਅੰਤਲੇ ਸਾਲਾਂ ਵਿੱਚ, ਖ਼ਾਲਸਾ ਪੰਥ ਦੀ ਸਾਜਨਾ ਦੇ ਸਮੇਂ ਤੋਂ ਹੀ ਇਤਿਹਾਸਕ ਤੌਰ 'ਤੇ ਇੱਕ ਰਾਜਨੀਤਿਕ ਕੌਮ ਵਜੋਂ ਤਸਲੀਮ ਕੀਤੇ ਗਏ ਹਨ ਅਤੇ ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ 'ਤੇ ਯੂਰਪ ਅਤੇ ਏਸ਼ੀਆ ਦੀਆਂ ਪ੍ਰਮੁੱਖ ਸ਼ਕਤੀਆਂ, ਜਿਵੇਂ ਕਿ ਫਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿੱਬਤ, ਪਰਸ਼ੀਆ (ਈਰਾਨ) ਅਫਗਾਨਿਸਤਾਨ, ਨੇਪਾਲ ਅਤੇ ਕੰਪਨੀ ਬਹਾਦਰ, ਫੋਰਟ ਵਿਲੀਅਮ, ਕਲਕੱਤਾ ਵੱਲੋਂ 19ਵੀਂ ਸਦੀ ਦੇ ਅੱਧ ਤਕ ਅਤੇ ਫਿਰ ਮੁਲਕ ਛੱਡ ਕੇ ਜਾਂਦੇ ਫਰੰਗੀ, ਹਿੰਦੂ ਕਾਂਗਰਸ ਅਤੇ ਭਾਰਤੀ ਮੁਸਲਿਮ ਲੀਗ ਵੱਲੋਂ ਵੀਹਵੀਂ ਸਦੀ ਦੇ ਅੱਧ ਵਿੱਚ ਤਸਲੀਮ ਕੀਤਾ ਅਤੇ ਕਬੂਲਿਆ ਜਾ ਚੁੱਕਾ ਹੈ।

ਹਿੰਦੁਸਤਾਨ ਦੀ ਧੱਕੜ ਬਹੁਗਿਣਤੀ ਨੇ 1950 ਵਿੱਚ ਮੁਲਕ 'ਤੇ ਇੱਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿੱਖਾਂ ਨੂੰ ਉਹਨਾਂ ਦੀ ਰਾਜਸੀ ਪਛਾਣ ਅਤੇ ਸੱਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ ਹੈ, ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ 'ਤੇ ਖ਼ਤਮ ਕਰ ਕੇ ਅਤੇ ਉਹਨਾਂ ਨੂੰ ਆਤਮਿਕ ਅਤੇ ਸੱਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ ਬੇ-ਸਿਰ-ਪੈਰ ਹਿੰਦੂ ਧਰਮ ਦੇ ਖਾਰੇ ਸਾਗਰ ਵਿੱਚ ਹਰ ਹੀਲੇ ਡੁੱਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਦੀ ਨੌਬਤ ਤਕ ਲੈ ਆਂਦਾ ਹੈ ਅਤੇ ਸਿੱਖਾਂ ਨਾਲ ਅਜ਼ਾਦੀ ਤੋਂ ਪਹਿਲਾਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇ-ਲਿਹਾਜੀ ਨਾਲ ਤੋੜ ਕੇ ਸਿੱਖਾਂ ਨੂੰ ਜਕੜ ਕੇ ਗ਼ੁਲਾਮ ਬਣਾ ਲਿਆ ਗਿਆ ਹੈ। ਇਸੇ ਕਰਕੇ 1950 ਵਿੱਚ ਵਿਧਾਨ ਘੜਨੀ ਸਭਾ ਵਿੱਚ ਸਿੱਖਾਂ ਦੇ ਨੁਮਾਇੰਦਿਆਂ ਨੇ ਅਜਿਹੇ ਸੰਵਿਧਾਨਕ ਇੰਤਜਾਮ ਪਰਵਾਨ ਕਰਨ ਵਾਲ਼ੀ ਧਿਰ ਬਣਨ ਤੋਂ ਨਾਂਹ ਕਰ ਦਿੱਤੀ ਸੀ।

ਹੁਣ ਅਸੀਂ ਰਾਸ਼ਟਰਵਾਦ ਬਾਰੇ ਚਰਚਾ ਕਰਾਂਗੇ, ਡਾਕਟਰ ਰਾਧਾ ਕ੍ਰਿਸ਼ਨਨ ਦੀ ਪੁਸਤਕ 'ਰਿਲੀਜਨ ਐਂਡ ਸੁਸਾਇਟੀ' ਵਿੱਚੋਂ ਵੀ ਰਾਸ਼ਟਰਵਾਦ ਬਾਰੇ ਹਵਾਲਾ ਦੇਣਾ ਕੁਥਾਂਹ ਨਹੀਂ ਹੋਵੇਗਾ। ਉਹ ਲਿਖਦੇ ਹਨ ਕਿ "ਇਹਨਾਂ ਇੱਕ ਦੂਜੇ ਦੇ ਵਿਰੋਧੀ ਰਾਸ਼ਟਰਾਂ ਦੇ ਸੰਸਾਰ ਵਿੱਚ ਸੁਭਾਵਿਕ ਰੁਚੀ ਇਹ ਹੁੰਦੀ ਹੈ ਕਿ ਦੂਸਰਿਆਂ ਨੂੰ ਨੀਵਾਂ ਵਿਖਾਇਆ ਜਾਵੇ। ਜਿਹੜੀ ਸ਼ਕਤੀ ਸੰਸਾਰ ਵਿੱਚ ਏਕਤਾ, ਸਿਹਤ ਤੇ ਸੰਪੂਰਨਤਾ ਕਾਇਮ ਕਰਨ ਲਈ ਮਨੁੱਖ ਨੂੰ ਮਿਲੀ ਸੀ ਉਸ ਦੀ ਵਰਤੋਂ ਇੱਕ ਗਿਰੋਹ ਜਾਂ ਸ਼੍ਰੇਣੀ ਜਾਂ ਨਸਲ ਜਾਂ ਕੌਮ ਨੂੰ ਉੱਚਿਆਂ ਕਰਨ ਵਿੱਚ ਲਾ ਦਿੱਤੀ ਜਾਂਦੀ ਹੈ। ਰਾਸ਼ਟਰ ਇੱਕ ਵਿਕਰਾਲ ਗ਼ੁਲਾਮਾਂ ਦਾ ਮਾਲਕ ਬਣ ਜਾਂਦਾ ਹੈ ਅਤੇ ਸਾਡਾ ਅੰਦਰੂਨੀ ਜੀਵਨ ਕੁਚਲ ਕੇ ਬੇ-ਜਾਨ ਕਰ ਦਿੱਤਾ ਜਾਂਦਾ ਹੈ। ਰਾਸ਼ਟਰ ਦੇ ਨਾਂਅ 'ਤੇ ਵੀਹਵੀਂ ਸਦੀ ਵਿੱਚ ਕੀਤੀਆਂ ਜ਼ਿਆਦਤੀਆਂ ਕਾਰਨ ਰਾਸ਼ਟਰਵਾਦ ਵਿਸ਼ਾਲ ਰੂਪ ਵਿੱਚ ਸੰਸਾਰ ਦੀਆਂ ਬੁਰਿਆਈਆਂ ਦਾ ਮੁੱਖ ਕਾਰਣ ਸਮਝਿਆ ਜਾਣ ਲੱਗ ਪਿਆ ਹੈ ਕਿਉਂਕਿ ਰਾਜਨੀਤੀ ਅਤੇ ਵਿਉਪਾਰ ਦੇ ਸੰਗਠਨ ਦਾ ਦੂਜਾ ਨਾਂਅ ਰਾਸ਼ਟਰ ਹੈ, ਇਹ ਸੰਗਠਨ ਸਮਾਜਿਕ ਜੀਵਨ ਦੇ ਤਾਲਮੇਲ ਨੂੰ ਨਸ਼ਟ ਕਰ ਕੇ ਪੂਰੀ ਤਰ੍ਹਾਂ ਸ਼ਕਤੀਸ਼ਾਲੀ ਬਣ ਜਾਂਦਾ ਹੈ ਜਿਹਦੀ ਸੰਚਾਲਕ ਸ਼ਕਤੀ ਰਾਜਭਾਗ ਨੂੰ ਹਥਿਆਉਣ ਲਈ ਹੀ ਵਰਤੀ ਜਾਂਦੀ ਹੈ।

ਭਾਰਤ ਵਿੱਚ ਰਾਸ਼ਟਰ ਦਾ ਏਜੰਡਾ ਕੇਵਲ ਭਾਜਪਾ ਅਤੇ ਆਰ. ਐੱਸ. ਐੱਸ. ਦਾ ਹੀ ਨਹੀਂ ਜੋ ਖੁੱਲਮ ਖੁੱਲ੍ਹਾ ਹੈ। ਇਹੀ ਏਜੰਡਾ ਕਾਂਗਰਸ ਦਾ ਵੀ ਹੈ ਕਿਉਂਕਿ ਇਹਨਾਂ ਦੋਹਾਂ ਦਾ ਵੋਟ ਬੈਂਕ ਹਿੰਦੂ ਹੀ ਹੈ ਅਤੇ ਹਿੰਦੂਆਂ ਦੀ ਗਿਣਤੀ ਭਾਰਤ ਵਿੱਚ 80 ਫ਼ੀਸਦੀ ਤੋਂ ਵੀ ਉੱਤੇ ਦੱਸੀ ਜਾਂਦੀ ਹੈ ਅਰਥਾਤ ਹਿੰਦੂ ਵੋਟ ਨਾਲ ਹੀ ਬਹੁਮੱਤ ਹਾਸਲ ਕੀਤੀ ਜਾ ਸਕਦੀ ਹੈ। ਭਾਜਪਾ ਤੇ ਕਾਂਗਰਸ ਵਿੱਚ ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਭਾਜਪਾ ਦਾ ਏਜੰਡਾ ਸਪਸ਼ਟ ਤੌਰ 'ਤੇ ਰਾਸ਼ਟਰ ਹੈ ਅਤੇ ਕਾਂਗਰਸ ਇਹ ਕੰਮ ਸੈਕੂਲਰਇਜ਼ਮ ਦਾ ਬੁਰਕਾ ਪਾ ਕੇ ਕਰ ਰਹੀ ਹੈ, ਕਮਿਊਨਿਸਟ ਦੇਸ਼ ਪਿਆਰ ਦੀ ਗੱਲ ਕਰ ਕੇ ਅਤੇ ਆਰ.ਐੱਸ.ਐੱਸ. ਇੱਕ ਕੌਮ, ਇੱਕ ਮੁਲਕ ਅਤੇ ਅਖੰਡ ਭਾਰਤ ਦੀ ਗੱਲ ਕਰ ਕੇ।

ਜਿਹੜਾ ਦਲਿਤ ਵਰਗ ਹੈ ਉਸ ਵਿੱਚੋਂ ਬਹੁਤ ਵੱਡੇ ਹਿੱਸੇ ਨੂੰ ਤਾਂ ਵਿਹਲੇ ਰਹਿਣ ਅਤੇ ਮਿਹਨਤ ਨਾ ਕਰਨ ਦੀ ਆਦਤ ਪਾਉਣ ਲਈ ਕਾਂਗਰਸ ਸਮੇਤ ਕੁਝ ਪਾਰਟੀਆਂ ਨੇ ਆਪਣੀ ਹਕੂਮਤ ਵੇਲੇ ਕਈ ਕਿਸਮ ਦੀਆਂ ਸਹੂਲਤਾਂ, ਸਬਸਿਡੀਆਂ ਅਤੇ ਰਿਜ਼ਰਵੇਸ਼ਨਾਂ ਦੇ ਕੇ ਆਪਣੀ ਵੋਟ ਪੱਕੀ ਕਰ ਰੱਖੀ ਹੈ, ਬਾਕੀ ਦਲਿਤਾਂ ਨੂੰ ਸਰਮਾਏਦਾਰਾਂ ਅਤੇ ਬ੍ਰਾਹਮਣੀ ਸੋਚ ਦੇ ਹੋਰ ਏਜੰਟਾਂ ਨੇ ਛੋਟੀਆਂ-ਛੋਟੀਆਂ ਪਾਰਟੀਆਂ ਬਣਾ ਕੇ ਇਹਨਾਂ ਨੂੰ ਵੰਡ ਰੱਖਿਆ ਹੈ, ਬਾਲਮੀਕ ਸਭਾਵਾਂ, ਰਵਿਦਾਸੀਆ ਸਭਾਵਾਂ ਅਤੇ ਬੁਧਿਸ਼ਟ ਸਭਾਵਾਂ ਉਘੜਵੇਂ ਰੂਪ ਵਿੱਚ ਸਾਡੇ ਸਾਮ੍ਹਣੇ ਹਨ।

ਸਰਕਾਰਾਂ ਨੇ ਮਨੁੱਖੀ ਦਰਦ ਵੰਡਣ ਅਤੇ ਇਸ ਦਾ ਸਮਾਧਾਨ ਕਰਨ ਵਾਲ਼ਾ ਨਾ ਕੋਈ ਧਰਮ ਰਹਿਣ ਦਿੱਤਾ ਹੈ ਅਤੇ ਨਾ ਹੀ ਕੋਈ ਸਕੂਲ। ਹੁਣ ਇਹਨਾਂ ਸਰਕਾਰਾਂ ਨੂੰ ਜੇ ਕੋਈ ਡਰ ਹੈ ਤਾਂ ਸਿੱਖ ਧਰਮ ਦੇ ਗੁਰੂ ਗ੍ਰੰਥ-ਗੁਰੂ ਪੰਥ ਦੇ ਸਿੱਖੀ ਸਿਧਾਂਤਾਂ ਕੋਲੋਂ ਹੀ ਹੈ। ਸਿੱਖ ਧਰਮ ਦੀ ਸਿੱਖਿਆ ਜਿਸ ਨੂੰ ਭਾਰਤੀ ਸੰਸਕ੍ਰਿਤੀ ਅਤੇ ਅਮੀਰ ਵਰਗ ਆਪਣੇ ਲਈ ਬਹੁਤ ਖ਼ਤਰਨਾਕ ਸਮਝਦਾ ਹੈ। ਇਹੀ ਕਾਰਨ ਹੈ ਕਿ ਪਹਿਲਾਂ ਤਾਂ ਸਿੱਖਾਂ ਅਤੇ ਸਿੱਖੀ ਉੱਤੇ ਹਮਲੇ ਲੁਕਵੇਂ ਤੇ ਐਸੇ ਭੁਲੇਖਾਪਾਊ ਹੁੰਦੇ ਸਨ ਕਿ ਆਮ ਸਿਆਣਿਆਂ ਨੂੰ ਵੀ ਸਮਝਣ ਵਿੱਚ ਦੇਰ ਲੱਗਦੀ ਸੀ। ਪਰ ਹੁਣ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜਾਂ ਵੱਲੋਂ ਤੋਪਾਂ ਟੈਂਕਾਂ ਨਾਲ ਹਮਲਾ ਕਰ ਕੇ ਅਕਾਲ ਤਖ਼ਤ ਸਾਹਿਬ ਢਾਹੁਣਾ, ਵੁਡਰੋਜ਼ ਅਪਰੇਸ਼ਨ ਰਾਹੀਂ ਹਜ਼ਾਰਾਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰਨਾ ਤੇ ਫਿਰ ਅਣਪਛਾਤੀਆਂ ਲਾਸ਼ਾਂ ਕਹਿ ਕੇ ਸੰਸਕਾਰ ਕਰ ਦੇਣਾ ਅਤੇ ਨਵੰਬਰ 1984 ਵਿੱਚ ਦਿੱਲੀ ਬੋਕਾਰੋ ਆਦਿ ਸ਼ਹਿਰਾਂ ਵਿੱਚ ਸਿੱਖਾਂ ਦਾ ਸਮੂਹਿਕ ਕਤਲੇਆਮ ਕਰ ਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਤੋਂ ਬਾਅਦ ਵੀ ਸਪਸ਼ਟ ਤੌਰ 'ਤੇ 'ਹਿੰਦੂ, ਹਿੰਦੀ, ਹਿੰਦੁਸਤਾਨ' ਰਾਸ਼ਟਰ ਦਾ ਦਮ ਭਰਨ ਵਾਲ਼ੇ ਸਿਆਸੀ, ਗੈਰ ਸਿਆਸੀ, ਸਮੂਹ ਸੰਗਠਨ ਸਿੱਖਾਂ ਦਾ ਸਰਵਨਾਸ਼ ਕਰਨ ਲਈ ਯਤਨਸ਼ੀਲ ਹਨ। ਭਾਰਤ ਦੇ ਭੂਤਰੇ ਹੋਏ ਹਾਕਮ, ਹੰਕਾਰੀ ਬਹੁਗਿਣਤੀ ਤੋਂ ਰਾਜਸੀ ਬਲ ਪ੍ਰਾਪਤ ਕਰ ਕੇ ਤ੍ਰੈਕਾਲਦਰਸ਼ੀ ਗੁਰੂ ਨਾਨਕ ਪਾਤਸ਼ਾਹ ਦੇ ਜੁਗੋ ਜੁਗ ਅਟੱਲ ਉਪਦੇਸ਼ਾਂ ਨੂੰ ਬੀਤੇ ਸਮੇਂ ਦੀ ਭੁਲੀ ਵਿਸਰੀ ਦਾਸਤਾਂ ਬਣਾਉਣਾ ਲੋਚਦੇ ਹਨ।

ਸੈਕੂਲਰਇਜ਼ਮ (ਧਰਮ ਨਿਰਪੱਖਤਾ) ਵਿੱਚ ਵਿਸ਼ਵਾਸ ਰੱਖਣ ਵਾਲ਼ੇ ਉਕਤ ਸੰਗਠਨ ਮਨੁੱਖਤਾ ਦਾ ਇੱਕੋ ਇੱਕ ਟੇਕ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਨਸ਼ਟ ਭ੍ਰਿਸ਼ਟ ਕਰ ਕੇ, ਸੰਸਾਰ ਦੇ ਸਦੀਵੀ ਕਲਿਆਣ ਦੇ ਸੋਮੇ ਨੂੰ ਬੰਦ ਕਰ ਦੇਣ ਦੀਆਂ ਵਿਉਂਤਾਂ ਬਣਾਈ ਬੈਠੇ ਹਨ। ਹਿੰਦੂ ਸਾਮਰਾਜ ਦੀ ਮੁਕੰਮਲ ਸਥਾਪਤੀ ਦੇ ਰਾਹ ਵਿੱਚ ਉਹਨਾਂ ਨੂੰ ਸਿੱਖੀ ਹੀ ਇੱਕੋ ਇੱਕ ਮਹਾਂ ਰੋਕ ਜਾਪਦੀ ਹੈ। ਇਹ ਅਗਿਆਨੀ ਰਾਸ਼ਟਰਵਾਦੀ ਇਸ ਨਿਗਰ ਸੱਚ ਤੋਂ ਉੱਕਾ ਹੀ ਬੇ-ਖ਼ਬਰ ਹਨ ਕਿ ਹਿੰਦੂ ਸਾਮਰਾਜ ਨੂੰ ਸੁਰਜੀਤ ਕਰਨ ਦਾ ਨਤੀਜਾ ਨਿਸਚੇ ਹੀ ਹਿੰਦੁਸਤਾਨ ਨੂੰ ਖੇਰੂੰ-ਖੇਰੂੰ ਕਰਨਾ ਹੀ ਨਿਕਲੇਗਾ।

"ਮਤ ਇਹ ਕੋਈ ਸਮਝੇ ਕਿ ਸੈਕੂਲਰ ਰਾਜਸੀ ਸੰਜੋਅ ਪਹਿਨ ਕੇ ਹਿੰਦੁਸਤਾਨ ਦੀ ਬਹੁ-ਸੰਖਿਆ ਜਾਤੀ ਦਾ ਗ਼ਲਬਾ ਹੁਣ ਪੱਕਾ ਹੋ ਗਿਆ ਹੈ। ਸਿੱਖੀ ਸਿਦਕ, ਧੀਰਜ ਅਤੇ ਕਰਮ-ਕੌਸ਼ਲ ਬੁੱਧੀ ਰੂਪੀ ਬਰਛੇ ਨਾਲ਼ ਪੰਥ ਹਰ ਪ੍ਰਕਾਰ ਦੀ ਬਿਖਮਤਾ ਅਤੇ ਦੁਸ਼ਮਣੀ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ ਅਤੇ ਖ਼ਾਲਸੇ ਦੇ ਬੋਲਬਾਲੇ ਹੋਣਗੇ..।"

(ਸਿਰਦਾਰ ਕਪੂਰ ਸਿੰਘ ਜੀ)

(ਨੋਟ- ਇਹ ਲੇਖ ਸ. ਗੁਰਤੇਜ ਸਿੰਘ ਜੀ ਦੀ ਪੁਸਤਕ 'ਸਿੰਘ ਨਾਦ' ਅਤੇ ਸਿਰਦਾਰ ਕਪੂਰ ਜੀ ਸਿੰਘ ਦੀ ਪੁਸਤਕ 'ਬਿਖ ਮਹਿ ਅੰਮ੍ਰਿਤ' ਦੇ ਹਵਾਲਿਆਂ ਤੇ ਅਧਾਰਿਤ ਹੈ।)

**29 ਸਤੰਬਰ ਲਈ 'ਤੇ ਵਿਸ਼ੇਸ਼**



**– ਲੇਖਕ –**
**ਭਗਵਾਨ ਸਿੰਘ ਜੌਹਲ**
Email:bhagwansinghjohal@gmail.com

# ਗੁਰੂ ਨਾਨਕ ਜਹਾਜ਼ ਵਾਲੇ ਬਾਬੇ ਦੀ ਅਗਵਾਈ ਵਿੱਚ ਜਦੋਂ ਨਿਹੱਥੇ ਮੁਸਾਫਰਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਿਆ–ਸਾਕਾ ਬਜਬਜਘਾਟ



ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਪਹਿਲਾਂ ਅਜਿਹਾ ਹੀ ਇਕ ਹੋਰ ਖ਼ੂਨੀ ਸਾਕਾ ਹਿੰਦੁਸਤਾਨ ਦੀ ਧਰਤੀ 'ਤੇ ਵਾਪਰਿਆ। ਇਸ ਸਾਕੇ ਨੂੰ ਬਜਬਜਘਾਟ ਦੇ ਖ਼ੂਨੀ ਸਾਕੇ ਵਜੋਂ ਹਰ ਦੇਸ਼ ਵਾਸੀ ਯਾਦ ਕਰਦਾ ਹੈ। ਇਹ ਖ਼ੂਨੀ ਸਾਕਾ ਹੁਗਲੀ ਨਦੀ ਦੇ ਕਿਨਾਰੇ ਬਜਬਜਘਾਟ ਨਾਂਅ ਦੀ ਬੰਦਰਗਾਹ 'ਤੇ 29 ਸਤੰਬਰ, 1914 ਨੂੰ ਵਾਪਰਿਆ। ਇਸ ਖ਼ੂਨੀ ਸਾਕੇ ਸਮੇਂ ਜਿਸ ਜੁਝਾਰੂ ਸਿੱਖ ਆਗੂ ਦੀ ਅਗਵਾਈ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੇ ਦੇਸ਼ ਦੀ ਅਜ਼ਾਦੀ ਲਈ ਨਵੀਂ ਚੇਤਨਾ ਪੈਦਾ ਕਰਨ ਲਈ ਕੁਰਬਾਨੀਆਂ ਦਿੱਤੀਆਂ। ਉਸ ਮਹਾਨ ਸਿੱਖ ਆਗੂ ਨੂੰ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੇ ਨਾਂਅ ਨਾਲ ਹਰ ਬਸ਼ਰ ਯਾਦ ਕਰਦਾ ਹੈ। ਬਾਬਾ ਗੁਰਦਿੱਤ ਸਿੰਘ ਦਾ ਜਨਮ ਪਿੰਡ ਸਰਹਾਲੀ ਜ਼ਿਲ੍ਹਾ ਤਰਨਤਾਰਨ ਵਿਖੇ 1861 ਈ: ਨੂੰ ਹੋਇਆ। ਇਨ੍ਹਾਂ ਦੇ ਪਿਤਾ ਜੀ ਸ. ਹੁਕਮ ਸਿੰਘ ਸੰਧੂ ਖੇਤੀਬਾੜੀ ਦਾ ਧੰਦਾ ਕਰਦੇ ਸਨ। ਬਾਬਾ ਜੀ ਨੇ ਮੁੱਢਲੀ ਸਿੱਖਿਆ ਤੋਂ ਪਿੱਛੋਂ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਆਰੰਭ ਕੀਤਾ। ਪਰ ਇਹ ਕਿੱਤਾ ਹੁਣ ਵਾਂਗ ਉਦੋਂ ਵੀ ਲਾਭਕਾਰੀ ਨਹੀਂ ਸੀ। ਬਾਬਾ ਜੀ ਦੇ ਮਨ ਵਿੱਚ ਵਿਉਪਾਰ ਕਰਨ ਦੀ ਲਗਨ ਸੀ। ਇਸੇ ਲਗਨ ਨੂੰ ਲੈ ਕੇ ਬਾਬਾ ਜੀ ਪਹਿਲਾਂ ਮਲਾਇਆ ਪਹੁੰਚ ਕੇ ਇਸ ਤੋਂ ਪਿੱਛੋਂ ਹਾਂਗਕਾਂਗ ਚਲੇ ਗਏ। ਬਾਬਾ ਜੀ ਨੇ ਵਪਾਰ ਕਰਨ ਦੇ ਆਸ਼ੇ ਨੂੰ ਰੱਖ ਕੇ ਕੁਝ ਸਮੇਂ ਲਈ ਠੇਕੇਦਾਰੀ ਦਾ ਕਿੱਤਾ ਕੀਤਾ। ਥੋੜ੍ਹਾ ਸਮਾਂ ਠੇਕੇਦਾਰੀ ਕਰਨ ਤੋਂ ਪਿੱਛੋਂ ਉਨ੍ਹਾਂ ਇਕ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ 'ਤੇ ਲੈ ਲਿਆ।

ਬਾਬਾ ਜੀ ਬੜੀ ਤੇਜ਼ ਤਰਾਰ ਬੁੱਧੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿੱਚ ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਆਰਥਿਕ ਮੰਦਹਾਲੀ ਦਾ ਦੁੱਖ ਅਤੇ ਗੁਲਾਮ ਹੋਣ ਦੀ ਲਾਹਣਤ ਤੋਂ ਇਲਾਵਾ ਅੰਗ੍ਰੇਜ਼ ਸਰਕਾਰ ਦੀ ਲੁੱਟ ਖਸੁੱਟ ਦੀ ਮਾਰੂ ਨੀਤੀ ਘਰ ਕਰ ਚੁੱਕੀ ਸੀ। ਇਨ੍ਹਾਂ ਸਾਂਝੇ ਪੰਜਾਬ ਦੇ ਵੱਖ–ਵੱਖ ਜ਼ਿਲ੍ਹਿਆਂ ਦੇ 376 ਮੁਸਾਫਰਾਂ ਸਮੇਤ ਇਕ ਜਹਾਜ਼ ਨੂੰ ਕੈਨੇਡਾ ਲਿਜਾਣ ਦਾ ਪ੍ਰੋਗਰਾਮ ਬਣਾ ਲਿਆ। ਇਨ੍ਹਾਂ ਪੰਜਾਬੀ ਮੁਸਾਫਰਾਂ ਵਿੱਚ ਕੇਵਲ 30 ਗੈਰ ਸਿੱਖ ਯਾਤਰੂ ਸਨ। ਬਾਕੀ ਸਾਰੇ ਸਿੱਖ ਸਨ। ਉਨ੍ਹਾਂ ਇਸ ਜਹਾਜ਼ ਦਾ ਨਾਂਅ ਕਾਮਾਗਾਟਾਮਾਰੂ ਦੀ ਥਾਂ 'ਤੇ ਗੁਰੂ ਨਾਨਕ ਜਹਾਜ਼ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਇਸ ਜਹਾਜ਼ ਵਿੱਚ ਕੀਤਾ। ਵਪਾਰਕ ਨਜ਼ਰੀਏ ਨਾਲ ਕੁਝ ਕੋਲਾ ਵੀ ਇਸ ਜਹਾਜ਼ ਵਿੱਚ ਭਰਿਆ ਗਿਆ। ਜਹਾਜ਼ ਨੂੰ ਰਵਾਨਾ ਕਰਨ ਤੋਂ ਪਹਿਲਾਂ ਇਥੇ ਹਕੂਮਤ ਕਰ ਰਹੀ ਅੰਗ੍ਰੇਜ਼ ਸਰਕਾਰ ਨੇ ਬਹੁਤ ਸਾਰੀਆਂ ਰੁਕਾਵਟਾਂ ਪਾਈਆਂ। ਇਨ੍ਹਾਂ ਸਾਰੀਆਂ ਤੰਗੀਆਂ ਤੁਰਸ਼ੀਆਂ ਨੂੰ ਝੱਲਦਿਆਂ ਆਖਰ ਇਹ ਜਹਾਜ਼ ਹਾਂਗਕਾਂਗ ਤੋਂ ਵੈਨਕੂਵਰ ਲਈ 4 ਅਪ੍ਰੈਲ, 1914 ਈ: ਨੂੰ ਰਵਾਨਾ ਹੋਇਆ। ਸਮੁੰਦਰੀ ਸਫ਼ਰ ਤੈਅ ਕਰਕੇ 22 ਮਈ, 1914 ਈ: ਨੂੰ ਇਹ ਜਹਾਜ਼ ਵੈਨਕੂਵਰ (ਕੈਨੇਡਾ) ਪਹੁੰਚਦਿਆਂ ਆਖਰ ਇਸ ਜਹਾਜ਼ ਨੂੰ ਬੰਦਰਗਾਹ ਤੋਂ ਪਿੱਛੇ ਹੀ ਰੋਕ ਲਿਆ ਗਿਆ। ਇਸ ਜਹਾਜ਼ ਵਿੱਚ ਸਫਰ ਕਰ ਰਹੇ ਮੁਸਾਫਰਾਂ ਵਿੱਚੋਂ ਕੇਵਲ ਉਨ੍ਹਾਂ ਯਾਤਰੂਆਂ ਨੂੰ ਉਤਰਨ ਦੀ ਆਗਿਆ ਦਿੱਤੀ ਗਈ, ਜਿਹੜੇ ਕੈਨੇਡਾ ਦੀ ਨਾਗਰਿਕਤਾ ਸਿੱਧ ਕਰ ਸਕੇ। ਬਾਕੀ ਸਾਰੇ ਮੁਸਾਫਿਰ ਲਗਪਗ ਦੋ ਮਹੀਨੇ (23 ਜੁਲਾਈ ਤੱਕ) ਸਮੁੰਦਰ ਵਿੱਚ ਸਖ਼ਤ ਪਹਿਰੇ ਹੇਠ ਰੋਕੀ ਰੱਖੇ। ਇਨ੍ਹਾਂ ਦੋ ਮਹੀਨਿਆਂ ਦੌਰਾਨ ਸਮੁੰਦਰ ਜਹਾਜ਼ ਵਿੱਚ ਰਾਸ਼ਨ ਆਦਿ ਵੀ ਖ਼ਤਮ ਹੋ ਗਿਆ। ਸਮੁੰਦਰ ਵਿੱਚ ਰਹਿਣ ਕਰਕੇ ਬਹੁਤ ਸਾਰੇ ਮੁਸਾਫਰ ਅਨੇਕਾਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਗਏ।

ਅਨੇਕਾਂ ਕਠਿਨਾਈਆਂ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਕੇ ਇਹ ਮੁਸਾਫਿਰ 29 ਸਤੰਬਰ, 1914 ਈ: ਨੂੰ ਬਾਬਾ ਜੀ ਦੀ ਅਗਵਾਈ ਵਿੱਚ ਹੁਗਲੀ ਬੰਦਰਗਾਹ 'ਤੇ ਪਹੁੰਚੇ। ਇਸ ਘਾਟ ਦਾ ਨਾਂਅ ਬਜਬਜਘਾਟ ਵਜੋਂ ਜਾਣਿਆ ਜਾਂਦਾ ਹੈ। ਭਾਰਤ ਵਿੱਚ ਰਾਜ ਕਰ ਰਹੀ ਅੰਗ੍ਰੇਜ਼ ਸਰਕਾਰ ਨੂੰ ਇਹ ਸਾਰੇ ਮਰਜੀਵੜੇ ਵਿਦਰੋਹੀ ਨਜ਼ਰ ਆਉਂਦੇ ਸਨ, ਕਿਉਂਕਿ ਤਕਰੀਬਨ ਸਾਢੇ ਪੰਜ ਮਹੀਨੇ ਪਿੱਛੋਂ ਇਹ ਭਾਰਤੀ ਬੰਦਰਗਾਹ 'ਤੇ ਪੁੱਜੇ ਸਨ। ਇਨ੍ਹਾਂ ਨੂੰ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਸਾਰੇ ਜਹਾਜ਼ ਦੀ ਤਲਾਸ਼ੀ ਲਈ ਗਈ। ਸਰਕਾਰ ਨੇ ਫੈਸਲਾ ਕੀਤਾ ਕਿ ਇਨ੍ਹਾਂ ਭੁੱਖ ਅਤੇ ਬਿਮਾਰੀਆਂ ਤੋਂ ਤੰਗ ਆਏ ਸਾਰੇ ਬਾਗੀ ਮੁਸਾਫਿਰਾਂ ਨੂੰ ਇਕ ਬੰਦ ਰੇਲ ਗੱਡੀ ਰਾਹੀਂ ਪੰਜਾਬ ਭੇਜਿਆ ਜਾਵੇ। 17 ਮੁਸਲਮਾਨ ਮੁਸਾਫਿਰ ਸਰਕਾਰ ਦਾ ਹੁਕਮ ਮੰਨ ਕੇ ਗੱਡੀ ਵਿੱਚ ਸਵਾਰ ਹੋ ਗਏ। ਬਾਕੀ ਸਾਰੇ ਮੁਸਾਫਿਰ ਜੁਝਾਰੂ ਸਿੱਖ ਆਗੂ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਜਲੂਸ ਦੀ ਸ਼ਕਲ ਵਿੱਚ ਪੈਦਲ ਚਲ ਪਏ। ਉਨ੍ਹਾਂ ਪਲੇਟਫਾਰਮ 'ਤੇ ਬੈਠ ਕੇ ਰਹਿਰਾਸ ਸਾਹਿਬ ਦਾ ਪਾਠ ਆਰੰਭ ਕੀਤਾ। ਏਨੇ ਨੂੰ ਫੌਜ ਅਤੇ ਪੁਲਸ ਦੀਆਂ ਟੁੱਕੜੀਆਂ ਨੇ ਇਨ੍ਹਾਂ ਜੁਝਾਰੂ ਪੰਜਾਬੀਆਂ ਉੱਤੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਯਾਤਰੂ ਗ੍ਰਿਫਤਾਰ ਕਰ ਲਏ ਗਏ। ਸਰਕਾਰੀ ਰਿਕਾਰਡ ਮੁਤਾਬਕ 18 ਮੁਸਾਫਿਰ ਸ਼ਹਾਦਤ ਦਾ ਜਾਮ ਪੀ ਗਏ। ਇਸ ਬਜਬਜਘਾਟ ਦੇ ਖ਼ੂਨੀ ਸਾਕੇ ਨੇ ਦੇਸ਼ ਭਗਤਾਂ ਅੰਦਰ ਅਜ਼ਾਦੀ ਦੀ ਚਿਣਗ ਨੂੰ ਹੋਰ ਤਿੱਖਾ ਕੀਤਾ।

ਇਸ ਖ਼ੂਨੀ ਸਾਕੇ ਸਮੇਂ ਬਾਬਾ ਗੁਰਦਿੱਤ ਸਿੰਘ ਆਪਣੇ ਹੋਰ 28 ਸਾਥੀਆਂ ਸਮੇਤ ਇਸ ਜਗ੍ਹਾਂ ਤੋਂ ਬਚ ਕੇ ਨਿਕਲ ਜਾਣ ਵਿੱਚ ਕਾਮਯਾਬ ਹੋ ਗਏ। ਇਹ ਜੁਝਾਰੂ ਬਾਬਾ ਛੇ ਸਾਲ ਤੱਕ ਗੁਪਤਵਾਸ ਵਿੱਚ ਰਿਹਾ। ਇਸ ਤੋਂ ਪਿੱਛੋਂ ਉਹ ਲੋਕਾਂ ਸਾਹਮਣੇ ਆਏ। ਕਈ ਵਾਰ ਇਸ ਦੇਸ਼ ਭਗਤ ਬਾਬੇ ਨੂੰ ਸਖ਼ਤ ਕੈਦ ਕੱਟਣੀ ਪਈ। ਉਹ ਹੁਣ ਪੂਰੀ ਤਰ੍ਹਾਂ ਰਾਸ਼ਟਰੀ ਅੰਦੋਲਨ ਵਿੱਚ ਸ਼ਾਮਿਲ ਹੋ ਚੁੱਕਾ ਸੀ। ਇਸ ਦੌਰਾਨ ਅਜ਼ਾਦੀ ਲਈ ਘੋਲ ਕਰ ਰਹੇ ਰਾਸ਼ਟਰੀ ਆਗੂਆਂ ਨੂੰ ਗੁਪਤਵਾਸ ਦੌਰਾਨ ਮਿਲਦਾ ਵੀ ਰਿਹਾ। 1926 ਈ: ਵਿੱਚ ਜਦੋਂ ਸ. ਸਰਮੁੱਖ ਸਿੰਘ ਝਬਾਲ ਜੇਲ੍ਹ ਚਲਾ ਗਿਆ ਤਾਂ ਬਾਬਾ ਜੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ। 1926 ਈ: ਵਿੱਚ ਹੀ ਇੰਡੀਅਨ ਨੈਸ਼ਨਲ ਕਾਂਗਰਸ ਨੇ ਗੁਹਾਟੀ ਸੈਸ਼ਨ ਵਿੱਚੋਂ 50 ਸਿੱਖ ਡੈਲੀਗੇਟਾਂ ਸਮੇਤ ਵਾਕਆਊਟ ਕੀਤਾ, ਕਿਉਂਕਿ ਉਸ ਸਮੇਂ ਸਬਜੈਕਟ ਕਮੇਟੀ ਨੇ ਆਪਣੇ ਪਾਸ ਹੋਣ ਵਾਲੇ ਮਤਿਆਂ ਵਿੱਚ ਮਹਾਰਾਜਾ ਨਾਭਾ ਸ. ਰਿਪੁਦਮਨ ਸਿੰਘ ਨੂੰ ਅੰਗ੍ਰੇਜ਼ਾਂ ਵੱਲੋਂ ਗੱਦੀ ਤੋਂ ਵੱਖ ਕਰਨ ਦੀ ਬੇਇਨਸਾਫੀ ਵਿਰੁੱਧ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਪਿੱਛੋਂ 1931 ਤੋਂ 1933 ਈ: ਤੱਕ ਬਾਬਾ ਜੀ ਨੂੰ ਰਾਜਨੀਤਿਕ ਗਤੀਵਿਧੀਆਂ ਕਾਰਨ ਤਿੰਨ ਵਾਰ ਜੇਲ੍ਹ ਜਾਣਾ ਪਿਆ। 1937 ਈ: ਵਿੱਚ ਕਾਂਗਰਸ ਵੱਲੋਂ ਵਿਧਾਇਕ ਦੀ ਚੋਣ ਲੜੀ, ਪਰ ਹਾਰ ਗਏ। ਇਹ ਮਹਾਨ ਜੁਝਾਰੂ ਸਿੱਖ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ 94 ਵਰ੍ਹਿਆਂ ਦੀ ਉਮਰ ਭੋਗ ਕੇ ਅੰਮ੍ਰਿਤਸਰ ਵਿਖੇ 24 ਜੁਲਾਈ, 1954 ਨੂੰ ਅਕਾਲ ਚਲਾਣਾ ਕਰ ਗਏ। ਬਜਬਜਘਾਟ ਦੇ ਖ਼ੂਨੀ ਸਾਕੇ ਦੀ ਬਣੀ ਹੋਈ ਸ਼ਹੀਦੀ ਯਾਦਗਾਰ ਅੱਜ ਵੀ ਬਾਬਾ ਜੀ ਦੀ ਅਗਵਾਈ ਵਿੱਚ ਵਾਪਰੇ ਇਸ ਖ਼ੂਨੀ ਸਾਕੇ ਦੀ ਯਾਦ ਨੂੰ ਤਾਜ਼ਾ ਕਰ ਰਹੀ ਹੈ।

* * * * * *

## VACANCY FOR RELIGIOUS WORKER

***Job Title:*** **Religious Worker (Sikh Faith)** ***Location*****: Derby, UK**

**We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

Deadline for Applications: Applications must be submit before 17-10-2025

**Applications should be sent to Email: info@sgssderby.com or delivered to the Gurdwara Sahib's Address below:**

**Sri Guru Singh Sabha Gurdwara**

1 Princes Street, Normanton, Derby. DE23 8NT. TEL: 01332 773010

PLEASE CONTACT BHAI AJIT SINGH 07533 362911

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-19

ਡਾ: ਕਿਰਨਪ੍ਰੀਤ ਕੌਰ ਬਾਠ



**ਗੁਰੂ ਸਾਹਿਬ ਦੀ ਸ਼ਹਾਦਤ ਵਿੱਚ ਇੱਕ ਹੋਰ ਧਿਆਨਯੋਗ ਨੁਕਤਾ ਹੈ, ਜੋ ਪ੍ਰੋਫ਼ੈਸਰ ਮਹਿੰਦਰਪਾਲ ਸਿੰਘ ਹੋਰਾਂ ਦੇ ਕੋਲੋਂ ਮੈਨੂੰ ਸਮਝਣ ਦਾ ਮੌਕਾ ਮਿਲ਼ਿਆ। ਖ਼ਿਆਲ ਕਰੋ ਕਿ ਪੰਜਵੇਂ ਜਾਮੇ ਵਿੱਚ ਗੁਰੂ ਸ਼ਹੀਦ ਹੋ ਰਹੇ ਨੇ ਤੇ ਸਿੱਖ ਵੇਖ ਰਹੇ ਨੇ, ਨੌਵੇਂ ਜਾਮੇਂ ਵਿੱਚ ਸਿੱਖ ਸ਼ਹੀਦ ਹੋ ਰਹੇ ਨੇ ਤੇ ਗੁਰੂ ਵੇਖ ਰਹੇ ਨੇ। ਇਸ ਘਟਨਾ ਨੇ ਇੱਕ ਗੱਲ ਸਾਫ਼ ਕਰ ਦਿੱਤੀ ਕਿ ਪੰਜਵੇਂ ਜਾਮੇ ਵਿੱਚ ਸ਼ਹਾਦਤ ਦਾ ਜੋ ਹੁਨਰ ਸਿੱਖਾਂ ਨੂੰ ਗੁਰੂ ਨੇ ਆਪ ਸ਼ਹੀਦ ਹੋ ਕੇ ਸਿਖਾਇਆ ਸੀ, ਨੌਵੇਂ ਜਾਮੇ ਵਿੱਚ ਸਿੱਖਾਂ ਦੀ ਓਸੇ ਪੜ੍ਹੇ ਪਾਠ ਦੀ ਪਰਖ ਕਰ ਇਹ ਵੇਖ ਲਿਆ ਕਿ ਹੁਣ ਇਹ ਮੌਤ ਦਾ ਭੈਅ ਤਿਆਗ ਚੁੱਕੇ ਹਨ ਅਤੇ ਅਨੰਦਪੁਰ ਦੇ ਵਾਸੀ ਹੋਣ ਲਈ ਤਿਆਰ ਹਨ।**

ਦਇਆ ਕਪਾਹ ਸੰਤੋਖੁ
ਸੂਤੁ ਜਤੁ ਗੰਢੀ ਸਤੁ
ਵਟੁ॥
ਏਹੁ ਜਨੇਊ ਜੀਅ ਕਾ
ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ
ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ
ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ
ਵੇਤਗਾ ਗਇਆ ॥1॥

(ਅੰਗ 471)

ਇਸ ਨੂੰ ਹੋਰ ਸਪਸ਼ਟ ਕਰਦੇ ਉਹ ਗੁਰਬਾਣੀ ਦੇ ਜਰੀਏ ਕਹਿੰਦੇ ਹਨ :

ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥1॥
ਏਕੁ ਗੁਸਾਈ ਅਲਹੁ ਮੇਰਾ ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥1॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥2॥

ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥3॥
ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥4॥

(ਅੰਗ 1136 )

ਬੇਸ਼ੱਕ ਇਸ ਤੋਂ ਸਪਸ਼ਟ ਹੋਰ ਕਿਸੇ ਤਰੀਕੇ ਨਾ਼ਲ ਨਹੀਂ ਹੋ ਸਕਦਾ। ਐਸਾ ਸਾਫ਼ ਸਪਸ਼ਟ ਲਿਖਿਆ ਪੜ੍ਹ ਕੇ ਵੀ ਜੇਕਰ ਅਸੀਂ ਆਪ ਹੀ ਕਹੀ ਜਾਈਏ ਕੇ ਸਿੱਖ ਹਿੰਦੂਆਂ ਵਿੱਚੋਂ ਨਿਕਲ਼ੇ ਹਨ ਤਾਂ ਬਹੁਤ ਮੰਦਭਾਗੀ ਗੱਲ ਹੈ। ਸਿੱਖਾਂ ਦਾ ਨਾਤਾ ਗੁਰੂ ਨੇ ਮੁੱਢ ਨਾ਼ਲ ਜੋੜਿਆ ਹੈ ਅਤੇ ਮੁੱਢ ਤੋਂ ਤਾਂ ਸਿਰਫ ੧ੳ ਹੀ ਸੀ, ਹੈ ਅਤੇ ਰਹੇਗਾ। ਅਸੀਂ, ਬਲਕਿ ਸਾਰਾ ਸੰਸਾਰ ਹੀ, ਸਿਰਫ਼ ਉਸ ਜੋਤ ਵਿੱਚੋਂ ਨਿਕਲ਼ਿਆ ਹੈ। ਕੌਣ ਕਿਸ ਵਿੱਚੋਂ ਨਿਕਲ਼ੇ ਇਹ ਗ਼ੈਰ ਜ਼ਰੂਰੀ ਫ਼ਿਰਕਾਪ੍ਰਸਤ ਰਾਜਨੀਤੀ ਹੈ ਜੋ ਸਿਰਫ਼ ਸਮਾਜਿਕ ਮਾਹੌਲ ਵਿੱਚ ਕੁੜੱਤਣ ਭਰਨਾ ਲੋਚਦੀ ਹੈ। ਫਿਰ ਵੀ ਜਿਹੜੇ ਸਮਝਣਾ ਚਾਹੁੰਦੇ ਹਨ, ਚਾਹੁੰਦੇ ਹਨ ਤਾਂ ਉਹ ਥੋੜ੍ਹਾ ਪਿੱਛੇ ਜਾਣ ਤੇ ਵੇਖਣ ਕੇ ਇਨਸਾਨ ਬਾਂਦਰਾਂ ਦੀ ਇੱਕ ਪ੍ਰਜਾਤੀ (HOMOSAPEINS) ਵਿੱਚੋਂ ਨਿਕਲ਼ੇ ਹਨ ਪਰ ਹੁਣ ਉਹ ਇਨਸਾਨ ਹੋ ਗਏ ਹਨ ਅਤੇ ਆਪਣੇ-ਆਪ ਨੂੰ ਇਨਸਾਨ ਹੀ ਕਹਿੰਦੇ ਹਨ, ਬਾਂਦਰ ਨਹੀਂ। ਬਿਲਕੁਲ ਇਸੇ ਤਰ੍ਹਾਂ ਅਸੀਂ ਪੰਜ ਸਦੀਆਂ ਤੋਂ ਹਿੰਦੂ-ਮੁਸਲਮਾਨ ਦੋਹਾਂ ਦੀਆਂ ਮਾਨਤਾਵਾਂ ਨੂੰ ਛੱਡ ਸਿੱਖ ਹੋ ਗਏ ਹਾਂ, ਸੋ ਅਸੀਂ ਆਪਣੇ ਆਪ ਨੂੰ ਸਿੱਖ ਹੀ ਕਹਾਂਗੇ, ਜਿਸ ਦੀ ਅੱਡਰੀ ਹੋਂਦ ਹਸਤੀ ਗੁਰੂ ਗ੍ਰੰਥ ਸਾਹਿਬ ਨੇ ਉਲੀਕੀ ਹੈ:

ਉਲਟਿ ਜਾਤਿ ਕੁਲ ਦੋਊ ਬਿਸਾਰੀ ॥
ਸੁੰਨ ਸਹਜ ਮਹਿ ਬੁਨਤ ਹਮਾਰੀ ॥1॥
ਹਮਰਾ ਝਗਰਾ ਰਹਾ ਨ ਕੋਊ ॥
ਪੰਡਿਤ ਮੁਲਾਂ ਛਾਡੇ ਦੋਊ ॥1॥ ਰਹਾਉ ॥
(ਅੰਗ 1158-1159)

... ...

ਪੰਡਿਤ ਮੁਲਾਂ ਜੋ ਲਿਖਿ ਦੀਆ ॥
ਛਾਡਿ ਚਲੇ ਹਮ ਕਛੂ ਨ ਲੀਆ ॥3॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥
ਆਪੁ ਖੋਜਿ ਖੋਜਿ ਮਿਲੇ ਕਬੀਰਾ ॥4॥7॥

(ਅੰਗ 1158 )

ਪਰ ਇਸ ਵਿੱਚ ਵੀ ਦੁਚਿਤੀ ਪਾਈ ਜਾਂਦੀ ਹੈ ਕਿ ਗੁਰੂ ਸਾਹਿਬ ਨੇ ਸੰਗਠਿਤ ਧਰਮ ਤੋਂ ਹੀ ਕਿਨਾਰਾ ਕੀਤਾ ਸੀ, ਇਸ ਲਈ ਓਹਨਾਂ ਸਿੱਖ ਧਰਮ ਵੀ ਨਹੀਂ ਚਲਾਇਆ ਤਾਂ ਹੇਠ ਲਿਖੇ ਗੁਰਬਾਣੀ ਦੇ ਬਚਨਾਂ ਵਿੱਚ ਕਿਸ ਸਿੱਖ ਦੀ ਗੱਲ ਹੋ ਰਹੀ ਹੈ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥
ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥
ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥
ਗੁਰ ਕਾ ਸਿਖੁ ਵਡਭਾਗੀ ਹੇ ॥

(ਅੰਗ 286 )

ਸੋ ਇਸ ਵਿੱਚ ਕੋਈ ਭੁਲੇਖਾ ਨਹੀਂ ਰਹਿ ਜਾਣਾ ਚਾਹੀਦਾ ਕਿ ਪਹਿਲੇ ਜਾਮੇ ਵਿੱਚ ਹੀ ਗੁਰੂ ਸਾਹਿਬ ਨੇ ਹਿੰਦੂ ਮਤ ਨਾ਼ਲੋਂ ਆਪਣੇ-ਆਪ ਨੂੰ ਵੱਖ ਕਰ ਤੀਸਰ-ਪੰਥ ਚਲਾਇਆ ਸੀ। ਇਸ ਤੀਸਰ-ਪੰਥ ਦੀ ਨੀਂਹ ਹੀ ਨਿਰਵੈਰ-ਨਿਰਭਉ ਦੇ ਫ਼ਲਸਫ਼ੇ ਉੱਤੇ ਰੱਖੀ ਗਈ। ਇਸ ਲਈ ਨੌਵੇਂ ਜਾਮੇ ਵਿੱਚ ਜਦ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਕੋ਼ਲ ਫ਼ਰਿਆਦ ਲੈ ਕੇ ਆਉਂਦੇ ਹਨ ਤਾਂ ਗੁਰੂ ਸਾਹਿਬ ਉਹਨਾਂ ਦੀ ਮਦਦ ਇਸ ਲਈ ਨਹੀਂ ਕਰਦੇ ਕਿ ਓਹਨਾਂ ਦੀ ਹਿੰਦੂ-ਮਤ ਨਾ਼ਲ ਕੋਈ ਸਹਿਮਤੀ ਹੈ, ਨਾ ਹੀ ਉਹ ਸ਼ਰਨ ਆਏ ਪੰਡਿਤ ਦੱਤ ਨੂੰ ਇਸ ਲਈ ਖ਼ਾਲੀ ਮੋੜ ਸਕਦੇ ਸਨ ਕਿ ਉਹ ਹਿੰਦੂ-ਮਤ ਨਾ਼ਲ ਇਤਫ਼ਾਕ ਨਹੀਂ ਰੱਖਦੇ। ਪਹਿਲੇ ਜਾਮੇ ਦੇ ਸਿਧਾਂਤ ਮੁਤਾਬਿਕ ਨੌਵੇਂ ਜਾਮੇ ਵਿੱਚ ਉਹ ਕਿਰਪਾ ਰਾਮ ਦੱਤ ਦੇ ਆਪਣੇ ਧਰਮ ਨੂੰ ਮੰਨਣ ਦੇ ਮੌਲਿਕ ਮਨੁੱਖੀ ਹੱਕ ਲਈ ਹਾਅ ਦਾ ਨਾਹਰਾ ਮਾਰਦੇ ਹਨ। ਓਥੇ ਜੇ ਕੋਈ ਮੁਸਲਮਾਨ ਵੀ ਆ ਕੇ ਸ਼ਰਨ ਤੱਕਦਾ ਤਾਂ ਪਾਤਸ਼ਾਹ ਉਸ ਲਈ ਵੀ ਹਾਅ ਦਾ ਨਾਹਰਾ ਮਾਰਦੇ। ਇਹ ਦੁਨੀਆ ਦੇ ਇਤਿਹਾਸ ਦੀ ਪਹਿਲੀ ਸ਼ਹਾਦਤ ਹੈ ਜੋ ਮਨੁੱਖੀ ਅਧਿਕਾਰਾਂ ਖ਼ਾਤਿਰ ਹੋਈ।

ਅੱਜ ਜਦੋਂ ਸਾਡੇ ਵਿੱਚੋਂ ਕੁਝ ਸੱਚੇ-ਸੁੱਚੇ ਸਿੱਖ ਦੁਨਿਆਵੀ ਤਾਕਤਾਂ ਦੇ ਜ਼ੁਲਮ ਨੂੰ ਨਕਾਰਦੇ ਹੋਏ, ਜਬਰ ਸਹਿ ਰਹੇ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਦੇ ਹਨ ਤਾਂ ਸਾਡੇ ਵਿੱਚੋਂ ਹੀ ਕਈ ਇਤਰਾਜ ਕਰਨ ਲੱਗ ਜਾਂਦੇ ਹਨ ਕਿ ਇਹ 'ਸਾਡੇ ਮੁਲਕ ਦੀ ਨੀਤੀ ਦੇ ਉਲ਼ਟ' ਜਾਂਦਾ ਹੈ। ਕਾਸ਼! ਆਪਾਂ ਸਮਝੇ ਹੁੰਦੇ ਕੇ ਸਾਡਾ ਮੁਲਕ ਅਨੰਦਪੁਰ ਹੀ ਹੈ ਅਤੇ ਅਨੰਦਪੁਰ ਦੇ ਵਾਸੀ ਨਿਰਵੈਰ-ਨਿਰਭਉ ਦੇ ਸਿਧਾਂਤ ਉੱਤੇ ਪਹਿਰਾ ਦਿੰਦੇ ਸੱਚ ਦਾ ਨਾਦ ਵਜਾਉਂਦੇ ਹਨ। ਅਸੀਂ ਇਹ ਨਹੀਂ ਸਮਝਿਆ ਤਾਂ ਹੀ ਸ਼ਾਇਦ ਅਨੰਦਪੁਰ ਸਾਹਿਬ ਨੂੰ ਇੱਕ ਸੈਰ ਸਪਾਟੇ ਦੀ ਥਾਂ ਬਣਾ, ਵੈਸਾਖੀ ਨੂੰ ਗਿੱਧੇ ਭੰਗੜੇ ਅਤੇ ਗੀਤਾਂ ਤਕ ਹੀ ਸੀਮਤ ਕਰ ਲਿਆ।

ਗੁਰੂ ਸਾਹਿਬ ਦੀ ਸ਼ਹਾਦਤ ਵਿੱਚ ਇੱਕ ਹੋਰ ਧਿਆਨਯੋਗ ਨੁਕਤਾ ਹੈ, ਜੋ ਪ੍ਰੋਫ਼ੈਸਰ ਮਹਿੰਦਰਪਾਲ ਸਿੰਘ ਹੋਰਾਂ ਦੇ ਕੋ਼ਲੋਂ ਮੈਨੂੰ ਸਮਝਣ ਦਾ ਮੌਕਾ ਮਿਲ਼ਿਆ। ਖ਼ਿਆਲ ਕਰੋ ਕਿ ਪੰਜਵੇਂ ਜਾਮੇ ਵਿੱਚ ਗੁਰੂ ਸ਼ਹੀਦ ਹੋ ਰਹੇ ਨੇ ਤੇ ਸਿੱਖ ਵੇਖ ਰਹੇ ਨੇ, ਨੌਵੇਂ ਜਾਮੇਂ ਵਿੱਚ ਸਿੱਖ ਸ਼ਹੀਦ ਹੋ ਰਹੇ ਨੇ ਤੇ ਗੁਰੂ ਵੇਖ ਰਹੇ ਨੇ। ਇਸ ਘਟਨਾ ਨੇ ਇੱਕ ਗੱਲ ਸਾਫ਼ ਕਰ ਦਿੱਤੀ ਕਿ ਪੰਜਵੇਂ ਜਾਮੇ ਵਿੱਚ ਸ਼ਹਾਦਤ ਦਾ ਜੋ ਹੁਨਰ ਸਿੱਖਾਂ ਨੂੰ ਗੁਰੂ ਨੇ ਆਪ ਸ਼ਹੀਦ ਹੋ ਕੇ ਸਿਖਾਇਆ ਸੀ, ਨੌਵੇਂ ਜਾਮੇ ਵਿੱਚ ਸਿੱਖਾਂ ਦੀ ਓਸੇ ਪੜ੍ਹੇ ਪਾਠ ਦੀ ਪਰਖ ਕਰ ਇਹ ਵੇਖ ਲਿਆ ਕਿ ਹੁਣ ਇਹ ਮੌਤ ਦਾ ਭੈਅ ਤਿਆਗ ਚੁੱਕੇ ਹਨ ਅਤੇ ਅਨੰਦਪੁਰ ਦੇ ਵਾਸੀ ਹੋਣ ਲਈ ਤਿਆਰ ਹਨ।

**ਗੁਰੂ ਜੋਤ ਪਛਾਨਣ ਦੀ ਪਰਖ :**

ਮੈਂ ਕਈ ਵਾਰ ਇਹ ਸੋਚਦੀ ਹਾਂ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਚਾਹੁੰਦੇ ਤਾਂ ਤੇਗ਼ ਬਹਾਦਰ ਸਾਹਿਬ ਨੂੰ ਆਪਣੇ ਪਾਸ ਬੁਲਾ ਲੈਂਦੇ ਅਤੇ ਓਥੇ ਹੀ ਗੁਰਗੱਦੀ ਸੌਂਪ ਦਿੰਦੇ। ਪਰ ਉਹ ਇੰਝ ਨਹੀਂ ਕਰਦੇ ਉਹ ਇੱਕ ਇਸ਼ਾਰਾ ਕਰ ਜਾਂਦੇ ਹਨ ਕਿ ਅਗਲਾ ਗੁਰੂ ਬਾਬੇ ਬਕਾਲੇ ਹੈ :

ਬਾਬਾ ਬਸਹਿ ਗ੍ਰਾਮ ਬਕਾਲੇ।
ਬਨਿ ਗੁਰ, ਸੰਗਤਿ ਸਕਲ ਸਮਾਲੇ।

ਉਸੇ ਵੇ਼ਲੇ ਧੀਰ ਮੱਲ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ:

ਗੁਰਿਆਈ ਹੈ ਅਸਾਡੀ
ਹਰਿਕ੍ਰਿਸ਼ਨ ਜੋ ਕਹਿਆ 'ਬਾਬੇ ਬਕਾਲੇ'
ਅਸੀਂ ਬਾਬੇ ਹਾਂ ਆਦੀ
ਬਾਬੇ ਗੁਰਦਿੱਤੇ ਦੀ ਅਸੀਂ ਔਲਾਦ।
ਤੇਗ਼ ਬਹਾਦਰ ਹੈ ਪੰਜਵੀਂ ਜਗਾ, ਅਸੀਂ ਬਾਬੇ ਆਦਿ।

ਸਤਿਬੀਰ ਸਿੰਘ. ਇਤਿ ਜਿਨਿ ਕਰੀ : ਜੀਵਨੀ ਸ਼੍ਰੀ ਗੁਰੂ ਤੇਗ਼ ਬਹਾਦਰ ਜੀ (ਜਲੰਧਰ : ਨਿਊ ਬੁੱਕ ਕੰਪਨੀ), 1975. ਪੰਨਾ ਨੰਬਰ 41


ਸਤਿਬੀਰ ਸਿੰਘ. ਇਤਿ ਜਿਨਿ ਕਰੀ : ਜੀਵਨੀ ਸ਼੍ਰੀ ਗੁਰੂ ਤੇਗ਼ ਬਹਾਦਰ ਜੀ (ਜਲੰਧਰ: ਨਿਊ ਬੁੱਕ ਕੰਪਨੀ), 1975. ਪੰਨਾ ਨੰਬਰ 42

ਇਹੋ ਜਿਹੇ ਹੋਰ ਵੀ ਕਈ ਆਪੂੰ ਗੁਰੂ ਬਣ ਬੈਠੇ, ਹੁਣ ਪਰਖ ਸਿੱਖਾਂ ਦੀ ਸੀ ਕਿ ਗੁਰੂ ਜੋਤ ਨੂੰ ਪਛਾਣਦੇ ਹਨ ਜਾਂ ਨਹੀਂ। ਇਤਿਹ-ਾਸ ਤੋਂ ਆਪਾਂ ਜਾਣੂ ਹਾਂ ਕਿ ਗੁਰਸਿੱਖਾਂ ਨੇ ਗੁਰੂ ਜੋਤ ਪਛਾਣ ਕੇ ਗੁਰੂ ਤੇਗ਼ ਬਹਾਦਰ ਨੂੰ ਮਿ਼ਲ ਲਿਆ। ਭਾਵ ਇਹ ਕਿ ਗੁਰਸਿੱਖਾਂ ਦੀ ਸੁਰਤ ਹੁਣ ਏਨੇ ਕਾਬਿਲ ਹੋ ਗਈ ਸੀ ਕਿ ਉਹ ਗੁਰੂ ਜੋਤ ਨੂੰ ਪਛਾਣ ਸਕੇ।

ਅੱਜ ਅਸੀਂ ਕਿਥੇ ਆਣ ਖੜ੍ਹੇ ਹਾਂ ! ਹੁਣ ਤਾਂ ਸਾਨੂੰ ਗੁਰੂ-ਜੋਤ ਪਤਾ ਹੈ ਕਿ ਸ਼ਬਦ-ਰੂਪ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਫਿਰ ਅਸੀਂ ਕਿਹੜੇ ਗੁਰੂ ਨੂੰ ਲੱਭਦੇ ਥਾਂ-ਥਾਂ ਧੱਕੇ ਖਾ ਰਹੇ ਹਾਂ। ਕਿਹੜੇ ਡੇਰੇ, ਕਿਹੜੀ ਮਸੀਤ, ਕਿਹੜੇ ਥਾਂ ਅਸੀਂ ਨਹੀਂ ਸਿਰ ਨਿਵਾ ਰਹੇ? ਸ਼ਾਇਦ ਜੇ ਅਸੀਂ ਸੱਚ ਸਵੀਕਾਰੀਏ ਤਾਂ ਅਸੀਂ ਇਕਲੌਤੀ ਕੌਮ ਹੋਵਾਂਗੇਮ ਜਿਸ ਨੇ ਆਪਣੀ ਆਤਮਿਕ ਅਤੇ ਅਧਿਆਤਮਕ ਤਰੱਕੀ ਨੂੰ ਪੁੱਠਾ-ਗੇੜ ਦਿੱਤਾ ਹੋਇਆ ਹੈ। ਹੋਰ ਕੋਈ ਵੀ ਕਿਤੇ ਵੀ ਜਾਵੇ ਕੋਈ ਮੁਸ਼ਕਿਲ ਨਹੀਂ, ਪਰ ਸਿੱਖਾਂ ਨੇ ਤਾਂ ਅਧਿਆਤਮ ਦੀ ਉਹ ਸਿਖ਼ਰ ਹੰਢਾਈ ਹੈ ਜਿੱਥੇ ਸੁਰਤ ਦੀ ਪਰਵਾਜ਼ ਨੇ ਲਹਿੰਦੀਆਂ ਖੋਪੜੀਆਂ ਵਿੱਚੋਂ, ਚੀਰੇ ਜਾਂਦੇ ਸਰੀਰਾਂ ਵਿੱਚੋਂ, ਵਾਹਿਗੁਰੂ ਦਾ ਜਾਪੁ ਸੁਣਾ ਦਿੱਤਾ। ਫਿਰ ਅਸੀਂ ਕਿਹੜੀ ਖੋਜ ਵਿੱਚ ਹਾਂ? ਉਸ ਵੇ਼ਲੇ ਵੀ ਗੁਰੂ ਨੂੰ ਲੱਭ ਰਹੇ ਕੁਝ ਸਿੱਖ ਧੋਖਾ ਖਾ ਜਾਂਦੇ ਅਤੇ ਕਈਆਂ ਨੂੰ ਮੱਥਾ ਟੇਕਦੇ; ਪਰ ਫਿਰ ਵੀ ਉਹਨਾਂ ਦੀ ਰੂਹ ਨੂੰ ਉਹ ਸਕੂਨ ਨਾ ਮਿਲਦਾ ਕਿਉਂਕਿ ਉਹ ਸਮਝ ਜਾਂਦੇ ਸੀ ਕਿ ਇਹ ਜੋ ਬਾਬੇ ਬਣੀ ਬੈਠੇ ਹਨ ਇਹਨਾਂ ਕੋ਼ਲ 'ਅਨੰਦ' ਵਰਗੀ ਚੀਜ਼ ਨਹੀਂ ਹੈ। ਇਹ ਸਿਰਫ਼ ਲੈਣ ਨੂੰ ਤਿਆਰ ਬੈਠੇ ਹਨ, ਪਰ ਸਿੱਖਾਂ ਦੇ ਦੁੱਖ ਦੂਰ ਕਰਨ ਵੇ਼ਲੇ ਗਿੱਦੜ ਨਿਆਈ ਹੋ ਜਾਂਦੇ ਹਨ :

ਦਾਸ ਕੀ ਸਹਾਇਤਾ ਕਾਲ,
ਕੌਨ ਕਰਹਿ ਬਨਹੈਂ ਤਬ ਸਯਾਲ।

ਚਲਦਾ.....



- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਬੈਠਾ ਅਮਰੂ ਸਰੂਪ ਹੋਇ

## ਕਿਸ਼ਤ-8

'ਚਲੋ, ਇਕੱਲੇ ਆਪ ਹੀ ਨਹੀਂ ਸਾਥੀਆਂ ਨੂੰ ਵੀ ਨਾਲ ਲੈ ਲਵੋ'। ਸੁਣ ਕੇ ਦਾਸੂ ਕਿਹਾ, 'ਸਤਿ ਬਚਨ'।

ਦਾਸੂ ਮਾਤਾ ਨੂੰ ਕਹਿਆ ਐਸੇ। ਜਿਉਂ ਮੈਨੂੰ ਬਚਨ ਕਰੋ ਕਰਾਂ ਮੈਂ ਤੈਸੇ।135।

ਅਗਲੇ ਭਲਕ ਸ੍ਰੀ ਮਾਤ ਖੀਵੀ ਜੀ ਗੁਰੂ ਤੋਂ ਬੇਮੁਖ ਹੋਏ ਆਪਣੇ ਭੁੱਲੜ ਪੁੱਤ੍ਰ ਅਤੇ ਗੁੰਮਰਾਹ ਕਰਨ ਵਾਲੇ ਉਸ ਦੇ ਸਾਥੀਆਂ ਨੂੰ ਵੀ ਨਾਲ ਲੈ ਗੋਇੰਦਵਾਲ ਪਹੁੰਚ ਗਏ। ਜਦੋਂ ਗੁਰੂ ਕੇ ਨਿਵਾਸ ਅਸਥਾਨ 'ਤੇ ਪਹੁੰਚੇ ਤਾਂ ਭਾਈ ਬੱਲੂ ਜੀ ਨੇ ਮਾਤਾ ਜੀ ਨੂੰ ਮੱਥਾ ਟੇਕਿਆ। ਸਭਨਾਂ ਦੀ ਜਲ ਪਾਣੀ ਨਾਲ ਸੇਵਾ ਕੀਤੀ। ਜਦੋਂ ਮਾਤਾ ਜੀ ਨੇ ਗੁਰੂ ਸਾਹਿਬ ਨੂੰ ਮਿਲਣ ਦਾ ਮੰਤਵ ਦੱਸਿਆ ਤਾਂ ਭਾਈ ਜੀ ਨੇ ਦੱਸਿਆ ਕਿ ਗੁਰੂ ਸਾਹਿਬ ਬਾਹਰ ਬਿਆਸ ਕਿਨਾਰੇ ਬੈਠੇ ਹੋਏ ਹਨ, ਮੈਂ ਉਨ੍ਹਾਂ ਨੂੰ ਖ਼ਬਰ ਕਰਦਾ ਹਾਂ, ਤਦ ਤੱਕ ਤੁਸੀਂ ਇੱਥੇ ਹੀ ਉਡੀਕੋ। ਇਹ ਕਹਿੰਦਿਆਂ ਉਹ ਬਿਆਸ ਵੱਲ ਗਏ ਅਰ ਜਾ ਕੇ ਗੁਰੂ ਪਾਤਸ਼ਾਹ ਨੂੰ ਖ਼ਬਰ ਕੀਤੀ। ਅਜੇ ਬਚਨ ਕਰ ਹੀ ਰਹੇ ਸਨ ਕਿ ਮਾਤਾ ਜੀ ਵੀ ਓਥੇ ਹੀ ਪਹੁੰਚ ਗਏ। ਇਹ ਵੇਖ ਮਾਤਾ ਜੀ ਦੇ ਸਤਿਕਾਰ ਵਿਚ ਗੁਰੂ ਸਾਹਿਬ ਝੱਟ ਉੱਠ ਖੜੇ ਹੋਏ ਅਤੇ ਬੋਲੇ,

'ਮਾਤਾ ਜੀ! ਤੁਸੀਂ ਏਥੇ ਆਉਣ ਦੀ ਖੇਚਲ ਕਾਹਨੂੰ ਕੀਤੀ ਹੈ, ਬੱਲੂ ਅਜੇ ਦੱਸ ਹੀ ਰਿਹਾ ਸੀ, ਅਸੀਂ ਓਥੇ ਆ ਜਾਣਾ ਸੀ'।

ਮਾਤਾ ਜੀ ਨੇ ਅਦਬ ਵਿਚ ਸੀਸ ਨਿਵਾਇਆ ਜੋ ਸਾਹਿਬ ਜੀ ਨੇ ਦੋਹਾਂ ਹੱਥਾਂ 'ਤੇ ਲੈ ਲਿਆ। ਮਾਤਾ ਜੀ ਕਹਿਣ ਲੱਗੇ,

'ਕੋਈ ਗੱਲ ਨਹੀਂ, ਏਥੇ ਹੀ ਬਚਨ ਕਰ ਲੈਨੇ ਆਂ'।

ਇਹ ਸੁਣਦਿਆਂ ਬੱਲੂ ਜੀ ਨੇ ਆਪਣਾ ਕਮਰਕੱਸਾ ਕੋਲ ਥੱਲੇ ਵਿਛਾ ਦਿੱਤਾ ਤਾਂ ਮਾਂ-ਪੁੱਤ ਦੋਵੇਂ ਬੈਠ ਗਏ। ਗੁਰੂ ਸਾਹਿਬ ਵੀ ਆਪਣੇ ਆਸਣ 'ਤੇ ਸਜ ਗਏ। ਮਾਤਾ ਜੀ ਨੇ ਆਖਿਆ,

'ਤੁਸੀਂ ਸਭ ਕੁਝ ਜਾਣਦੇ ਹੋ ਕਿ ਇਹ ਆਪ-ਹੁਦਰਾ ਹੈ, ਇਸ ਨੇ ਆਪਣੇ ਪਿਤਾ ਦੀ ਆਗਿਆ ਨਹੀਂ ਮੰਨੀ ਅਰ ਮੰਜੀ 'ਤੇ ਬੈਠ ਕੇ ਤੁਹਾਡੀ ਬ੍ਰਾਬਰੀ ਕਰਨ ਦਾ ਯਤਨ ਕੀਤਾ ਹੈ। ਇਸ ਅਵੱਗਿਆ ਨਾਲ ਹੁਣ ਇਸ ਦਾ ਸਿਰ ਫਿਰ ਗਿਆ ਹੈ, ਅੱਜ ਤੁਹਾਡੇ ਕੋਲੋਂ ਇਸ ਭੁੱਲ ਦੀ ਮੁਆਫ਼ੀ ਮੰਗਣ ਆਇਆ ਹੈ, ਕਿਰਪਾ ਕਰ ਦਿਉ'। ਇਉਂ ਕਹਿੰਦਿਆਂ ਮਾਤਾ ਜੀ ਨੇ ਹੱਥ ਜੋੜੇ ਅਰ ਦਾਸੂ ਨੇ ਅੱਗੇ ਹੋ ਕੇ ਜਦੋਂ ਮੱਥਾ ਟੇਕਿਆ।

ਹੋਰ ਇਤਿਹਾਸਕ ਹਵਾਲੇ:

ਮਾਤਾ ਕਹਿਆ ਤੂੰ ਹੈ ਗੁਰੂ<br>ਸਭ ਸਿਖ ਹੈਨ ਤੇਰੇ।<br>ਦਾਸੂ ਹੈ ਕਾਹਲਾ ਆਖੇ<br>ਲਗਾ ਨਾ ਮੇਰੇ।।138।

ਤੈਨੂੰ ਆਪੇ ਦਿਤੀ ਹੈ ਖਾਵੰਦ ਵਡਿਆਈ।<br>ਦਾਸੂ ਦਾ ਕਰ ਸਿਰ ਸਿਧਾ ਹਥ ਲਗਾਈ।

'ਹੇ ਗੁਰੂ ਨਾਨਕ ਦੇ ਵਿਦਤ ਸਰੂਪ! ਜਗਤ ਵਿਚ ਕੁਸੰਗ ਬੁਰੀ ਬਲਾ ਹੈ, ਦਾਸੂ ਨੂੰ ਪਾਹ ਚੜ੍ਹ ਗਈ ਕੁਸੰਗੀਆਂ ਦੀ, ਪਿਤਾ ਗੁਰੂ ਦੀ ਆਗਿਆ ਦੇ ਉਲਟ ਲਾ ਬੈਠਾ ਹੈ ਗੱਦੀ। ਲਗ ਪਿਆ ਏ ਖੇਡਣ ਪਾਪਾਂ ਨਾਲ ਲੱਦੀ ਦੁਨੀਆਂ ਦੇ ਦੁਖਾਂ ਸੁਖਾਂ ਨਾਲ, ਚੜ੍ਹ ਗਏ ਸੂ ਦੁਖ ਸੁਖ ਦਿਮਾਗ ਨੂੰ, ਹੁਣ ਸਿਰ ਪਟਕਦਾ ਏ ਕਿਸੇ ਵੇਲੇ ਤੇ ਕਿਸੇ ਵੇਲੇ ਹੋਸ਼ ਵਿਚ ਹੁੰਦਾ ਤੇ ਘਬਰਾਉਂਦਾ ਤੇ ਖ਼ਫ਼ਗੀ ਦਾ ਢੂੰਡਦਾ ਏ ਆਪ ਦਾਰੂ। ਉਹ ਦਾਰੂ ਹੋ ਗੁਰੂ ਨਾਨਕ! ਤੇਰੇ ਕੋਲ ਏ, ਹੁਣ ਆਪ ਦੀ ਸ਼ਰਣ ਆਇਆ ਏ, ਬਖ਼ਸ਼ ਦਿਉ-ਸੂ ਕਿਸੇ ਦੇ ਸਦਕੇ। ਗੁਰੂ ਕੇ ਸੰਵਾਰੇ ਗੁਰੂ! ਮਾਂ ਦਾ ਮੋਹ ਅਵੱਲਾ ਹੁੰਦਾ ਏ (ਨੈਣ ਭਰ ਆਏ) ਗੁਰੂ ਦਾ ਪੁੱਤ ਏ, ਜਿਸ ਦਾ ਤੂੰ ਲਾਲ ਏਂ'। ਗੁਰੂ ਚਮਤਕਾਰ ਪੰਨਾ 1075



ਤਾਂ ਗੁਰੂ ਸਾਹਿਬ ਜੀ ਨੇ ਉਸ ਨੂੰ ਕੋਲ ਬਿਠਾ ਲਿਆ ਅਰ ਬਾਹਾਂ ਵਿਚ ਲੈ ਕੇ ਉਸ ਦੇ ਸਿਰ ਅਤੇ ਕੰਡ 'ਤੇ ਹੱਥ ਫੇਰਦਿਆਂ ਬੋਲੇ,

ਸਤਿਨਾਮ ਕਹਿ ਅਮਰਦਾਸ ਹਥ ਲਾਇਆ।<br>ਸਿਰ ਸਿਧਾ ਦਾਸੂ ਦਾ ਹੋਇ ਗਇਆ।<br>139॥ ਚਰਣ ਦੂਜਾ, ਬੰਸਾਵਲੀ ਨਾਮਾ

'ਗੁਰੂ ਬਾਬਾ ਜੀ ਦੀਆਂ ਰੱਖਾਂ, ਉਨ੍ਹਾਂ ਦੀਆਂ ਬਖ਼ਸ਼ਿਸ਼ਾਂ ਸਦਾ ਆਪਣੇ ਪੁੱਤਰਾਂ ਦੀ ਝੋਲੀ ਵਿਚ, ਉਹ ਸਦਾ ਬਖ਼ਸ਼ਦੇ ਹਨ ਸਾਨੂੰ ਭੁੱਲੜ ਪੁੱਤਰਾਂ ਨੂੰ। ਮਾਤਾ ਜੀ! ਆਪ ਧੰਨ ਹੋ। ਆਪ ਜੈਸੀਆਂ ਮਾਂਵਾਂ ਦੀ ਗੋਦੀ ਵਿਚ ਪਲਣ ਵਾਲਾ ਪੁੱਤਰ ਭਲਾ ਗੁਰੂ-ਹੁਕਮ ਤੋਂ ਬੇਮੁਖ ਹੋ ਕੇ ਕਿਵੇਂ ਚੱਲ ਸਕਦਾ ਹੈ। ਧੰਨ ਹੋ ਆਪ! ਧੰਨ ਹੋ ਆਪ'!!

ਗੁਰੂ ਸਾਹਿਬ ਨੇ ਗੁਰਮਤ ਅਤੇ ਮਮਤਾ ਦੀ ਸੰਘਣੀ ਛਾਂ-ਮਾਤਾ ਖੀਵੀ ਜੀ ਦੇ ਅਦਬ ਵਿਚ ਹੱਥ ਜੋੜੇ। ਨਾਲ ਆਏ ਸਾਥੀਆਂ ਨੇ ਵੀ ਗੁਰੂ ਸਾਹਿਬ ਨੂੰ ਅਦਬ ਨਾਲ ਮੱਥਾ ਟੇਕਿਆ।

ਸਭ ਸੰਗਤ ਅਮਰਦਾਸ ਦੀ ਚਰਨੀ ਲਾਈ।<br>ਬਚਨ ਕੀਤਾ ਮਾਤਾ ਅਮਰਦਾਸਾ ਤੈਨੂੰ ਖਾਵੰਦ ਦਿਤੀ ਹੈ ਵਡਿਆਈ।

ਇਉਂ ਕਹਿੰਦਿਆਂ ਮਾਤਾ ਜੀ ਨੇ ਮੱਥਾ ਟੇਕਿਆ ਅਰ ਆਗਿਆ ਲੈ ਕੇ ਸ਼ੁਕਰ ਸ਼ੁਕਰ ਕਹਿੰਦੇ ਖਡੂਰ ਸਾਹਿਬ ਨੂੰ ਪਰਤ ਗਏ। ਦਾਸੂ ਦੇ ਸਿਰ ਅਤੇ ਹਿਰਦੇ ਦੀ ਪੀੜਾ ਹੁਣ ਅਲੋਪ ਸੀ।

ਖੁਦੀ ਮਿਟੀ ਤਬ ਸੁਖ ਭਏ<br>ਮਨ ਤਨ ਭਏ ਅਰੋਗ॥<br>ਨਾਨਕ ਦ੍ਰਿਸਟੀ ਆਇਆ<br>ਉਸਤਤਿ ਕਰਨੈ ਜੋਗੁ ॥1॥<br>ਗੁ.ਗ੍ਰੰ.ਸਾ. ਪੰਨਾ 260

ਖੁਦ ਪ੍ਰਸਤੀ ਖ਼ਤਰਾ-ਇ ਨਾਪਾਕ-ਇ ਤੋ (ਅਪਵਿਤ੍ਰ ਹਉਮੈ ਤੇਰੇ ਲਈ ਖ਼ਤਰਾ ਹੈ) ਆਂ ਕਿ ਜਾਂ ਕਰਦਾ ਬਮੁਸ਼ਤ-ਇ ਖ਼ਾਕ-ਇ ਤੋ।53॥{ਜੋ ਇਕ ਮਿੱਟੀ ਦੀ ਮੁੱਠ (ਸਰੀਰ) ਵਿਚ ਵੜ ਬੈਠੀ ਹੈ} ਜ਼ਿੰਦਗੀਨਾਮਾ ਭਾਈ ਨੰਦ ਲਾਲ ਗੋਯਾ

ਬੰਸਾਵਲੀ ਨਾਮਾ ਅਨੁਸਾਰ ਇਹ ਘਟਨਾ ਮੱਘਰ ਮਹੀਨੇ ਦੀ ਹੈ। ਅਗੇ ਚੱਲ ਕੇ ਫਿਰ ਜ਼ਿਕਰ ਕਰਦੇ ਹਨ ਕਿ ਇਸ ਘਟਨਾ ਦਾ ਜ਼ਿਕਰ ਬਾਬਾ ਸ੍ਰੀ ਚੰਦ ਜੀ ਤੱਕ ਵੀ ਪੁੱਜਾ। ਉਨ੍ਹਾਂ ਨੇ ਵੀ ਆਪਣੇ ਵੱਲੋਂ ਹੁਣ ਗੁਰੂ ਸਾਹਿਬ ਨੂੰ (ਟਾਹਲੀ ਸਾਹਿਬ ਤੋਂ?) ਸਿਰੋਪਾਉ ਭੇਜਿਆ।

ਮਾਤਾ ਖੀਵੀ ਨੇ ਸੰਗਤ ਚਰਨੀ ਲਾਈ।<br>ਹੋਇ ਪ੍ਰਗਟ ਗੁਰਿਆਈ ਪਾਈ।28॥

### ਚਰਣ ਤੀਜਾ

ਇਸ ਸਭ ਕੁਝ ਤੋਂ ਅਸੀ ਪ੍ਰਤੀਤ ਕਰਦੇ ਹਾਂ ਕਿ ਖਡੂਰ ਸਾਹਿਬ ਵਿਚ ਦਾਸੂ ਜੀ ਦੇ ਮੰਜੀ ਲਾ ਕੇ ਬੈਠਣ ਨਾਲ ਜੋ ਸੰਗਤਾਂ ਵਿਚ ਥੋੜੀ-ਬਹੁਤੀ ਦੁਬਿਧਾ ਜਿਹੀ ਬਣੀ ਹੋਈ ਸੀ, ਉਸ ਤੋਂ ਵੀ ਵਾਤਾਵਰਣ ਸਾਫ਼ ਹੋ ਗਿਆ। ਹੁਣ ਸੰਗਤਾਂ ਸਿੱਧੀਆਂ ਗੋਇੰਦਵਾਲ ਸਾਹਿਬ ਹੁਮ-ਹੁਮਾ ਕੇ ਪ੍ਰੇਮ ਭੇਟਾਵਾਂ ਲੈ ਕੇ ਪਹੁੰਚਣ ਲਗੀਆਂ।

### ਕੁਝ ਹੋਰ ਨਿਯਮ ਥਾਪਣੇ

ਸਾਡੇ ਇਤਿਹਾਸਕਾਰਾਂ ਅਨੁਸਾਰ ਇਉਂ ਮਾਹੌਲ ਵਿਚ ਹੋਰ ਟਿਕਾਅ ਆਉਣ 'ਤੇ ਸਤਿਗੁਰਾਂ ਨੇ ਕੁਝ ਹੋਰ ਨਿਯਮ ਵੀ ਧਾਰਨ ਕਰਨ ਲਈ ਹੁਕਮ ਕੀਤਾ। ਜਿਸ ਤਰਹ ਲੰਗਰ ਸਭ ਲਈ ਸਾਂਝਾ ਹੈ ਅਰ ਗੁਰੂ ਬਾਬਾ ਜੀ ਦੇ ਹੁਕਮ ਅਨੁਸਾਰ ਸਭਨਾਂ ਨੂੰ ਪੰਗਤਾਂ ਵਿਚ ਬਰਾਬਰ ਵਰਤੇਗਾ, ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੋਵੇਗਾ, ਵੱਖਰਾ ਕੋਈ ਚੌਂਕਾ ਨਹੀਂ ਹੋਵੇਗਾ।(ਇਸ ਤੋਂ ਜਾਪਦਾ ਹੈ ਕਿ ਪਹਿਲਾਂ ਬ੍ਰਹਮਚਰਜੀਆਂ, ਸੰਨਿਆਸੀਆਂ ਆਦਿ ਨੂੰ ਆਪੋ ਅਲਗ ਭੋਜਨ ਪਕਾਉਣ ਦੀ ਰਸਦ ਦੇ ਦਿੱਤੀ ਜਾਂਦੀ ਸੀ)

ਬਾਹਰੋਂ ਆਉਣ ਵਾਲੇ ਸਭ ਪਹਿਲਾਂ ਸਾਂਝੀ ਪੰਗਤ ਵਿਚ ਬੈਠ ਕੇ ਲੰਗਰ ਛੱਕਣ ਫਿਰ ਹੀ ਉਹ ਦਰਬਾਰ ਵਿਚ ਆ ਸਕਦੇ ਹਨ। ਅਸੀਂ ਪ੍ਰਤੀਤ ਕਰ ਸਕਦੇ ਹਾਂ ਕਿ ਕੁਝ ਜਾਤਿ-ਅਭਿਮਾਨੀ ਦਰਬਾਰ ਵਿਚ ਤਾਂ ਹਾਜ਼ਰੀ ਭਰਨੀ ਚਾਹੁੰਦੇ ਸਨ ਪਰ ਨੀਚ-ਊਚ ਦੀ ਭਿੱਟ ਮੰਨ ਕੇ ਦੂਜਿਆਂ ਨਾਲ ਬੈਠ ਕੇ ਭੋਜਨ ਕਰਨ ਲਈ ਤਿਆਰ ਨਹੀਂ ਸਨ, ਇਸੇ ਤਰਹ ਧਨ ਕਰ ਕੇ ਕੁਝ ਅਮੀਰ ਦੂਜਿਆਂ ਨੂੰ ਗ਼ਰੀਬ ਜਾਂ ਕੰਮੀ ਕਹਿ ਕਹਿ ਕੇ ਨੇੜੇ ਨਹੀਂ ਲੱਗਣ ਦੇਂਦੇ ਸਨ। ਹਜ਼ੂਰ ਨੇ ਹੁਣ ਇਸ ਵਿਤਕਰੇ ਨੂੰ ਦੂਰ ਕਰਨ ਵਾਸਤੇ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਦੀ ਪਾਲਣਾ ਸਾਵਧਾਨੀ ਨਾਲ ਪਾਲਣਾ ਕਰਨੀ, ਜ਼ਰੂਰੀ ਕਰਾਰ ਦੇ ਦਿੱਤੀ।



ਗੁਰੂ ਅਮਰਦਾਸ ਪਾਤਸ਼ਾਹ ਜੀ

**ਹੋਰ ਇਤਿਹਾਸਕ ਹਵਾਲੇ:**

ਜੋ ਖਾਇ ਪ੍ਰਸਾਦ ਦਰਸਨ ਕਰੇ<br>ਧਰੀ ਪ੍ਰਤਗਿਆ ਦਿਆਲ।<br>ਬਿਨ ਪ੍ਰਸਾਦ ਪਾਇ ਦਰਸ<br>ਹੋਇ ਨ ਕਿਤਹੂੰ ਕਾਲ।16।<br>ਮਹਿਮਾ ਪ੍ਰਕਾਸ਼

ਪ੍ਰਥਮ ਦੇਗ ਮਹਿੰ ਜਾਇ ਕੈ ਭੋਜਨ ਕੋ ਖਾਵੈ। (ਪਹਿਲਾਂ ਪੰਗਤ ਵਿਚ ਜੋ ਭੋਜਨ ਕਰਦਾ ਹੈ) ਪੁਨ ਦਰਸ਼ਨ ਗੁਰ ਕੋ ਕਰਹਿ ਚਲ ਕਰਿ ਫਿਰ ਜਾਵੈ।(ਉਹੀ ਜਾ ਕੇ ਗੁਰੂ ਕੇ ਦਰਸ਼ਨ ਕਰਦਾ ਹੈ)

ਜੋ ਨਹਿੰ ਅਚਹਿ ਅਹਾਰ ਕੋ ਸੁਚ ਸੰਜਮਵੰਤਾ। (ਜੋ ਸੁਚ, ਸੰਜਮ ਦਾ ਧਾਰਨੀ ਇਉਂ ਨਾ ਕਰਦਾ)

ਤਿਸ ਕੋ ਦਰਸ਼ਨ ਹੋਤ ਨਹਿੰ<br>ਹਟਿ ਘਰ ਗਮਨੰਤਾ।27॥<br>(ਉਹ ਬਿਨਾਂ ਦਰਸ਼ਨ ਘਰ ਮੁੜ ਜਾਂਦਾ)

ਗੁਰੂ ਘਰ ਵਿਚ ਰਸਦਾਂ ਓਨੀਆਂ ਹੀ ਪ੍ਰਵਾਨੀਆਂ ਜਾਣਗੀਆਂ ਜਿੰਨੀਆਂ ਅੱਜ ਲੰਗਰ ਵਿਚ ਵਰਤਣਗੀਆਂ, ਅਗਲੇ ਭਲਕ ਲਈ ਨਾ ਰਸਦਾਂ ਲਈਆਂ ਜਾਣਗੀਆਂ ਨਾ ਹੀ ਪੱਕਿਆ ਲੰਗਰ ਰਾਤ ਨੂੰ ਰੱਖਿਆ ਜਾਵੇਗਾ।

ਜਿਮਿ ਬਿਹੰਗ ਦਰਵੇਸ਼ ਹੋਇ ਸੰਚੈ ਨ ਕਰੇ ਹੈ। (ਜਿਵੇਂ ਪੰਛੀ ਤੇ ਫ਼ਕੀਰ ਕੁਝ ਜੋੜਦੇ ਨਹੀਂ)

ਨਿਤਿ ਨਵੀਨ ਲੇ ਕਰਿ ਅਚਹਿੰ ਈਸ਼ਰ ਤਿਨ ਦੇ ਹੈ। (ਰੋਜ਼ ਨਵਾਂ ਹੀ ਚੁਗ, ਮੰਗ ਕੇ ਖਾਦੇ ਹਨ)

ਘਰ ਮਹਿੰ ਰਹੈ ਨ ਅੰਨ ਧਨ ਨਹਿੰ ਬਸਤ੍ਰ ਬਧੀਕਾ।(ਲੋੜੋਂ ਵੱਧ ਅੰਨ, ਧਨ ਤੇ ਬਸਤ੍ਰ ਨਹੀਂ ਹੋਣਗੇ)

ਕਰਯੋ ਨੇਮ ਸ੍ਰੀ ਸਤਿਗੁਰੂ ਐਸੀ ਬਿਧਿ ਨੀਕਾ।24॥31॥(ਸਤਿਗੁਰਾਂ ਇਹ ਅਸੂਲ ਠਹਿਰਾਇਆ) ਗੁ.ਪ੍ਰ.ਸੂ.

ਬਾਕੀ ਗਊਆ ਕੋ ਮਿਲਤਾ ਅਰ ਜੋ ਗਊਆ ਸੋ ਬਚਤਾ ਸੋ ਗੁਰ ਦਰੀਆਓ ਮੋ ਪੜਤਾ। ਰਾਤ ਕੋ ਗੁਰੂ ਸਾਹਿਬ ਕੇ ਲੰਗਰ ਮੋ ਕੁਝ ਨਹੀ ਰਹਤਾ। ਘੜਿਆ ਮੋ ਜਲ ਭੀ ਨਾ ਰਹਤਾ।32। ਮ.ਪ੍ਰ. ਵਾਰਤਕ

ਗੁਰੂ ਦਰਬਾਰ ਵਿਚ ਆਉਣ ਵਾਲੀਆਂ ਸਭ ਇਸਤ੍ਰੀਆਂ ਗੁਰੂ ਕੀਆਂ ਧੀਆਂ ਹਨ ਇਸ ਕਰ ਕੇ ਕੋਈ ਧੀ ਬੁਰਕਾ ਪਹਿਨ ਜਾਂ ਘੁੰਡ ਕੱਢ ਕੇ ਨਾ ਆਵੇ।

ਚਲਦਾ.....

**ਲੜੀਵਾਰ ਨਾਵਲ**



ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 42**

# ਇੱਕ ਮੇਰੀ ਅੱਖ ਕਾਸ਼ਣੀ...

**ਉਸ ਨੂੰ ਕੈਨੇਡਾ ਵਾਲਾ ਰਿਸ਼ਤਾ ਪੈਰੋਂ ਉਖੇੜੀ ਫਿਰਦਾ ਸੀ। ਬਾਬਰ ਸਿੰਘ ਰਾਠੌਰ ਆਈ. ਪੀ. ਐੱਸ. ਅਫ਼ਸਰ ਸੀ। ਉਸ ਤੋਂ ਪਹਿਲਾਂ ਉਸ ਦਾ ਬਾਪ ਬੜੇ ਸ਼ਾਨਦਾਰ ਅਹੁਦੇ 'ਤੇ ਬਿਰਾਜਮਾਨ ਰਿਹਾ ਸੀ। ਮੂੰਹ ਵਿੱਚ ਸੋਨੇ ਦਾ ਚਮਚਾ ਲੈ ਕੇ ਜੰਮੇ ਰਾਠੌਰ ਨੇ ਸਾਰੀ ਜ਼ਿੰਦਗੀ ਪੂਰੀ ਐਸ਼ ਅਤੇ ਠਾਠ ਨਾਲ ਮਾਣੀ ਸੀ। ਗੁਰਿੰਦਰ, ਜਿਸ ਨੂੰ ਆਈ.ਪੀ.ਐੱਸ. ਅਫ਼ਸਰ ਰਾਠੌਰ "ਗੁੰਨੀ" ਆਖਦਾ, ਉਸ ਦਾ ਪਿਛੋਕੜ ਵੀ ਸ਼ਾਹੀ ਠਾਠ ਵਾਲੇ ਪ੍ਰੀਵਾਰ ਨਾਲ ਜੁੜਦਾ ਸੀ। ਉਸ ਦੇ ਦਾਦਾ ਜੀ ਅੰਗਰੇਜ਼ ਸਰਕਾਰ ਵੇਲੇ ਉਚ-ਅਹੁਦੇ ਉਪਰ ਬਿਰਾਜਮਾਨ ਸਨ ਅਤੇ ਬਾਪ ਪਹਿਲਾਂ ਵਕੀਲ ਅਤੇ ਫਿਰ ਜੱਜ ਲੱਗ ਗਿਆ ਸੀ। ਗ਼ਰੀਬੀ ਉਸ ਨੇ ਵੀ ਸੁਣੀ ਹੋਈ ਸੀ, ਪਰ ਕਦੇ ਦੇਖੀ ਨਹੀਂ ਸੀ। ਪਰ ਇਸ ਖਾਨਦਾਨ ਵਿੱਚ ਸਿਰਫ਼ ਇੱਕ ਮਾਣੋਂ ਹੀ ਸੀ, ਜੋ ਪਾਵੀ ਨੂੰ ਆਪਣਾ ਦਿਲ ਦੇ ਬੈਠੀ ਸੀ ਅਤੇ ਓਸੇ ਦੀ ਹੋ ਕੇ ਰਹਿ ਗਈ ਸੀ। ਉਹ ਮਾਨਸਿਕ ਤੌਰ 'ਤੇ ਪਾਵੀ ਨਾਲ ਇਤਨੀ ਜੁੜ ਚੁੱਕੀ ਸੀ ਕਿ ਉਸ ਤੋਂ ਵਿਛੜਨਾ ਮਾਣੋਂ ਨੂੰ ਮਰਨ ਬਰਾਬਰ ਲੱਗਦਾ ਸੀ।**

## ਕਾਂਡ 20

ਉਸ ਦਾ ਜੀਅ ਧਾਹ ਮਾਰਨ ਨੂੰ ਕਰਦਾ ਸੀ। ਪਰ ਉਹ ਆਪਣੀ ਭੁੱਬ ਨੂੰ ਰਗਾਂ ਵਿੱਚ ਹੀ ਨੱਪੀ ਬੈਠੀ ਸੀ।

-"ਬੀਬੀ ਜੀ, ਰਾਠੌਰ ਸਾਹਿਬ ਬੁਲਾ ਰਹੇ ਨੇ...!" ਗਣੇਸ਼ ਨੇ ਆ ਕੇ ਸੁਨੇਹਾਂ ਦਿੱਤਾ। ਮਾਣੋਂ ਦਾ ਕੰਧ ਨਾਲ ਟੱਕਰ ਮਾਰਨ ਨੂੰ ਦਿਲ ਕੀਤਾ। ਉਸ ਦਾ ਦਿਲ ਕੀਤਾ ਕਿ ਸੁਨੇਹਾਂ ਲੈ ਕੇ ਆਏ ਗਣੇਸ਼ ਦਾ ਗਲ਼ਾ ਦਬਾ ਦੇਵੇ। ਪਰ ਇਸ ਗਰੀਬ ਦਾ ਕੀ ਦੋਸ਼?? ਪੈਸਾ ਖੋਟਾ ਆਪਣਾ, ਬਾਣੀਏਂ ਨੂੰ ਕੀ ਦੋਸ਼...? ਡਿੱਗੀ ਖੋਤੇ ਤੋਂ ਤੇ ਗੁੱਸਾ ਘੁਮਿਆਰ 'ਤੇ...?? ਤੇਰੇ ਮੁਕੱਦਰ ਦਾ ਫ਼ੈਸਲਾ ਤੇਰੇ ਘਰ ਦੇ ਕਰਨ, ਤੇ ਗੁੱਸਾ ਨਿਰਦੋਸ਼ ਨੌਕਰ ਗਣੇਸ਼ 'ਤੇ...? ਇਹ ਕਿੱਧਰਲਾ ਇਨਸਾਫ਼ ਹੋਇਆ...?

-"ਆਉਨੀ ਆਂ ਗਣੇਸ਼...!" ਆਖ ਉਹ ਉਠ ਕੇ ਬੈਠ ਗਈ। ਉਸ ਨੂੰ ਮਹਿਸੂਸ ਹੋਇਆ ਕਿ ਉਸ ਦੀ ਜ਼ਿੰਦਗੀ ਦੇ ਵਾਰੰਟ ਆ ਚੁੱਕੇ ਸਨ ਅਤੇ ਹੁਣ ਜੱਜ ਅੱਗੇ ਪੇਸ਼ ਹੋਣਾ ਹੀ ਪੈਣਾ ਸੀ। ਇਸ ਤੋਂ ਬਿਨਾ ਕੋਈ ਹੋਰ ਚਾਰਾਜ਼ੋਈ ਨਹੀਂ ਸੀ। ਕੀ ਹੁਣ ਮੈਂ ਮਾਪਿਆਂ ਦੇ ਫ਼ੈਸਲੇ ਅੱਗੇ ਹਥਿਆਰ ਸੁੱਟ ਦੇਵਾਂ...? ...ਤੇ ਪਾਵੀ ਨੂੰ ਹਮੇਸ਼ਾ ਲਈ "ਅਲਵਿਦਾ" ਆਖ ਦੇਵਾਂ...? ਹੁਣ ਉਸ ਨੂੰ ਪਾਵੀ ਉਪਰ ਗੁੱਸਾ ਆਉਣ ਲੱਗ ਪਿਆ। ...ਪਤਾ ਨਹੀਂ ਕਿਹੜੀ ਕੁੱਟ ਜਾ ਕੇ ਲੁਕ ਕੇ ਬੈਠ ਗਿਆ...? ਬੰਦਾ ਹੁੰਦੈ, ਫ਼ੋਨ ਹੀ ਕਰ ਲੈਂਦੈ...। ਪਰ ਇਹ ਬੇਵਕੂਫ਼ ਜਿਆ ਤਾਂ ਪਤਾ ਨਹੀਂ ਕਿੱਥੇ ਮੋਨ ਵਰਤ ਰੱਖ ਕੇ ਬੈਠ ਗਿਆ...?

ਉਹ ਅਣਮੰਨੇ ਮਨ ਨਾਲ਼ ਉਠ ਕੇ ਬਾਪ ਕੋਲ਼ ਆ ਗਈ।

ਦਾਰੂ ਪੀਂਦਾ ਰਾਠੌਰ "ਮੋਰ" ਬਣਿਆਂ ਬੈਠਾ ਪੈਹਲ ਪਾਉਣ ਲਈ ਤਿਆਰ ਸੀ।

-"ਓਏ ਆ ਬਈ ਮੇਰਿਆ ਸੋਹਣਿਆਂ ਪੁੱਤਾ...!" ਉਸ ਨੇ ਗਿਲਾਸ ਵਿਚਲੀ ਦਾਰੂ ਪੀਤੀ ਨਹੀਂ, ਇੱਕ ਤਰ੍ਹਾਂ ਨਾਲ ਹਲ਼ਕ ਵਿੱਚ ਡੋਲ੍ਹੀ ਸੀ।

-"..................!" ਮਾਣੋਂ ਨੇ ਫ਼ੌਲਾਦੀ ਚੁੱਪ ਧਾਰੀ ਹੋਈ ਸੀ।

-"ਲਿਆਓ ਬਈ, ਮੇਰੇ ਪੁੱਤ ਨੂੰ ਰੋਟੀ ਲਿਆ ਕੇ ਦਿਓ...! ਮੇਰਾ ਪੁੱਤ ਤਾਂ ਜੰਮਿਆਂ ਈ ਐਸ਼ ਕਰਨ ਤੇ ਬੁੱਲੇ ਵੱਢਣ ਵਾਸਤੇ ਐ...! ਅਸੀਂ ਸਾਡੇ ਪੁੱਤ ਦੇ ਕਦਮਾਂ 'ਚ ਮੋਹਰਾਂ ਵਿਛਾਅ ਦੇਈਏ...! ਲਿਆ ਕੇ ਦੇਹ ਰੋਟੀ, ਐਥੇ ਬੈਠੀ ਮੁਤਰ-ਮੁਤਰ ਝਾਕੀ ਜਾਨੀ ਐਂ...!" ਰਾਠੌਰ ਨੇ ਘਰਵਾਲੀ ਨੂੰ ਘੂਰਿਆ।

ਉਹ ਉਠ ਕੇ ਰਸੋਈ ਵਿੱਚ ਚਲੀ ਗਈ ਅਤੇ ਨੌਕਰਾਣੀ ਨਾਲ ਰੋਟੀ ਪੁਆਉਣ ਲੱਗ ਪਈ।

ਮਾਣੋਂ ਆਪਣੀਆਂ ਸੋਚਾਂ ਵਿੱਚ ਗਲ਼ਤਾਨ ਸੀ। ਰਾਠੌਰ ਆਪਣੀ ਵਿਸਕੀ ਵਿੱਚ ਮਸਤ ਸੀ।

ਉਸ ਨੂੰ ਕੈਨੇਡਾ ਵਾਲਾ ਰਿਸ਼ਤਾ ਪੈਰੋਂ ਉਖੇੜੀ ਫਿਰਦਾ ਸੀ। ਬਾਬਰ ਸਿੰਘ ਰਾਠੌਰ ਆਈ. ਪੀ. ਐੱਸ. ਅਫ਼ਸਰ ਸੀ। ਉਸ ਤੋਂ ਪਹਿਲਾਂ ਉਸ ਦਾ ਬਾਪ ਬੜੇ ਸ਼ਾਨਦਾਰ ਅਹੁਦੇ 'ਤੇ ਬਿਰਾਜਮਾਨ ਰਿਹਾ ਸੀ। ਮੂੰਹ ਵਿੱਚ ਸੋਨੇ ਦਾ ਚਮਚਾ ਲੈ ਕੇ ਜੰਮੇ ਰਾਠੌਰ ਨੇ ਸਾਰੀ ਜ਼ਿੰਦਗੀ ਪੂਰੀ ਐਸ਼ ਅਤੇ ਠਾਠ ਨਾਲ ਮਾਣੀ ਸੀ। ਗੁਰਿੰਦਰ, ਜਿਸ ਨੂੰ ਆਈ.ਪੀ.ਐੱਸ. ਅਫ਼ਸਰ ਰਾਠੌਰ "ਗੁੰਨੀ" ਆਖਦਾ, ਉਸ ਦਾ ਪਿਛੋਕੜ ਵੀ ਸ਼ਾਹੀ ਠਾਠ ਵਾਲੇ ਪ੍ਰੀਵਾਰ ਨਾਲ ਜੁੜਦਾ ਸੀ। ਉਸ ਦੇ ਦਾਦਾ ਜੀ ਅੰਗਰੇਜ਼ ਸਰਕਾਰ ਵੇਲੇ ਉਚ-ਅਹੁਦੇ ਉਪਰ ਬਿਰਾਜਮਾਨ ਸਨ ਅਤੇ ਬਾਪ ਪਹਿਲਾਂ ਵਕੀਲ ਅਤੇ ਫਿਰ ਜੱਜ ਲੱਗ ਗਿਆ ਸੀ। ਗ਼ਰੀਬੀ ਉਸ ਨੇ ਵੀ ਸੁਣੀ ਹੋਈ ਸੀ, ਪਰ ਕਦੇ ਦੇਖੀ ਨਹੀਂ ਸੀ। ਪਰ ਇਸ ਖਾਨਦਾਨ ਵਿੱਚ ਸਿਰਫ਼ ਇੱਕ ਮਾਣੋਂ ਹੀ ਸੀ, ਜੋ ਪਾਵੀ ਨੂੰ ਆਪਣਾ ਦਿਲ ਦੇ ਬੈਠੀ ਸੀ ਅਤੇ ਓਸੇ ਦੀ ਹੋ ਕੇ ਰਹਿ ਗਈ ਸੀ। ਉਹ ਮਾਨਸਿਕ ਤੌਰ 'ਤੇ ਪਾਵੀ ਨਾਲ਼ ਇਤਨੀ ਜੁੜ ਚੁੱਕੀ ਸੀ ਕਿ ਉਸ ਤੋਂ ਵਿਛੜਨਾ ਮਾਣੋਂ ਨੂੰ ਮਰਨ ਬਰਾਬਰ ਲੱਗਦਾ ਸੀ।

ਰੋਟੀ ਆ ਗਈ।

-"ਖਾ ਪੁੱਤ...! ਲਾ ਰੰਗ...!" ਰਾਠੌਰ ਬੋਲਿਆ।

ਪਰ ਮਾਣੋਂ ਨੂੰ ਉੱਕਾ ਹੀ ਭੁੱਖ ਨਹੀਂ ਸੀ।

ਉਸ ਨੇ ਅਣਮੰਨੇ ਜਿਹੇ ਮਨ ਨਾਲ ਚਾਰ ਬੁਰਕੀਆਂ ਰੋਟੀ ਖਾ ਲਈ।

ਇੱਕ ਗਿਲਾਸ ਗਰਮ ਦੁੱਧ ਦਾ ਪੀ ਲਿਆ।

-"ਹੁਣ ਪਾਰੋ ਨਾਲ ਰਲ਼ ਕੇ ਪੈਕਿੰਗ ਕਰ ਤੇ ਪਰਸੋਂ ਆਪਾਂ ਕੂਚ ਕਰਨੈ, ਟਿਕਟਾਂ ਬੁੱਕ ਨੇ ਪੁੱਤ...!" ਆਈ.ਪੀ.ਐੱਸ. ਬਾਪ ਨੇ ਉਸ ਨੂੰ "ਆਖਰੀ ਸਜ਼ਾ" ਸੁਣਾ ਦਿੱਤੀ।

-"ਗੁੰਨੀ...!"

-"ਬੋਲੋ...?"

-"ਮਾਣੋਂ ਦੀ ਦੇਖ ਦਿਖਾਈ ਆਪਾਂ ਆਪਣੇ ਨਵੇਂ ਘਰ ਵਿੱਚ ਹੀ ਕਰਾਂਗੇ, ਪ੍ਰੀਵਾਰ ਅਗਲੇ ਹਫ਼ਤੇ ਕੈਨੇਡਾ ਤੋਂ ਆ ਜਾਣੈ...!"

-"ਥੋੜੀ ਤਾਂ ਬਦਲੀ ਈ ਕਰਮਾਂ ਵਾਲੀ ਜਗਾਹ ਹੋਈ ਐ, ਲੱਗਦੇ ਹੱਥ ਈ ਐਡਾ ਖਾਨਦਾਨੀ ਤੇ ਅਮੀਰ ਘਰਾਣੇ ਦਾ ਰਿਸ਼ਤਾ ਮਿਲ਼ ਗਿਆ, ਮੈਂ ਤਾਂ ਧਰਤੀ ਨੂੰ ਨਮਸਕਾਰ ਕਰੂੰਗੀ ਜਿੱਦਣ 'ਹਾਂ' ਹੋਗੀ...!"

-"ਹਾਂ ਤਾਂ ਹੋਈ ਵੀ ਐ, ਅਗਲੇ ਤਾਂ ਰੱਸੇ ਤੁੜਾਉਂਦੇ ਫਿਰਦੇ ਐ ਰਿਸ਼ਤਾ ਲੈਣ ਨੂੰ...। ਖਹਿਰਾ ਕਹਿੰਦਾ ਉਹ ਤਾਂ ਕਹਿੰਦੇ ਅਸੀਂ ਤਾਂ ਆਨੰਦ ਕਾਰਜ ਕਰ ਕੇ ਕੁੜੀ ਨਾਲ਼ ਈ ਲੈ ਜਾਣੀ ਆਂ...!"

-"ਇਹ ਰਿਸ਼ਤਾ ਖਹਿਰਾ ਸਾਅਬ ਕਰਾਉਂਦੇ ਆ...?"

-"ਆਹੋ...!"

-"ਡੀ.ਜੀ.ਪੀ. ਖਹਿਰਾ...?"

-"ਤੇ ਹੋਰ ਕੀ....?"

-"ਫੇਰ ਐਦੂੰ ਵੱਡੀ ਸਾਡੀ ਕਿਸਮਤ ਕੀ ਹੋਊ...?"

-"ਤੂੰ ਪਾਰੋ ਨੂੰ ਮਾਣੋਂ ਨਾਲ਼ ਤੋਰ ਤੇ ਇਹਨਾਂ ਦੀ ਪੈਕਿੰਗ ਕਰਵਾ..! ਟਰੇਨ ਪਰਸੋਂ ਤਿੰਨ ਵਜੇ ਤੁਰਨੀ ਐਂ...!"

-"ਤੜਕੇ ਜਾਂ ਆਥਣੇ...?"

-"ਬਾਅਦ ਦੁਪਿਹਰ, ਤਿੰਨ ਵਜੇ...!"

-"ਕੁੜ੍ਹੇ ਪਾਰੋ...!" ਮਾਂ ਨੇ ਨੌਕਰਾਣੀ ਨੂੰ ਅਵਾਜ਼ ਮਾਰੀ।


-"ਜੀ ਬੀਬੀ ਜੀ...?" ਪਾਰੋ ਹਾਜ਼ਰ ਸੀ।

-"ਛੁੱਟੀ ਮਾਰ ਕੇ ਮਾਣੋਂ ਦੀ ਪੈਕਿੰਗ ਸ਼ੁਰੂ ਕਰੋ, ਮੈਂ ਵੀ ਆਉਨੀ ਆਂ...!"

-"ਜੀ ਬੀਬੀ ਜੀ...!" ਪਾਰੋ ਤੁਰ ਗਈ।

## ਕਾਂਡ 21

ਮਾਣੋਂ ਦੀ ਪੈਕਿੰਗ ਸ਼ੁਰੂ ਹੋ ਗਈ। ਮਾਣੋਂ ਨੂੰ ਮਹਿਸੂਸ ਹੋਇਆ ਕਿ ਉਸ ਦੀ ਮੌਤ ਤੋਂ ਬਾਅਦ ਉਸ ਦੇ ਸਸਕਾਰ ਦਾ ਸਮਾਨ ਤਿਆਰ ਕੀਤਾ ਜਾ ਰਿਹਾ ਸੀ। ਗੁਆਂਢੀ ਘਰੋਂ ਰੇਡੀਓ 'ਤੇ ਕੋਈ ਗੀਤ ਵੱਜ ਰਿਹਾ ਸੀ, "ਮਾਪਿਆਂ ਨੇ ਝਿੜਕ ਦਿੱਤੀ, ਕੁੜੀ ਬੈਠ ਕੇ ਧੂੰਏਂ ਦੇ ਪੱਜ ਰੋਈ...!" ਬੇਵੱਸ ਮਾਣੋਂ ਤਾਂ ਕਿਸੇ ਧੂੰਏਂ ਦੇ ਪੱਜ ਵੀ ਰੋ ਨਹੀਂ ਸਕਦੀ ਸੀ। ਅੱਜ ਕੱਲ੍ਹ ਨਾ ਤਾਂ ਕੋਈ ਚੁੱਲ੍ਹਾ ਸੀ ਅਤੇ ਨਾ ਹੀ ਕੋਈ ਧੂੰਆਂ! ਅੱਜ ਕੱਲ੍ਹ ਨਾ ਤਾਂ ਬੇਰੀਆਂ ਨੂੰ ਬੇਰ ਲੱਗਦੇ ਸਨ, ਅਤੇ ਨਾ ਹੀ ਬੇਰ ਤੋੜਨ ਦੇ ਬਹਾਨੇ ਕਿਸੇ ਸੱਜਣ ਬੇਲੀ ਨੂੰ ਮਿਲਣ ਜਾਂਦਾ ਸੀ। ਅੱਜ ਕੱਲ੍ਹ ਦੀਆਂ ਗੁੱਡੀਆਂ ਪਟੋਲ੍ਹੇ ਆਪਣੇ ਰੰਗ ਵਟਾ ਗਏ ਸਨ ਅਤੇ ਮਿਲਣੀ ਗਿਲਣੀ ਵਿੱਚ ਵੀ ਫ਼ਰਕ ਆ ਗਿਆ ਸੀ। ਮਾਣੋਂ ਓਪਰੇ ਜਿਹੇ ਮਨ ਨਾਲ਼ ਪੈਕਿੰਗ ਕਰਦੀ ਵਾਰ-ਵਾਰ ਖਿੜਕੀ ਵਿੱਚੋਂ ਬਾਹਰ ਦੇਖਦੀ ਸੀ, ਜਿਵੇਂ ਉਸ ਨੂੰ ਕੋਈ ਮਿਲਣ ਆਉਣ ਵਾਲ਼ਾ ਸੀ। ਉਸ ਦਾ ਦਿਲ ਕਰਦਾ ਸੀ ਕਿ ਪਾਵੀ ਹੁਣ




'ਡੋਰ-ਬੈੱਲ' ਖੜਕਾਵੇ ਅਤੇ ਉਹ ਭੱਜ ਕੇ ਉਸ ਦੀ ਹਿੱਕ ਨਾਲ਼ ਜਾ ਲੱਗੇ ਅਤੇ ਉਸੇ ਵਿੱਚ ਹੀ ਸਮਾਅ ਜਾਵੇ।

ਉਸ ਨੇ ਸ਼ਾਮ ਨੂੰ ਅੱਖ ਬਚਾ ਕੇ ਪਾਵੀ ਦੇ ਦੋਸਤ ਨੂੰ ਫ਼ੋਨ ਕੀਤਾ ਅਤੇ ਪਾਵੀ ਬਾਰੇ ਪੁੱਛਿਆ।

ਪਰ ਉੱਤਰ ਨਿਰਾਸ਼ਾ ਭਰਿਆ ਹੀ ਮਿਲ਼ਿਆ। ਕਿਸੇ ਨੂੰ ਵੀ ਨਹੀਂ ਪਤਾ ਸੀ ਕਿ ਉਸ ਦਾ ਪ੍ਰੀਵਾਰ ਅਤੇ ਪਾਵੀ ਕਿਹੜੇ ਅੰਬਰ ਉਡਾਰੀ ਮਾਰ ਗਿਆ ਸੀ...? ਹੁਣ ਮਾਣੋਂ ਨੂੰ ਪਾਵੀ ਉਪਰ ਗੁੱਸਾ ਆਉਣਾ ਸ਼ੁਰੂ ਹੋ ਗਿਆ। ਪੂਰੇ ਪੰਜ ਦਿਨ ਹੋ ਗਏ ਸਨ, ਪਰ ਉਸ ਦੀ ਕੋਈ ਉੱਘ-ਸੁੱਘ ਨਹੀਂ ਸੀ। ਕੀ ਪਾਵੀ ਇਤਨਾ ਅਣਭਿੱਜ, ਬੇਪ੍ਰਵਾਹ ਅਤੇ ਨਿਰਮੋਹਾ ਸੀ ਕਿ ਪੰਜ ਦਿਨਾਂ ਵਿੱਚ ਉਸ ਨੂੰ ਇੱਕ ਵਾਰ ਵੀ ਮਾਣੋਂ ਦੀ ਯਾਦ ਨਹੀਂ ਆਈ ਸੀ...? ਜਾਂ ਕਿਤੇ ਉਹ ਜਾਣ ਬੁੱਝ ਕੇ ਹੀ ਮੇਰੇ ਤੋਂ ਕਿਨਾਰਾ ਤਾਂ ਨਹੀਂ ਕਰ ਗਿਆ...? ਜਾਂ ਕਿਤੇ ਮੇਰੇ ਤੋਂ ਖਹਿੜਾ ਛੁਡਾਉਣ ਲਈ ਕਿਸੇ ਪਾਸੇ ਤਿਲ੍ਹਕ ਤਾਂ ਨਹੀਂ ਗਿਆ...? ਜਿਵੇਂ ਮਾਂ ਅਕਸਰ ਹੀ ਆਖਦੀ ਹੁੰਦੀ ਹੈ ਕਿ ਮਰਦ ਧੋਖੇਬਾਜ਼ ਹੁੰਦੇ ਨੇ, ਕਿਤੇ ਪਾਵੀ ਵੀ ਦਗੇਬਾਜ਼ ਤਾਂ ਨਹੀਂ...? ਕਿਹੜਾ ਕੋਈ ਕਿਸੇ ਦੇ ਅੰਦਰ ਵੜਿਆ ਹੁੰਦੈ...? ਪਰ ਪਾਵੀ ਨਾਲ ਕੋਈ ਦੁਰਘਟਨਾ ਵੀ ਵਾਪਰ ਸਕਦੀ ਐ...? ਇਹ ਸੋਚ ਕੇ ਮਾਣੋਂ ਦਾ ਹਿਰਦਾ ਕੰਬ ਉਠਿਆ। ...ਹੇ ਸੱਚਿਆ ਪਾਤਿਸ਼ਾਹ, ਮੇਰੇ ਪਾਵੀ ਨੂੰ ਕੁਛ ਨਾ ਹੋਵੇ..! ਮੇਰੀ ਚਾਹੇ ਜਾਨ ਲੈ ਲਵੀਂ...।

ਦੋ ਦਿਨ ਮਾਣੋਂ ਦੇ ਪਾਵੀ ਦੀ ਉਡੀਕ ਵਿੱਚ ਹੀ ਨਿਕਲ਼ ਗਏ।

ਉਸ ਦਾ ਇੱਕ-ਇੱਕ ਪਲ ਵਰ੍ਹੇ ਵਾਂਗ ਲੰਘਦਾ ਸੀ। ਵਿਛੋੜੇ ਦਾ ਇੱਕ-ਇੱਕ ਪਲ ਮਾਣੋਂ ਦੇ ਸੀਨੇ ਬਰਛੀ ਮਾਰਦਾ ਸੀ, ਜੋ ਨਾਲ਼ ਦੀ ਨਾਲ਼ ਰੂਹ ਨੂੰ ਵੀ ਪਰੋਅ ਜਾਂਦਾ ਸੀ।

-"ਬੀਬੀ ਜੀ, ਪਾਵੀ ਸਾਅਬ ਨੀ ਮਿਲਣ ਆਏ ਤੁਹਾਨੂੰ...?" ਪਾਰੋ ਨੇ ਚਾਣਚੱਕ ਸੁਆਲ ਕੀਤਾ।

-"..........!" ਮਾਣੋਂ ਨੇ ਹਾਉਕੇ ਵਰਗਾ ਲੰਮਾਂ ਸਾਹ ਲਿਆ। ਪਰ ਬੋਲ ਨਾ ਸਕੀ। ਪਰ ਉਸ ਦਾ ਦਿਲ ਕੀਤਾ ਕਿ ਉਹ ਹਮ-ਉਮਰ ਪਾਰੋ ਨੂੰ ਘੁੱਟ ਕੇ ਗਲਵਕੜੀ ਪਾ ਲਵੇ। ਉਸ ਨੂੰ ਪਾਰੋ ਦਾ ਅਥਾਹ ਮੋਹ ਆਇਆ।

-"ਪਾਰੋ, ਤੂੰ ਕਦੇ ਕਿਸੇ ਨੂੰ ਮੁਹੱਬਤ ਕੀਤੀ ਐ...?" ਪਤਾ ਨਹੀਂ ਇਹ ਸੁਆਲ ਮਾਣੋਂ ਨੇ ਪਾਰੋ ਨੂੰ ਕਿਉਂ ਪੁੱਛਿਆ ਸੀ?

-"ਮੁਹੱਬਤ...? ਕਿੱਥੇ ਬੀਬੀ ਜੀ...! ਛੇ ਸਾਲ ਦੀ ਸੀ, ਜਦੋਂ ਮੇਰੀ ਮਾਂ ਮਰ ਗਈ ਸੀ..।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 34 'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**621. ਸਤਸੰਗਤਿ ਕੀ ਹੈ ਤੇ ਸਤਸੰਗਤਿ ਦੀ ਮਹਿਮਾ ਕੀ ਹੈ?**

"ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥ ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥4॥ ਅੰਗ 1280" । ਧੰਨ ਧੰਨ ਧੰਨ ਧੰਨ ਧੰਨ ਹੈ ਸਤਿਗੁਰੂ ਦੀ ਸਤਸੰਗਤਿ ਜਿੱਥੇ ਮਿਲਕੇ ਪ੍ਰਭੂ ਦਾ ਨਾਮ ਬੋਲਿਆ ਤੇ ਉਚਾਰਨ ਕੀਤਾ ਜਾਂਦਾ ਹੈ । "ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥ ਅੰਗ 1313" । ਅਗਲੇ ਗੁਰਵਾਕ ਦਰਸਾਉਂਦੇ ਹਨ ਕਿ ਪ੍ਰਭੂ ਅੱਗੇ ਸਤਸੰਗਤਿ ਨਾਲ਼ ਮਿਲਾਪ ਦੀ ਬੇਨਤੀ ਕਰਨੀ ਚਾਹੀਦੀ ਹੈ । ਹੇ ਪ੍ਰਭੂ! ਕਿਰਪਾ ਕਰਕੇ ਸਾਨੂੰ ਸਤਸੰਗਤਿ ਨਾਲ਼ ਮੇਲੋ ਜਿਸ ਨਾਲ਼ ਮਾਇਆ ਤੇ ਜਮਾਂ ਦੀ ਜਾਲੀ ਟੁੱਟ ਜਾਂਦੀ ਹੈ । "ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮ ਜਾਲੀ ॥1॥ ਰਹਾਉ ॥ ਅੰਗ 1134" । ਗੋਬਿੰਦ ਜੀਉ, ਸਤਸੰਗਤਿ ਨਾਲ਼ ਮਿਲਾਓ ਤਾਂ ਕਿ ਅਸੀਂ ਹਰੀ ਦਾ ਨਾਮ ਧਿਆਈਏ, ਅਡੋਲਤਾ ਨਾਲ਼ ਪ੍ਰਭੂ ਦੀ ਯਾਦ ਵਿਚ ਸਮਾਧੀ ਲਗਾਈਦੀ ਹੈ, ਜਿਸ ਨਾਲ਼ ਹਉਮੈ ਦਾ ਰੋਗ ਚਲੇ ਗਿਆ ਤੇ ਆਤਮਿਕ ਆਨੰਦ ਮਿਲ ਗਿਆ । "ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥ ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥1॥ ਰਹਾਉ॥ ਅੰਗ 1179" । ਗੁਰ ਉਪਦੇਸ਼ ਹੈ ਕਿ ਸਤਸੰਗਤਿ ਨੂੰ ਮਿਲਕੇ ਪ੍ਰਭੂ ਦੇ ਨਾਮ ਨੂੰ ਸਲਾਹੋ (ਜਿਸ ਨਾਲ਼) ਪਰਮੇਸ਼ਰ ਤੁਹਾਡਾ ਮਿੱਤਰ ਬਣ ਜਾਵੇਗਾ । "ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ॥7॥ ਅੰਗ 1026" । ਸਤਸੰਗਤਿ ਵਿਚ ਪ੍ਰਭੂ ਦੀ ਉਸਤਤੀ ਹੁੰਦੀ ਹੈ, ਸਾਧ (ਗੁਰੂ) ਦੀ ਸੰਗਤਿ ਵਿਚ ਪ੍ਰਭੂ ਮਿਲਦਾ ਹੈ । ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥ ਅੰਗ 311" । ਸਰਬ ਵਿਆਪਕ ਪ੍ਰਭੂ ਰੂਪ ਸਤਿਗੁਰੂ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਹੈ ਤੇ ਗੁਰੂ ਦੀ ਸੰਗਤਿ ਗੁਰੂ ਨਾਲ਼ ਪ੍ਰੇਮ ਕਰਦੀ ਹੈ । ਜਿਹੜੇ ਮਨੁੱਖ ਸਤਸੰਗਤਿ ਤੇ ਸਤਿਗੁਰੂ ਦੀ ਸੇਵਾ ਕਰਦੇ ਹਨ, ਗੁਰੂ ਉਹਨਾਂ ਨੂੰ ਪਰਮਾਤਮਾ ਨਾਲ ਮਿਲਾ ਦਿੰਦਾ ਹੈ । "ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥ ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥ ਅੰਗ 1424" । ਇਸ ਕਰਕੇ, ਕਬੀਰ ਜੀ ਹਦਾਇਤ ਕਰਦੇ ਹਨ ਕਿ ਆਪਣੇ ਗੁਰੂ ਤੋਂ ਬਲਿਹਾਰ ਜਾਓ ਤੇ ਉਸਦੀ ਸੰਗਤਿ ਵਿਚ ਮਿਲ ਕੇ ਰਹੋ । "ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ॥3॥4॥48॥ ਅੰਗ 333" । ਸਤਿਗੁਰੂ ਰਾਮ ਦਾਸ ਜੀ ਬਖਸ਼ਿਸ਼ ਕਰਦੇ ਹਨ ਕਿ ਸਤਿਗੁਰੂ ਦੀ ਸਤਸੰਗਤਿ ਉੱਤਮ ਹੈ ਜਿੱਥੇ ਕਿ ਮਨੁੱਖ ਹਰੀ ਪ੍ਰਭੂ ਦੇ ਗੁਣ ਗਾਉਂਦਾ ਹੈ । ਹੇ ਹਰੀ! ਮੇਹਰ ਕਰ, ਮੈਨੂੰ ਸਤਸੰਗਤਿ ਮਿਲਾ, ਉਥੇ ਮੈਂ ਤੇਰੇ ਸੰਤ ਜਨਾਂ ਦੇ ਪੈਰ ਧੋਵਾਂਗਾ । "ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥ ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥2॥ ਅੰਗ 731" । ਭਗਤ ਰਵੀਦਾਸ ਜੀ ਬੇਨਤੀ ਕਰਦੇ ਹਨ ਕਿ ਹੇ ਮਾਇਆ ਦੇ ਪਤੀ ਪ੍ਰਭੂ! (ੳ) ਮੈਂ ਤੇਰੀ ਸਤਸੰਗਤਿ ਦੀ ਸ਼ਰਨ ਲਈ ਹੈ । ਮੇਰੇ ਵਿਚ ਅਉਗਣ ਹਨ ਤੇ ਤੂੰ ਉਪਕਾਰ ਕਰਕੇ ਅਉਗਣਾਂ ਨੂੰ ਬਖਸ਼ ਦਿੰਦਾ ਹੈਂ । "ਮਾਧਉ ਸਤ ਸੰਗਤਿ ਸਰਨਿ ਤੁਮ੍ਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥1॥ ਰਹਾਉ ॥ ਅੰਗ 486" । ਅਤੇ (ਅ) ਸਤਸੰਗਤਿ ਨਾਲ਼ ਮਿਲ ਕੇ ਰਹੀਏ, ਜਿੱਦਾਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਵਿਚ (ਟਿਕੀਆਂ ਰਹਿੰਦੀਆਂ ਹਨ) । "ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥2॥ ਅੰਗ 486" ।

ਸਤਸੰਗਤਿ ਲਈ ਸੰਤ ਸੰਗਾਹਿ, ਸੰਤ ਸੰਗਾਰ, ਸੰਤ ਸੰਗਾਰਾ, ਸੰਤ ਸੰਗੇਣ, ਸੰਤ ਸੰਗਨਾ, ਸੰਤ ਸੰਗਾਇਆ, ਸੰਤ ਸੰਗੇ, ਸੰਤ ਸੰਗਤੀ ਅਤੇ ਸੰਗਿ ਸੰਤਨ ਲਫਜ਼ ਵੀ ਵਰਤੇ ਗਏ ਹਨ ਤੇ ਇਹਨਾਂ ਦਾ ਫਲ ਉਹੀ ਹੈ ਜਿਸਦਾ ਆਪਾਂ 'ਸਤਸੰਗਤਿ' ਦੇ ਸਿਰਲੇਖ ਹੇਠਾਂ ਵਿਚਾਰ ਕਰ ਚੁੱਕੇ ਹਾਂ । ਇਕ ਸੰਤ ਸੰਗਿ ਤੇ ਸੁੰਦਰ ਗੁਰਵਾਕ ਹੈ "ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ 293" । ਅਤੇ ਇਕ 'ਸੰਗਿ ਸੰਤਨ' ਤੇ ਸੁੰਦਰ ਗੁਰਵਾਕ ਹੈ, "ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥4॥1॥ ਅੰਗ 700" ।

ਸਾਧਸੰਗਤਿ: ਸਤਸੰਗਤਿ ਲਈ ਸ਼ਬਦ ਸਾਧਸੰਗਤਿ ਵੀ ਵਰਤਿਆ ਗਿਆ ਹੈ! ਕਿਉਂਕਿ ਸਾਧ ਤੇ ਸੰਤ ਦੋਨੋਂ ਪ੍ਰਭੂ ਰੂਪ ਹੁੰਦੇ ਹਨ!

"ਨਾਨਕ ਸਾਧ ਪ੍ਰਭ ਭੇਦੁ ਨ ਭਾਈ॥8॥7॥ ਅੰਗ 272", "ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥ ਅੰਗ 208" । ਅਤੇ "ਸੰਤਾ ਕਉ ਮਤਿ ਕੋਈ ਨਿੰਦਹੁ, ਸੰਤ ਰਾਮੁ ਹੈ ਏਕੋੁ ॥ ਅੰਗ 793" ।

ਜੋ ਮਹਾਤਮ ਸਤਸੰਗਤਿ ਦਾ ਹੈ, ਉਹੀ ਸਾਧਸੰਗਤਿ ਦਾ ਹੈ । ਪ੍ਰਮਾਣ ਵਜੋਂ ਕੁਛ ਗੁਰਵਾਕ ਅੱਗੇ ਦਿੱਤੇ ਗਏ ਹਨ:

ਮੈਂ ਸਾਧਸੰਗਤਿ ਤੋਂ ਸਦਕੇ ਜਾਂਦਾ ਹਾਂ ਤੇ ਸਾਧਸੰਗਤਿ ਨੂੰ ਆਪਣੀ ਜਿੰਦ ਕੁਰਬਾਨ ਕਰਦਾ ਹਾਂ । ਸਾਧਸੰਗਤਿ ਤੋਂ ਮਨ ਵਿਚ (ਪ੍ਰਭੂ ਦੇ ਸਿਮਰਨ ਦੀ) ਸੂਝ ਪੈਦਾ ਹੁੰਦੀ ਹੈ ਤੇ ਸਰਬ ਵਿਆਪਕ ਤੇ ਸ੍ਰੇਸ਼ਟ ਗਿਆਨ ਵਾਲ਼ਾ ਵਾਹਿਗੁਰੂ ਮਿਲ ਪੈਂਦਾ ਹੈ । "ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥ ਅੰਗ 43" । ਸਾਧਸੰਗਤਿ ਵਿਚ ਮਨ ਨਿਰਮਲ ਹੁੰਦਾ ਹੈ ਤੇ ਜਮ ਦੀ ਫਾਹੀ ਕੱਟੀ ਜਾਂਦੀ ਹੈ । "ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ ਅੰਗ 44" । ਹੇ ਨਾਨਕ! ਸਾਧਸੰਗਤਿ ਵਿਚ ਪ੍ਰਭੂ ਦੇ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ; (ਸਾਧਸੰਗਤਿ ਵਿਚ) ਗੁਰੂ ਨੂੰ ਮਿਲ ਕੇ ਜਮ ਦਾ ਡਰ ਦੂਰ ਹੋ ਜਾਂਦਾ ਹੈ। "ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ ਅੰਗ 598" । ਸਾਧਸੰਗਤਿ ਦੇ ਦਰਸ਼ਨਾਂ ਨਾਲ਼ ਜਨਮ ਮਰਨ ਦਾ ਡਰ ਚੁੱਕਿਆ ਜਾਂਦਾ ਹੈ । "ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥3॥ ਅੰਗ 207" । ਸਾਧਸੰਗਤਿ 'ਚ ਮਿਲਕੇ ਪ੍ਰਭੂ ਦਾ ਸਿਮਰਨ ਕਰਨ ਨਾਲ਼ ਮੌਤ ਦਾ ਦੁੱਖ ਦੂਰ ਹੋ ਜਾਂਦਾ ਹੈ। "ਮਿਲਿ ਸਾਧਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ ॥1॥ ਅੰਗ 1322"। ਇਸ ਕਰਕੇ ਗੁਰ ਉਪਦੇਸ਼ ਹੈ ਕਿ ਸਤਿਗੁਰੂ ਦੀ ਸੰਗਤ ਸੋਹਣੀ ਹੈ, ਸਾਧਸੰਗਤਿ ਨੂੰ ਮਿਲਕੇ ਸਰਬ ਵਿਆਪਕ ਵਾਹਿਗੁਰੂ ਦਾ ਸਿਮਰਨ ਕਰੋ । "ਸਤਿਗੁਰ ਸਾਧਸੰਗਤਿ ਹੈ ਨੀਕੀ ਮਿਲਿ ਸੰਗਤਿ ਰਾਮੁ ਰਵੀਜੈ ॥ ਅੰਗ 1324" ।

ਸਾਧਸੰਗਤਿ (ਦੇ ਘਰ) ਵਿਚ ਇਕੋ ਸਦਾ ਥਿਰ ਪ੍ਰਭੂ ਵਸਦਾ ਹੈ । "ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥1॥ ਅੰਗ 45" । ਸਾਧਸੰਗਤਿ ਵਿਚ ਹਰੀ ਨਾਮ ਦਾ ਖਜ਼ਾਨਾ ਹੈ । "ਸਾਧਸੰਗਤਿ ਨਿਧਿ ਹਰਿ ਕੋ ਨਾਮ ॥ ਅੰਗ 1300" ।

ਸਾਧਸੰਗਤਿ ਰਾਹੀਂ ਸੱਚੇ ਪ੍ਰਭੂ ਦਾ ਨਾਮ ਮਨ 'ਚ ਵਸ ਜਾਂਦਾ ਹੈ । "ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ ਅੰਗ 51"। ਸਾਧਸੰਗਤਿ ਨਾਲ਼ ਸੰਗ ਨਾ ਕਰਨ ਕਰਕੇ ਜੀਵ ਬਹੁਤ ਜੋਨੀਆਂ 'ਚ ਪੈਣ ਦਾ ਦੁੱਖ ਪਾਉਂਦਾ ਹੈ । "ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ ਅੰਗ 77"।

**ਬਾਕੀ ਅਗਲੇ ਹਫ਼ਤੇ**

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £105 ☐
1 YEAR ---- £205 ☐
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।
NAME....................................................................................
ADDRESS...............................................................................
..........................................POST CODE...............................
TEL.......................................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

## ਹੀਥਰੋ ਤੇ ਯੂਰਪ ਦੇ ਹੋਰ ਹਵਾਈ ਅੱਡਿਆਂ 'ਤੇ ਯਾਤਰੀਆਂ ਨੂੰ ਪ੍ਰੇਸ਼ਾਨੀ



ਹੀਥਰੋ ਸਣੇ ਕਈ ਯੂਰਪੀ ਹਵਾਈ ਅੱਡਿਆਂ ਤੇ ਅੱਜ ਵੀ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨ ਯੂਰਪ ਦੇ ਕਈ ਦੇਸ਼ਾਂ ਵਿਚ ਹਵਾਈ ਯਾਤਰਾ ਕਰਨ ਲਈ ਚੈਕ ਇਨ ਤੇ ਬੋਰਡਿੰਗ ਪ੍ਰਣਾਲੀ ਤੇ ਸਾਈਬਰ ਹਮਲਾ ਹੋਇਆ ਸੀ ਜਿਸ ਕਾਰਨ ਵੱਡੀ ਗਿਣਤੀ ਉਡਾਣਾਂ ਜਾਂ ਤਾਂ ਰੱਦ ਕਰਨੀਆਂ ਪਈਆਂ ਸਨ ਜਾਂ ਦੇਰੀ ਨਾਲ ਚੱਲੀਆਂ ਸਨ ਤੇ ਇਹੀ ਹਾਲਾਤ ਅੱਜ ਵੀ ਜਾਰੀ ਰਹੇ।ਬਰੱਸਲਜ਼ ਏਅਰਪੋਰਟ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਸਮੱਸਿਆ ਹਾਲੇ ਹੱਲ ਨਹੀਂ ਹੋਈ ਜਿਸ ਕਰ ਕੇ ਉਨ੍ਹਾਂ ਏਅਰਲਾਈਨਾਂ ਨੂੰ ਉਨ੍ਹਾਂ ਦੀਆਂ ਅੱਧੀਆਂ ਉਡਾਣਾਂ ਨੂੰ ਰੱਦ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸਾਈਬਰ ਹਮਲੇ ਕਾਰਨ ਚੈੱਕ-ਇਨ ਸਿਸਟਮ ਨਾਲ ਜੁੜੇ ਮੁੱਦੇ ਹਾਲੇ ਤਕ ਨਹੀਂ ਸੁਲਝੇ।

# ਹੜ੍ਹ ਗੁਜ਼ਰਨ ਤੋਂ ਬਾਅਦ ਕਾਫ਼ੀ ਕੁੱਝ ਕਰਨ ਦੀ ਲੋੜ

**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ ਰੂਪਨਗਰ
9878111445





ਆਫ਼ਤ ਗੁਜਰ ਜਾਂਦੀ ਹੈ, ਪਰ ਉਸ ਤੋਂ ਬਾਅਦ ਦਾ ਖ਼ੌਫ਼ ਹੋਰ ਵੀ ਵੱਡਾ ਬਣ ਜਾਂਦਾ ਹੈ। ਉਂਞ ਤਾਂ ਪੰਜਾਬੀ ਦਲੇਰ ਹਨ ਪਰ ਆਫ਼ਤ ਤਾਂ ਆਫ਼ਤ ਹੀ ਹੁੰਦੀ ਹੈ। ਹੜ੍ਹ ਗੁਜ਼ਰਨ ਤੋਂ ਬਾਅਦ ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਵੱਡੀ ਬਣ ਗਈ ਹੈ।ਅਸਲ ਪਰਖ ਦਾ ਸਮਾਂ ਹੁਣ ਹੈ।ਲੋਕਰਾਜ ਦੀ ਮੁੱਖ ਪਹਿਚਾਣ ਅਰਥ ਵਿਵਸਥਾ ਨੂੰ ਤਹਿਸ਼ ਨਹਿਸ਼ ਕਰਕੇ ਹੜ੍ਹਾਂ ਨੇ ਤੈ ਕੀ ਦਰਦ ਨ ਆਇਆ ਦਾ ਫ਼ਲਸਫ਼ਾ ਚੇਤੇ ਕਰਵਾ ਦਿੱਤਾ ਹੈ। ਇਸ ਵਾਰ ਹੜ੍ਹ ਕੁਦਰਤੀ ਕਰੋਪੀ ਦਾ ਸਿਖਰ ਹੋ ਨਿਬੜੇ। ਸੈਂਤੀ ਸਾਲ ਪਹਿਲਾਂ ਵਾਲਾ ਇਤਿਹਾਸ ਦੁਹਰਾ ਦਿੱਤਾ। ਹੜ੍ਹਾਂ ਨੂੰ ਨਿਰਾਪੁਰਾ ਕੁਦਰਤ ਦੀ ਕਰੋਪੀ ਸਮਝ ਕੇ ਬੁੱਤਾ ਸਾਰਨ ਲਈ ਬਚਕਾਨਾ ਕਾਰਵਾਈ ਕੀਤੀ ਜਾਂਦੀ ਹੈ। ਹਕੀਕਤ ਵਿੱਚ ਕੁੱਝ ਹੋਰ ਵੀ ਹੈ। ਕੁਦਰਤੀ ਕਰੋਪੀ ਦੇ ਖੇਮੇ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਸੁੱਟ ਕੇ ਅੱਜ ਤੱਕ ਜ਼ਿੰਮੇਵਾਰੀ ਤੋਂ ਭੱਜਣਾ ਹੀ ਸਾਡੀ ਪ੍ਰਵਿਰਤੀ ਹੈ। ਹੜ੍ਹ ਕੁਦਰਤੀ ਆਫ਼ਤ ਅਤੇ ਮਨੁੱਖ ਰਾਹੀਂ ਸਹੇੜੀਆਂ ਅਲਾਮਤਾਂ ਦਾ ਸਿਖ਼ਰ ਵੀ ਹੁੰਦਾ ਹੈ।ਅੱਜ ਵੀ ਕੁਦਰਤ ਨਾਲ ਖਿਲਵਾੜ ਬੇਰੋਕ ਅਤੇ ਬੇਟੋਕ ਜਾਰੀ ਹੈ। ਹੜ੍ਹ ਸੁੱਕੀ ਧਰਤੀ ਨੂੰ ਪਾਣੀ ਵਿੱਚ ਡੁੱਬਣ ਦੇ ਨਕਸ਼ੇ ਨੂੰ ਕਿਹਾ ਜਾਂਦਾ ਹੈ। ਹੜ੍ਹ, ਤਾਪਮਾਨ ਦਾ ਬੇਤਰਤੀਬਾ ਵਧਣਾ, ਪ੍ਰਦੂਸ਼ਣ ਅਤੇ ਕੁਦਰਤੀ ਅਸੰਤੁਲਨ ਕਰਕੇ ਹੀ ਹੁੰਦਾ ਹੈ। ਇਸ ਤੋਂ ਇਲਾਵਾ ਹੜ੍ਹ ਤ੍ਰਾਸਦੀ ਅਤੇ ਯੋਜਨਾ ਰਹਿਤ ਵਿਕਾਸ ਕਰਕੇ ਵੀ ਹੁੰਦਾ ਹੈ। ਨਜਾਇਜ਼ ਕਬਜ਼ੇ ਵੀ ਹੜ੍ਹ ਦੀ ਸਹਾਇਤਾ ਕਰਦੇ ਹਨ। ਹਰ ਸਾਲ ਜਾਨ ,ਮਾਲ ਅਤੇ ਫ਼ਸਲ ਦਾ ਖੌਅ ਬਣਨਾ ਹੜ੍ਹ ਦੇ ਹਿੱਸੇ ਹੈ। ਮਨੁੱਖੀ ਕੁਰਲਾਹਟਾਂ ਜਾਰੀ ਰਹਿੰਦੀਆਂ ਹਨ।

ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਖ਼ਤ ਕਾਨੂੰਨ ਦੀ ਘਾਟ ਹੈ,ਜੇ ਕੋਈ ਕਨੂੰਨ ਹੈ ਵੀ ਉਹ ਰਿਸ਼ਵਤ ਅਤੇ ਸਿਆਸਤ ਦੇ ਬੋਝ ਹੇਠ ਆ ਜਾਂਦਾ ਹੈ। ਵਿਸ਼ਵ ਦੀ 13 ਫੀਸਦੀ ਅਬਾਦੀ ਹੜ੍ਹ ਦੀ ਮਾਰ ਹੇਠ ਆ ਜਾਂਦੀ ਹੈ। ਵਿਲੀਅਮ ਵਰਡਜ਼ਵਰਥ ਦਾ ਕਥਨ ਹੈ ਕਿ “ਕੁਦਰਤ ਦਾ ਨਿਯਮ ਹੈ ਕਿ ਇਸ ਨੇ ਕਦੇ ਕਿਸੇ ਨੂੰ ਧੋਖਾ ਨਹੀਂ ਦਿੱਤਾ ਇਹ ਸਾਨੂੰ ਓਹੀ ਕੁਝ ਦਿੰਦੀ ਹੈ ਜੋਂ ਅਸੀਂ ਇਸ ਨੂੰ ਦਿੰਦੇ ਹਾਂ” ਇਸ ਕਥਨ ਨੂੰ ਆਪਣੇ ਉੱਤੇ ਲਾ ਕੇ ਦੇਖੋ ਕਿ ਹੜ੍ਹ ਦੀ ਆਫ਼ਤ ਲਈ ਅਸੀਂ ਕਿੰਨੇ ਜ਼ਿੰਮੇਵਾਰ ਹਾਂ? ਹੜ੍ਹ ਅਤੇ ਹੜ੍ਹ ਤੋਂ ਬਾਅਦ ਦਾ ਮੰਜ਼ਰ ਕਈ ਤਰ੍ਹਾਂ ਦੀਆਂ ਚਰਚਾਵਾਂ ਅਤੇ ਦੂਸ਼ਣਬਾਜੀ ਛੇੜ ਦਿੰਦਾ ਹੈ, ਪਰ ਪਰਨਾਲਾ ਉਥੇ ਹੀ ਰਹਿੰਦਾ ਹੈ। ਹੜ੍ਹ ਕੁਦਰਤੀ ਆਫ਼ਤ ਵਿੱਚੋਂ ਸਭ ਤੋਂ ਖਤਰਨਾਕ ਅਤੇ ਬੇਲਗਾਮ ਹੁੰਦਾ ਹੈ। ਵਿਕਾਸ ਅਤੇ ਜ਼ਿੰਦਗੀ ਵਿੱਚ ਖੜੋਤ ਲਿਆਉਂਦਾ ਹੈ। ਇਸ ਤੇ ਕਾਬੂ ਪਾਉਣਾ ਅਸੰਭਵ ਹੁੰਦਾ ਹੈ। ਹੜ੍ਹ ਦਾ ਪਾਣੀ ਆਪਣਾ ਰਸਤਾ ਅਖ਼ਤਿਆਰ ਕਰਕੇ ਨੀਵੇਂ ਪਾਸੇ ਵੱਲ ਮਾਰ ਕਰਦਾ ਚਲਾ ਜਾਂਦਾ ਹੈ।

ਇਸ ਵਾਰ ਇਹਨਾਂ ਹੜਾਂ ਨੂੰ ਸਰਕਾਰ ਨੂੰ ਕੋਸਣਾ ਜਾਇਜ਼ ਵੀ ਨਹੀਂ ਹੈ ਇਹ ਆਫ਼ਤ ਸੀ ਸਭ ਨੂੰ ਪਤਾ ਹੈ। ਪੰਜਾਬ ਵਿੱਚ ਹਰ ਸਾਲ ਹੜ੍ਹ ਦਾ ਵਰਤਾਰਾ ਚੱਲਦਾ ਹੈ। ਹੜ੍ਹਾਂ ਦੀ ਮਾਰ ਅਤੇ ਰੋਕਥਾਮ ਲਈ ਗਿਣਤੀਆਂ ਮਿਣਤੀਆਂ ਚੱਲਦੀਆਂ ਹਨ ਆਖਰ ਫਾਇਲਾਂ ਵਿੱਚ ਦਫ਼ਨ ਹੋ ਜਾਂਦੀਆਂ ਹਨ। ਹੜ੍ਹ ਖਤਮ ਫਿਰ ਤੂੰ ਕੌਣ ਤੇ ਮੈਂ ਕੌਣ ? ਹਰ ਸਾਲ ਛੋਟੇ ਮੁਲਾਜ਼ਮ ਅਤੇ ਛੋਟਾ ਤਬਕਾ ਹੜ੍ਹ ਦੀ ਭੈਬਤ ਹੰਢਾਉਂਦੇ ਹਨ। ਵੱਡੇ ਬੇਪਰਵਾਹ ਹੋ ਕੇ ਹੜ੍ਹ ਮਾਰ ਤੋਂ ਬਚ ਜਾਂਦੇ ਹਨ। ਸਰਕਾਰ ਹੜ੍ਹ ਵਿੱਚ ਅਤੇ ਹੋਰ ਆਫ਼ਤਾਂ ਵਿੱਚ ਛੋਟੇ ਮੁਲਾਜ਼ਮਾਂ ਨੂੰ ਝੋਕ ਕੇ ਹੀ ਪ੍ਰਾਪਤੀਆਂ ਦੀ ਗਿਣਤੀ ਦੱਸ ਦਿੰਦੀ ਹੈ। ਮਈ ਜੂਨ ਤੋਂ ਸਰਕਾਰ ਉਪਰਾਲੇ ਸ਼ੁਰੂ ਕਰ ਦਿੰਦੀ ਹੈ ਪਰ ਨਤੀਜਾ ਰੰਗ ਨਹੀਂ ਲਿਆਉਂਦਾ। ਹੜ੍ਹ ਰੋਕੂ ਅਤੇ ਹੜ੍ਹ ਦੇ ਨੁਕਸਾਨ ਲਈ ਕੋਈ ਠੋਸ ਨੀਤੀ ਅਤੇ ਕਨੂੰਨ ਲਾਗੂ ਨਹੀਂ ਹੁੰਦੇ। ਹੜ੍ਹ ਮਾਰਿਆ ਨੂੰ ਮੁਆਵਜ਼ਾ ਵੀ ਥੋੜਾ ਜਿਹਾ ਦੇ ਕੇ ਮਾਨਸਿਕ ਜ਼ਲੀਲ ਕੀਤਾ ਜਾਂਦਾ ਹੈ। ਇਸ ਵਾਰ ਸਰਕਾਰ ਅਤੇ ਹੋਰ ਸੰਸਥਾਵਾਂ, ਪਾਰਟੀਆਂ ਸਭ ਫਰਜ਼ ਨਿਭਾਉਣ ਵਿੱਚ ਸਹੀ ਜਾਪਦੀਆਂ ਹਨ। ਪੰਜਾਬ ਸਰਕਾਰ ਨੇ ਜ਼ੋ ਐਲਾਨ ਕੀਤਾ ਹੈ ਉਹ ਪਹਿਲਾਂ ਨਾਲੋਂ ਸਹੀ ਕਿਹਾ ਜਾ ਸਕਦਾ ਹੈ।ਬੀਹ ਹਜ਼ਾਰ ਏਕੜ ਅਤੇ ਹੋਰ ਵੀ। ਹੜ੍ਹਾਂ ਦੇ ਦੌਰ ਸਮੇਂ ਦਮਗਜ਼ੇ ਅਤੇ ਸਿਆਸਤ ਭਾਰੂ ਹੋ ਜਾਂਦੀ ਹੈ। ਹੜ੍ਹ ਉਤਰਨ ਤੋਂ ਬਾਅਦ ਅਗਲੇ ਸਾਲ ਹੜ੍ਹ ਦੀ ਉਡੀਕ ਵਿੱਚ ਸਭ ਹੀਲੇ ਵਸੀਲੇ ਲੰਬਿਤ ਪੈ ਜਾਂਦੇ ਹਨ। ਪਿਛਲ ਸਾਲ ਤੋਂ ਪਿੱਛਲੇ ਸਾਲ 2023 ਅਤੇ ਦੇ ਜੁਲਾਈ ਦੇ ਪਹਿਲੇ ਹਫ਼ਤੇ ਭਾਰੀ ਮੀਂਹ ਨੇ ਹੜ੍ਹ ਲਿਆਂਦੇ ਸਨ। ਇਸੀ ਸਾਲ 6 ਜੁਲਾਈ ਨੂੰ 523 ਮਿਲੀਮੀਟਰ ਮੀਂਹ ਵਰ੍ਹਿਆ। ਜਦੋ ਕਿ 5 ਜੁਲਾਈ ਨੂੰ 295 ਮਿਲੀਮੀਟਰ ਅਤੇ 7 ਜੁਲਾਈ 109 ਮਿਲੀਮੀਟਰ ਮੀਂਹ ਵਰ੍ਹਿਆ ਸੀ।ਇਸ ਦੌਰਾਨ 35-38 ਜਾਨਾਂ ਵੀ ਗਈਆਂ ਸਨ। ਆਖਿਰ ਪਾਕਿਸਤਾਨ ਨੇ ਵੀ ਗੇਟ ਖੋਲ੍ਹ ਕੇ ਚੰਗੇ ਗਵਾਂਢੀ ਦਾ ਸਬੂਤ ਦਿੱਤਾ ਸੀ। ਇਸ ਨੁਕਸਾਨ ਦੀ ਭਰਪਾਈ ਕੀ ਹੋਈ ਇਹ ਤਾਂ ਸਭ ਦੇ ਸਾਹਮਣੇ ਹੈ, ਪਰ ਇਸ ਨੁਕਸਾਨ ਤੋਂ ਕੀ ਸਿੱਖਿਆ ਅਤੇ ਕੀ ਨੀਤੀ ਘੜੀ ? ਇਸ ਵਾਰੀ ਹਿਮਾਚਲ ਵਿੱਚ ਤਿੰਨ ਸੌ ਜਾਨਾਂ ਗਈਆ, ਪੰਜਾਬ ਵਿੱਚ 48 ਜਾਨਾਂ ਗਈਆ। 2050 ਪਿੰਡ ਪ੍ਰਭਾਵ ਹੇਠ ਆਏ। 387890 ਬੇਘਰ ਹੋਏ। 176986.05 ਹੈਕਟੇਅਰ ਰਕਬਾ ਪ੍ਰਭਾਵ ਹੇਠ ਆਇਆ।

ਪੰਜਾਬ ਸਰਕਾਰ ਨੇ ਸਾਰੀ ਮਸੀਨਰੀ ਝੋਕੀ ਅਤੇ 219 ਰਾਹਤ ਕੈਂਪ ਬਣਾਏ। ਪੰਜਾਬ ਵਿੱਚ ਵੱਖ ਵੱਖ ਜ਼ਿਲ੍ਹਿਆਂ ਖਿਤਿਆਂ ਵਿੱਚ ਵੱਖ ਵੱਖ ਨਦੀਆਂ ਨਾਲੇ ਦਰਿਆ ਆਦਿ ਹੜ੍ਹ ਲਿਆਉਂਦੇ ਹਨ। ਘੱਗਰ ਦਰਿਆ ਦੀ ਮਾਰ ਦਾ ਨੁਕਸਾਨ ਉੱਠਣ ਨਹੀਂ ਦਿੰਦਾ। ਸਤਲੁਜ ਦਰਿਆ ਵਿੱਚ ਸਵਾਂ ਨਦੀ ਅਤੇ ਸਰਸਾ ਨਦੀ ਡਿੱਗ ਕੇ ਡਾਕ ਲਾ ਦਿੰਦੀਆਂ ਹਨ ਜਿਸ ਨਾਲ ਸਮੁੱਚੇ ਰੂਪਨਗਰ ਨੂੰ ਨੁਕਸਾਨ ਉਠਾਉਣ ਦੇ ਨਾਲ ਹੋਰ ਜ਼ਿਲ੍ਹੇ ਵੀ ਰਗੜੇ ਜਾਂਦੇ ਹਨ। ਇਸ ਤਿੰਨਾਂ ਨਦੀਆਂ ਦੀ ਮਾਰ ਨੇ 1988 ਵਿੱਚ ਵੱਡਾ ਨੁਕਸਾਨ ਕੀਤਾ ਸੀ। ਇਸ ਹੜ੍ਹ ਦੀ ਮਾਰ ਦੀਆਂ ਪੈੜਾਂ ਅਤੇ ਪਰਛਾਵੇਂ ਅੱਜ ਵੀ ਦਿੱਖਦੇ ਹਨ। ਇਸ ਹੜ੍ਹ ਨੂੰ ਉਸ ਸਮੇਂ ਸਾਜ਼ਿਸ਼ ਵੀ ਦੱਸਿਆ ਜਾਂਦਾ ਸੀ। ਇਸ ਦਾ ਅੰਜ਼ਾਮ ਬੀਬੀਐਮੀ ਤੱਕ ਪੁੱਜਿਆ ਸੀ। ਪੰਜਾਬ ਦੇ ਕਈ ਇਲਾਕੇ ਤਾਂ ਹੜ੍ਹ ਦੀ ਮਾਰ ਲਈ ਤਿਆਰ ਹੀ ਰਹਿੰਦੇ ਹਨ। ਹਰ ਸਾਲ ਸਰਕਾਰ ਨਦੀਆਂ ਨਾਲਿਆਂ ਦੀ ਸਫ਼ਾਈ ਕਰਵਾਉਂਦੀ ਹੈ। ਇਸ ਸਫ਼ਾਈ ਦੇ ਨਾਂ ਤੇ ਮਨਰੇਗਾ ਵੀ ਸ਼ਾਹੀ ਸਵਾਰੀ ਕਰਦੀ ਹੈ। ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕੇ ਦਾ ਪਾਣੀ ਨੀਵੇਂ ਪਾਸੇ ਪੰਜਾਬ ਵੱਲ ਕੂਚ ਕਰਦਾ ਹੈ ਜੋ ਕਿ ਹੜ੍ਹ ਦੀ ਮਾਰ ਪੈਦਾ ਕਰਦੇ ਹਨ। ਪੰਜਾਬ ਦਾ ਡ੍ਰੇਨੇਜ ਵਿਭਾਗ 24 ਘੰਟੇ ਵਿੱਚ 100 ਮਿਲੀਮੀਟਰ ਪਾਣੀ ਸਾਂਭਣ ਦੀ ਸਮਰੱਥਾ ਰੱਖਦਾ ਹੈ। ਹਿਮਾਚਲ ਪ੍ਰਦੇਸ਼ ਦਾ ਪਾਣੀ ਇਸ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ। ਸਥਿੱਤੀ ਖਤਰਨਾਕ ਬਣ ਜਾਂਦੀ ਹੈ। ਜੰਗਲਾਂ ਦੀ ਕਟਾਈ ਨਾਲ ਵੀ ਪਾਣੀ ਦੀ ਮਾਰ ਹੇਠ ਰਕਬਾ ਵੱਧਦਾ ਹੈ। ਨਜਾਇਜ਼ ਮਾਈਨਿੰਗ, ਪਹਾੜਾਂ ਦੀ ਪੱਧਰਾਂ ਅਤੇ ਮੀਂਹ ਨਾਲ ਪੈਂਦੇ ਪਾੜ ਵੀ ਹੜ੍ਹ ਲਿਆਉਂਦੇ ਹਨ।

ਬੀਬੀਐਮਬੀ ਦੇ ਭੰਡਾਰ ਵਿੱਚ 1681.3 ਫੁੱਟ ਪਾਣੀ ਰੱਖਿਆ ਜਾਂਦਾ ਹੈ।ਭਾਰੀ ਮੀਂਹ ਕਾਰਨ ਇਹ ਸਤਰ ਵੱਧ ਜਾਂਦਾ ਹੈ। ਫਿਰ ਪਾਣੀ ਦੇ ਗੇਟ ਖੋਲਣੇ ਪੈਂਦੇ ਹਨ। ਅਣਕਿਆਸਿਆ ਪਾਣੀ ਕੱਢਣ ਕਰਕੇ ਹੜ੍ਹ ਦੀ ਸਥਿਤੀ ਨਾਲ ਸਤਲੁਜ ਦਰਿਆ ਦੇ ਲਾਗਲੇ ਪਿੰਡਾਂ ਦਾ ਭਾਰੀ ਨੁਕਸਾਨ ਹੋ ਜਾਂਦਾ ਹੈ। ਇਸ ਲਈ ਹੜ੍ਹ ਕੁਦਰਤੀ ਆਫ਼ਤ ਤਾਂ ਹੈ ਹੀ ਇਸ ਦੇ ਨਾਲ ਮਨੁੱਖ ਵਲੋਂ ਆਪ ਸਹੇੜੀਆਂ ਅਲਾਮਤਾਂ ਕਰਕੇ ਵੀ ਹੁੰਦਾ ਹੈ। ਧੁੱਸੀ ਬੰਨ੍ਹ ਇਸ ਵਾਰ ਵੱਧ ਨੁਕਸਾਨ ਕਰ ਗਿਆ। ਜਿਸ ਤਰ੍ਹਾਂ ਹੜ੍ਹ ਦੀ ਸਥਿਤੀ ਵਿੱਚ ਅਸੀਂ ਹਰ ਤਰਾਂ ਦਾ ਯੋਗਦਾਨ ਪਾ ਕੇ ਭਾਈਚਾਰੇ ਨੂੰ ਸਹੀ ਰੱਖਦੇ ਹਾਂ ਉਸੇ ਤਰ੍ਹਾਂ ਕੁਦਰਤ ਨਾਲ ਖਿਲਵਾੜ ਕਰਨ ਤੋਂ ਪਹਿਲ ਕਦਮੀ ਕਰਨੀ ਚਾਹੀਦੀ ਹੈ। ਸਰਕਾਰ ਵੀ ਕੁਦਰਤ ਅੱਗੇ ਬੇਵੱਸ ਹੋ ਜਾਂਦੀ ਹੈ। ਅੰਕੜੇ ਦੱਸਦੇ ਹਨ ਕਿ ਪਿਛਲੇ ਦਸ ਸਾਲਾਂ ਵਿੱਚ ਹੜ੍ਹ ਰਾਹਤ ਅਤੇ ਪੁਨਰਵਾਸ ਤੇ ਜਿੰਨਾ ਖਰਚ ਕੀਤਾ ਉਸ ਨਾਲ ਕੁਦਰਤੀ ਆਫ਼ਤਾਂ ਨੂੰ ਘੱਟ ਕਰਨ ਲਈ ਪ੍ਰਬੰਧ ਕੀਤੇ ਜਾ ਸਕਦੇ ਸਨ।ਹੜ੍ਹ ਕੁਦਰਤੀ ਆਫ਼ਤ ਨਾਲ ਅਸਰ ਨੂੰ ਘੱਟ ਕਰ ਸਕਦਾ ਹੈ ਜੇ ਅਸੀਂ ਵੀ ਕੁਦਰਤੀ ਛੇੜਛਾੜ ਦੀ ਅਲਾਮਤਾਂ ਨੂੰ ਖ਼ਤਮ ਕਰੀਏ।ਹਰ ਸਾਲ ਇੱਕ ਵਾਰ ਹੜ੍ਹ ਆਉਂਦਾ ਹੈ ਇਸ ਲਈ ਕੋਈ ਠੋਸ ਖ਼ਾਕਾ ਤਿਆਰ ਕਰਨ ਦੀ ਫਾਇਲ ਅਜੇ ਸਰਕਾਰੇ ਦਰਬਾਰੇ ਲੰਬਿਤ ਪਈ ਹੈ। ਕੁਦਰਤੀ ਆਫ਼ਤ ਨੂੰ ਨਜਿੱਠਣਾ ਸਮੂਹਿਕ ਜ਼ਿੰਮੇਵਾਰੀ ਹੁੰਦੀ ਹੈ। ਇਕੱਲੀ ਸਰਕਾਰ ਦੀ ਨਹੀਂ। ਇਸ ਵਾਰੀ ਹੜ੍ਹਾਂ ਦੀ ਮਾਰ ਨੇ ਸਭ ਪੰਜਾਬੀ ਇੱਕ ਸੂਤਰ ਵਿੱਚ ਪ੍ਰੋ ਕੇ ਜਨਤਾ ਦੀ ਭਲਾਈ ਲਈ ਇਕੱਠੇ ਕਰ ਦਿੱਤੇ। ਸਾਰੇ ਪੰਜਾਬ ਵਾਸੀਆਂ ਨੇ ਇੱਕਮੁੱਠ ਹੋ ਕੇ ਹੜ੍ਹਾਂ ਦੀ ਮਾਰ ਨੂੰ ਖੁੰਢਾ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ। ਇਹ ਅਸਲ ਮਾਅਨਿਆਂ ਵਿੱਚ ਕਾਬਲੇ ਤਾਰੀਫ਼ ਹੈ। ਹੁਣ ਭਵਿੱਖ ਦੀ ਮਾਰ ਲਈ ਹੜ੍ਹ ਨੀਤੀ ਘੜਨ ਦੀ ਜ਼ਰੂਰਤ ਹੈ।

ਹੁਣ ਖੇਤ ਮਜ਼ਦੂਰ ਅਤੇ ਛੋਟੇ ਕਿਸਾਨਾਂ ਦੀ ਜ਼ਿੰਮੇਵਾਰੀ ਸਰਕਾਰ ਦੀ ਖਾਸ ਤਰਜੀਹ ਹੋਵੇ। ਕਿਸਾਨ ਦੇ ਖੇਤਾਂ ਦਾ ਰੇਤਾ ਸਰਕਾਰ ਖਰੀਦੇ ਜਾਂ ਹੋਰ ਰੇਤਾ ਬੰਦ ਕਰਕੇ ਕਿਸਾਨਾਂ ਦੇ ਖੇਤਾਂ ਦਾ ਰੇਤਾ ਅਤੇ ਵਿਕਾਉਣ ਲਈ ਪੁੱਖਤਾ ਇੰਤਜ਼ਾਮ ਕਰੇ। ਸੁਧਰੇ ਬੀਜ ਦਿੱਤੇ ਜਾਣ। ਮਨੁੱਖਤਾ ਅਤੇ ਪਸ਼ੂਆਂ ਦੀ ਸਿਹਤ ਵਲ ਖਾਸ ਧਿਆਨ ਦਿੱਤਾ ਜਾਵੇ। ਸਰਕਾਰ ਅਤੇ ਬਾਕੀ ਸੰਸਥਾਵਾਂ ਹਰ ਪੱਧਰ ਤੋਂ ਉੱਪਰ ਉੱਠ ਕੇ ਮੁੜ ਵਸੇਬੇ ਤੱਕ ਪੂਰੀ ਵਾਹ ਲਾਉਣ। ਤੇਰੀ ਜੈ ਪੰਜਾਬੀ ਮਾਤਾ।

* * * * * * *

# ਪੰਜਾਬ ਬਚਾਓ

ਗੁਰਜਿੰਦਰ ਸਿੰਘ ਸਾਹਦੜਾ
9815302341

*ਚਿੜੀਆਂ ਦੀ ਮੌਤ ਗੰਵਾਰਾਂ ਦਾ ਹਾਸਾ।*
*ਕਿਸੇ ਦਾ ਉਜਾੜਾ, ਕਿਸੇ ਲਈ ਤਮਾਸ਼ਾ।*

ਆਏ ਦਿਨ ਸਮਾਜ ਵਿੱਚ ਕੋਈ ਨਾ ਕੋਈ ਐਸੀ ਘਟਨਾ ਵਾਪਰਦੀ ਏ ਜੋ ਬਹੁਤ ਹੀ ਕਰੂਰ ਤੇ ਮੰਦਭਾਗੀ ਹੁੰਦੀ ਏ ਤੇ ਜਿਹੜੀ ਸਾਨੂੰ ਧੁਰ ਅੰਦਰ ਤੱਕ ਵਿਚਲਿਤ ਕਰ ਦਿੰਦੀ ਏ, ਸਾਡਾ ਮਨ ਦੁੱਖ ਤੇ ਰੋਹ ਨਾਲ ਭਰ ਜਾਂਦਾ ਏ ਪਰ ਉਸ ਤੋਂ ਵੀ ਜਿਆਦਾ ਵਿਚਲਿਤ ਕਰਦਾ ਏ ਉਸ ਘਟਨਾ ਪ੍ਰਤੀ ਸਾਡਾ ਪੱਖ ਤੇ ਨਜ਼ਰੀਆ। ਅਸੀਂ ਦੇਖਦੇ ਹਾਂ ਕਿ ਮਰਨ ਵਾਲਾ ਕਿਹੜੇ ਸਮੁਦਾਇ ਜਾਂ ਭਾਈਚਾਰੇ ਤੋਂ ਹੈ ਤੇ ਮਾਰਨ ਵਾਲਾ ਕਿਹੜੇ ਤੋਂ। ਉਸ ਤੋਂ ਬਾਅਦ ਹੀ ਅਸੀਂ ਸਹੀ ਤੇ ਗਲਤ ਦਾ ਫੈਸਲਾ ਲੈਂਦੇ ਹਾਂ, ਤੈਅ ਕਰਦੇ ਹਾਂ ਕਿ ਕਿਹਦੇ ਹੱਕ ਚ ਖੜਨਾ ਹੈ ਤੇ ਉਸੇ ਹਿਸਾਬ ਨਾਲ ਆਪਣਾ ਨਜ਼ਰੀਆ ਤੇ ਵਿਚਾਰ ਪ੍ਰਗਟ ਕਰਦੇ ਹਾਂ।

ਸਿਰਫ ਚਾਰ ਕੁ ਘਟਨਾਵਾਂ ਤੇ ਉਨ੍ਹਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗਾ। ਇਨ੍ਹਾਂ ਚੋਂ ਇੱਕ ਘਟਨਾ ਤਾਂ ਹਾਲ ਹੀ ਵਿੱਚ ਹੁਸ਼ਿਆਰਪੁਰ ਵਿੱਚ ਵਾਪਰਦੀ ਹੈ। ਜਿਸ ਵਿੱਚ ਇੱਕ ਨਸ਼ਈ ਪ੍ਰਵਾਸੀ ਵਿਅਕਤੀ ('ਭਈਏ') ਵੱਲੋਂ ਇੱਕ ਪੰਜ ਸਾਲ ਦੇ ਮਾਸੂਮ ਬੱਚੇ ਨਾਲ ਬਦਫੈਲੀ ਤੋਂ ਬਾਅਦ ਬਹੁਤ ਬੇਦਰਦੀ ਤੇ ਕਰੂਰਤਾ ਨਾਲ ਉਸ ਦਾ ਕਤਲ ਕਰ ਦਿੱਤਾ ਜਾਂਦਾ ਏ। ਇਸ ਤੋਂ ਬਾਅਦ ਅਸੀਂ ਸਮੁੱਚੇ ਪ੍ਰਵਾਸੀ ਸਮਾਜ (ਗੈਰ ਪੰਜਾਬੀ) ਪ੍ਰਤੀ ਸਿੱਧੇ ਹੋ ਜਾਂਦੇ ਹਾਂ ਤੇ ਉਨ੍ਹਾਂ ਨੂੰ ਪੰਜਾਬ ਚੋਂ ਭਜਾਉਣ ਦੀਆਂ ਗੱਲਾਂ ਕਰਨ ਲੱਗਦੇ ਹਾਂ। ਨਿਰਸੰਦੇਹ ਘਟਨਾ ਬਹੁਤ ਮਾੜੀ ਏ ਤੇ ਸੰਬੰਧਿਤ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਵੀ ਮਿਲਣੀ ਚਾਹੀਦੀ ਏ ਪਰ ਸਜ਼ਾ ਦਾ ਹੱਕਦਾਰ ਸਮੁੱਚਾ ਭਾਈਚਾਰਾ ਕਿਉਂ? ਬਾਕੀ ਕੁਣਬੇ ਦਾ ਕੀ ਕਸੂਰ? ਦੂਜੀ ਘਟਨਾ ਚ ਪੰਜਾਬ ਤੋਂ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਗਏ ਤੇ ਉੱਥੇ ਗਲਤ ਤਰੀਕੇ ਨਾਲ ਲਾਈਸੈਂਸ ਬਣਾ ਕੇ ਡਰਾਇਵਰੀ ਕਰਦੇ ਟਰੱਕ ਚਾਲਕ ਪੰਜਾਬੀ ਨੌਜਵਾਨ ਦੀ ਅਣਗਹਿਲੀ, ਕਾਹਲੀ ਤੇ ਬੇਧਿਆਨੀ ਦੇ ਨਤੀਜੇ ਵਜੋਂ ਇੱਕ ਪਰਿਵਾਰ ਦੇ ਤਿੰਨ ਜੀਆਂ ਦੇ ਖਤਮ ਹੋਣ ਤੋਂ ਬਾਅਦ ਮੰਗ ਕਰਨ ਲੱਗਦੇ ਹਾਂ, ਪਟੀਸ਼ਨਾਂ ਸਾਈਨ ਕਰਦੇ ਹਾਂ ਕਿ ਉਪਰੋਕਤ ਨੌਜਵਾਨ ਸਾਡੇ ਆਪਣੇ ਸਮਾਜ ਤੇ ਭਾਈਚਾਰੇ ਦਾ ਹੈ, ਇਸ ਕਰਕੇ ਉਹਦੀ ਸਜ਼ਾ ਮੁਆਫ਼ ਕਰ ਦੇਣੀ ਚਾਹੀਦੀ ਏ। ਇਸ ਤਰਾਂ ਕਰਕੇ ਉੱਥੇ ਵੱਸਦੇ ਬਾਕੀ ਭਾਈਚਾਰੇ ਲਈ ਔਕੜਾਂ ਤੇ ਮੁਸ਼ਕਲਾਂ ਤਾਂ ਖੜੀਆਂ ਕਰਦੇ ਹੀ ਹਾਂ, ਨਾਲ ਹੀ ਉਨ੍ਹਾਂ ਨੂੰ ਸਥਾਨਕ ਲੋਕਾਂ ਦੀ ਨਫਰਤ ਦੇ ਪਾਤਰ ਵੀ ਬਣਾਉਂਦੇ ਹਾਂ। ਤੀਜੀ ਘਟਨਾ ਚ ਇੱਕ ਨੌਜਵਾਨ ਪਰਿਵਾਰ ਤੋਂ ਚੋਰੀ ਬਾਹਰ ਵਿਦੇਸ਼ ਚੋਂ ਆ ਕੇ ਪਿੰਡ ਦੇ ਇੱਕ ਬੱਚੇ ਨੂੰ ਅਗਵਾ ਕਰ ਲੈਂਦਾ ਏ। ਪੁਲਸ ਦੀ ਚੌਕਸੀ ਨਾਲ ਬੱਚਾ ਤਾਂ ਬਚ ਜਾਂਦਾ ਏ ਪਰ ਅਗਵਾਕਾਰ ਨੌਜਵਾਨ ਪੁਲਸ ਨਾਲ ਮੁੱਠਭੇੜ ਦੌਰਾਨ ਮਾਰਿਆ ਜਾਂਦਾ ਏ। ਉੱਥੇ ਅਸੀਂ ਇਹ ਰੌਲਾ ਪਾ ਲੈਂਦੇ ਹਾਂ ਕਿ ਮੁੰਡਾ ਸਿੱਖ ਸੀ ਤੇ ਪੁਲਸ ਨੇ ਜਾਣ-ਬੁੱਝ ਕੇ ਮਾਰਿਆ ਏ। ਇਵੇਂ ਹੀ ਇੱਕ ਪੰਜਾਬੀ ਨੌਜਵਾਨ ਵਿਦੇਸ਼ ਚ ਇੱਕ ਤੇਰਾਂ ਸਾਲ ਦੀ ਕੁੜੀ ਨਾਲ ਰੇਪ ਕਰਕੇ ਭੱਜ ਜਾਂਦਾ ਹੈ ਤੇ ਓਦੋਂ ਅਸੀਂ ਮੂਕ ਦਰਸ਼ਕ ਬਣ ਜਾਂਦੇ ਹਾਂ। ਚਾਰਾਂ ਘਟਨਾਵਾਂ ਚ ਅੱਡੋ-ਅੱਡ ਨਜ਼ਰੀਏ। ਹੋਰ ਸੁਣੋ ਪਿੰਡ ਕੰਮੋਆਣਾ ਦੇ ਛੇ ਸਾਲਾ ਜੁਆਕ ਨਾਲ ਪਿੰਡ ਦੇ ਤਿੰਨ ਨੌਜਵਾਨਾਂ ਨੇ ਕੁਕਰਮ ਕਰਕੇ ਬੱਚੇ ਦੀ ਬੁਰੀ ਹਾਲਤ ਕਰ ਦਿੱਤੀ। ਦੋਸ਼ੀ ਫੜੇ ਵੀ ਗਏ ਤੇ ਜੇਲ ਵੀ ਭੇਜ ਦਿੱਤੇ ਗਏ। ਕਰਨ ਵਾਲੀ ਗੱਲ ਇਹ ਏ ਕਿ ਤਿੰਨੋਂ ਨੋਜਵਾਨ ਸਿੱਖ ਪਰਿਵਾਰਾਂ ਨਾਲ ਸੰਬੰਧਿਤ ਨੇ। ਕੀ ਇੱਥੇ ਵੀ ਭਈਆਂ ਦਾ ਕਸੂਰ ਏ? ਅਤੀਤ ਚ ਬਲਾਤਕਾਰ ਜਿਹੇ ਅਜਿਹੇ ਅਨੇਕਾਂ ਘਿਨਾਉਣੇ ਕਾਂਡ ਹੋਏ ਨੇ ਜਿਨ੍ਹਾਂ ਚ ਸਿੱਧੇ ਤੌਰ ਤੇ ਪੰਜਾਬੀ ਜ਼ਿੰਮੇਵਾਰ ਸ਼ਾਮਲ ਸਨ ਪਰ ਨ.ਫਰਤ ਹਮੇਸ਼ਾ ਮਾੜੀ ਹੁੰਦੀ ਏ। ਸੰਤਾਲੀ ਚ ਇਹੀ ਹੋਇਆ ਸੀ। ਬਹੁਤੇ ਇਸ ਨ.ਫਰਤ ਦਾ ਅੰਜਾਮ ਵੇਖ ਚੁੱਕੇ ਨੇ। ਇਸ ਅੱਗ ਦਾ ਸੇਕ ਝੱਲ ਚੁੱਕੇ ਨੇ।

ਜ਼ਿਕਰਯੋਗ ਏ ਕੁਝ ਸਮਾਂ ਪਹਿਲਾਂ ਇੱਕ ਨਾਅਰਾ ਪ੍ਰਚਲਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, "ਭਈਏ ਭਜਾਓ, ਪੰਜਾਬ ਬਚਾਓ!" ਜਿਹਦੇ ਚ ਜ਼ਿਆਦਾ ਜ਼ੋਰ ਉਹਨਾਂ ਸੱਜਣਾਂ ਦਾ ਲੱਗਾ ਸੀ ਜੋ ਆਪਣੀ ਲੀਡਰੀ ਚਮਕਾਉਣਾ ਚਾਹੰਦੇ ਨੇ। ਜਿਹਨਾਂ ਦਾ ਮਜ਼ਦੂਰੀ ਦਾ ਕੰਮ ਕਰਨ ਵਾਲਿਆਂ ਨਾਲ ਕੋਈ ਜਿਆਦਾ ਵਾਹ-ਵਾਸਤਾ ਨੀ ਪੈਂਦਾ ਤੇ ਜਿਨ੍ਹਾਂ ਦਾ ਵਿਹਲਿਆਂ ਰਹਿ ਕੇ ਸਰਦਾ ਏ। ਕਿਸੇ ਦਾ ਭਰਾ ਜਾਂ ਪਿਓ ਵਿਦੇਸ਼ ਗਿਆ ਹੋਇਆ ਏ ਤੇ ਕਿਸੇ ਦਾ ਕੋਈ ਹੋਰ। ਉਨ੍ਹਾਂ ਲੋਕਾਂ ਨੇ ਇਹ ਤੱਕ ਵੀ ਸੋਚਿਆ ਕਿ ਜੇਕਰ ਕੱਲ ਨੂੰ ਬਾਹਰ ਵਿਦੇਸ਼ਾਂ ਦੇ ਮੂਲ ਨਿਵਾਸੀਆਂ ਨੇ ਵੀ 'ਪੰਜਾਬੀ ਭਜਾਓ...' ਦਾ ਮੁੱਦਾ ਉਠਾ ਲਿਆ ਤਾਂ ਕੀ ਹੋਵੇਗਾ? ਕੀ ਉਹ ਲੋਕ ਉਸ ਸਮੇਂ ਬਾਹਰੋਂ ਆਉਣ ਵਾਲੇ ਪੰਜਾਬੀਆਂ ਨੂੰ ਆਪਣੇ ਕਾਰੋਬਾਰਾਂ, ਘਰਾਂ ਜਾਂ ਜ਼ਮੀਨਾਂ ਚੋਂ ਬਣਦਾ ਹਿੱਸਾ ਦੇਣ ਨੂੰ ਤਿਆਰ ਹੋਣਗੇ? ਕੀ ਭਈਆਂ ਨੂੰ 'ਭਜਾਉਣ' ਤੋਂ ਬਾਅਦ ਉਹ ਲੋਕ ਭਈਆਂ ਵੱਲੋਂ ਕੀਤੇ ਜਾਂਦੇ ਕੰਮ ਕਰਨਗੇ? ਸੋਚਣ ਵਾਲੀ ਗੱਲ ਏ ਕੀ ਇਸ ਤਰਾਂ ਪੰਜਾਬ ਚੋਂ ਭਈਆਂ ਨੂੰ ਭਜਾਉਣ ਨਾਲ ਜੁਰਮ ਖਤਮ ਹੋ ਜਾਣਗੇ ਤੇ ਕੀ ਭਈਆਂ ਦੇ ਆਉਣ ਤੋਂ ਪਹਿਲਾਂ ਪੰਜਾਬ ਚ ਜੁਰਮ ਨਹੀਂ ਸੀ ਹੁੰਦੇ?

ਪ੍ਰਵਾਸ ਕਦੀ ਰੁਕ ਸਕਦਾ ਏ? ਨਹੀਂ ਕਦੀ ਵੀ ਨਹੀਂ। ਘੁੰਮਣਾ ਇਨਸਾਨ ਦੀ ਪ੍ਰਵਿਰਤੀ ਵੀ ਏ ਤੇ ਸ਼ੌਂਕ ਵੀ ਏ। ਜਦੋਂ ਗੱਲ ਜ਼ਰੂਰਤਾਂ ਦੀ ਪੂਰਤੀ ਦੀ ਹੋਵੇ ਤਾਂ ਇਹੀ ਘੁੰਮਣਾ ਲੋੜ ਬਣ ਜਾਂਦੀ ਏ ਤੇ ਰੁਜ਼ਗਾਰ ਦੀ ਭਾਲ ਚ ਤਾਂ ਹਰ ਇੱਕ ਨੂੰ ਕਿਤੇ ਨਾ ਕਿਤੇ ਜਾਣਾ ਈ ਪੈਂਦਾ ਏ। ਪਸ਼ੂ, ਪੰਛੀ ਤੇ ਜਾਨਵਰਾਂ ਨੂੰ ਵੀ ਰੋਟੀ ਦੀ ਭਾਲ ਚ ਘੁਰਨਿਆਂ ਚੋਂ ਨਿਕਲਣਾ ਪੈਂਦਾ ਏ। ਮਨੁੱਖ ਹੋਵੇ ਜਾਂ ਕੋਈ ਹੋਰ ਚਾਹ ਕੇ ਵੀ ਇਸ ਤੋਂ ਕੋਈ ਅਛੂਤਾ ਨੀ ਰਹਿ ਸਕਦਾ। ਪਾਪੀ ਪੇਟ ਦਾ ਸਵਾਲ ਜੋ ਹੋਇਆ। ਹੁਣ ਗੱਲ ਕਰੀਏ ਪ੍ਰਵਾਸ ਦੀ ਤਾਂ ਪ੍ਰਵਾਸ ਵੀ ਇਸੇ ਕੜੀ ਦਾ ਹੀ ਅਗਲਾ ਹਿੱਸਾ ਏ। ਬੰਦਾ ਘਰੋਂ ਬਾਹਰ ਨਿਕਲਦਾ ਏ, ਕੰਮ ਕਰਦਾ ਏ ਤੇ ਪੈਸਾ ਕਮਾਉਂਦਾ ਏ। ਜੇ ਕੰਮ-ਕਾਰ ਘਰ ਦੇ ਨਜ਼ਦੀਕ ਏ ਤਾਂ ਰੋਜ਼ਾਨਾ ਮੁੜ ਆਉਂਦਾ ਏ ਪਰ ਜੇ ਕਿਤੇ ਦੂਰ ਏ ਤਾਂ ਉੱਥੇ ਹੀ ਰਿਹਾਇਸ਼ ਬਣਾ ਕੇ ਰਹਿਣਾ ਸ਼ੁਰੂ ਕਰ ਦਿੰਦਾ ਏ। ਪਸ਼ੂ-ਪੰਛੀ ਵੀ ਇਵੇਂ ਹੀ ਕਰਦੇ ਨੇ। ਕਿਸੇ ਦਾ ਆਪਣੇ ਖ਼ਿੱਤੇ ਚ ਕੰਮ ਸੂਤ ਆ ਜਾਂਦਾ ਏ ਪਰ ਕਿਸੇ ਨੂੰ ਬਾਹਰ ਦੂਰ-ਦੁਰਾਡੇ ਮੁਲਕਾਂ ਚ ਵੀ ਜਾਣਾ ਪੈਂਦਾ ਏ। ਉਹ ਮੁਲਕ ਜਿਨ੍ਹਾਂ ਦੀ ਭਾਸ਼ਾ, ਬੋਲੀ, ਸੱਭਿਆਚਾਰ, ਵਾਤਾਵਰਨ, ਰੀਤੀ-ਰਿਵਾਜ, ਖਾਣ-ਪੀਣ, ਰਹਿਣ-ਸਹਿਣ, ਕਾਨੂੰਨ, ਫੈਸਲੇ ਤੇ ਸਜ਼ਾਵਾਂ ਵੱਖੋ-ਵੱਖ ਤੇ ਅੱਡੋ-ਅੱਡ ਹੁੰਦੇ ਨੇ। ਲੋੜ ਪੂਰੀ ਹੋਣ ਤੋਂ ਬਾਅਦ ਕੋਈ ਤਾਂ ਵਾਪਸ ਆਪਣੇ ਵਤਨੀਂ ਮੁੜ ਆਉਂਦਾ ਏ ਪਰ ਕਿਸੇ ਨੂੰ ਉੱਥੇ ਹੀ ਰਹਿਣਾ ਪੈ ਜਾਂਦਾ ਏ।

ਕੁਦਰਤ ਦੇ ਹਿਸਾਬ ਨਾਲ ਵੇਖੀਏ ਤੇ ਸੋਚੀਏ ਤਾਂ ਕੁਦਰਤ ਦਾ ਕਾਇਦਾ-ਕਾਨੂੰਨ ਵੀ ਇਹੀ ਕਹਿੰਦਾ ਹੈ। ਖਾਲੀ ਥਾਂ ਭਰੇਗੀ ਹੀ। ਅਸਲ ਚ ਥਾਂ ਖ਼ਾਲੀ ਹੁੰਦੀ ਹੀ ਭਰਨ ਲਈ ਹੈ। ਘਰ ਹੋਵੇ ਜਾਂ ਕੁਰਸੀ ਕੋਈ ਇੱਕ ਉੱਠੇਗਾ ਤਾਂ ਦੂਜਾ ਬੈਠ ਜਾਵੇਗਾ। ਵਿਗਿਆਨਕ ਨਜ਼ਰੀਏ ਨਾਲ ਗੱਲ ਕਰੀਏ, ਕਿਸੇ ਬੰਦ ਕਮਰੇ ਚੋਂ ਇੱਕ ਪਾਸੇ ਤੋਂ ਹਵਾ ਕੱਢੀਏ ਤਾਂ ਦੂਜੇ ਪਾਸੇ ਤੋਂ ਭਰਨੀ ਸ਼ੁਰੂ ਹੋ ਜਾਵੇਗੀ। ਇਸੇ ਤਰਾਂ ਖਾਲੀ ਪਏ ਖੇਤ ਚ ਕੋਈ ਫਸਲ ਨਾ ਬੀਜੀ ਤਾਂ ਨਦੀਨ ਉੱਗ ਜਾਣਗੇ। ਜੀਵ ਹੋਵੇ ਜਾਂ ਬਨਸਪਤੀ ਕੋਈ ਇੱਕ ਮਰੇਗਾ ਤਾਂ ਦੂਜਾ ਜੰਮ ਪਵੇਗਾ। ਇਸੇ ਤਰਾਂ ਜੇਕਰ ਪੰਜਾਬ ਨੂੰ ਪੰਜਾਬੀ ਛੱਡ ਕੇ ਜਾਣਗੇ ਤਾਂ "ਭਈਏ" ਜਾਂ ਕੋਈ ਹੋਰ ਉਹ ਥਾਂ ਲੈ ਲਵੇਗਾ। ਜ਼ਰਾ ਪਿਛੋਕੜ ਚ ਜਾਈਏ ਤਾਂ ਅਸੀਂ ਆਰੀਅਨ ਕਿਹੜਾ ਐਥੋਂ ਦੇ ਮੂਲ ਨਿਵਾਸੀ ਹਾਂ, ਅਸੀਂ ਵੀ ਤਾਂ ਬਾਹਰੋਂ ਹੀ ਆਏ ਹਾਂ। ਹਾਂ ਜਿਹੜੀ ਅਸਲ ਲੋੜ ਏ, ਉਹ ਏ ਪੰਜਾਬ ਨੂੰ ਅਪਰਾਧੀ ਤੇ ਗਲਤ ਅਨਸਰਾਂ ਤੋਂ ਮੁਕਤ ਕਰਨ ਲਈ ਹੰਭਲਾ ਮਾਰਨਾ। ਫਿਰ ਚਾਹੇ ਉਹ ਪ੍ਰਵਾਸੀ ਭਈਏ ਹੋਣ ਜਾਂ ਫਿਰ ਐਥੋਂ ਦੇ 'ਸਾਡੇ ਆਪਣੇ'। ਸੋ ਇਹ ਮੁੱਦਾ ਬੇਬੁਨਿਆਦ ਏ ਕਿ ਫਲਾਣੇ ਨੂੰ ਭਜਾਓ ਤੇ ਧਮਕਾਨੇ ਨੂੰ ਲਿਆਓ।

ਐਥੇ ਐਨਾ ਕੁਝ ਲਿਖਣ ਦਾ ਮਤਲਬ ਤੇ ਮਕਸਦ ਵੀ ਇਹੀ ਏ ਕਿ ਆਟੇ ਨਾਲ ਘੁਣ ਨਾ ਪਿਸੇ। ਕਸੂਰਵਾਰ ਨੂੰ ਸਜ਼ਾ ਮਿਲੇ ਪਰ ਬੇਕਸੂਰ ਐਵੇਂ ਨਾ ਰਗੜਿਆ ਜਾਵੇ। ਹਰ ਸੁਹਿਰਦ ਵਿਅਕਤੀ ਚਾਹੁੰਦਾ ਏ ਕਿ ਕਿ ਪੰਜਾਬ ਦੀ ਖੁਸ਼ਹਾਲੀ ਬਰਕਰਾਰ ਰਹੇ। ਫਿਰ ਵੀ ਜੇਕਰ ਕਿਸੇ ਨੂੰ ਵਾਕਿਆ ਹੀ 'ਭਈਏ' .ਗਲਤ ਲੱਗਦੇ ਨੇ ਤਾਂ ਉਹਦਾ ਵੀ ਕੋਈ ਸਿਰਾ-ਸਰਾਹਣਾ ਤੇ ਢੰਗ-ਤਰੀਕਾ ਹੋਣਾ ਚਾਹੀਦਾ ਏ। ਕਿੰਨਾ ਚੰਗਾ ਹੁੰਦਾ ਜੇਕਰ ਉਪਰੋਕਤ ਨਾਅਰਾ ਇਸ ਰੂਪ ਚ ਹੁੰਦਾ, 'ਗਲਤ ਪਹਿਚਾਣ ਵਾਲੇ ਤੇ ਅਪਰਾਧਿਕ ਬਿਰਤੀ ਵਾਲੇ ਭਈਏ ਭਜਾਓ ਤੇ ਪੰਜਾਬ ਨੂੰ ਬਚਾਓ' ਪਰ ਉਹਦੇ ਲਈ ਵੀ ਇੱਕ ਯੋਜਨਾ ਤਹਿਤ ਚੱਲਣਾ ਪੈਣਾ ਪਵੇਗਾ। ਇੱਕ ਸਿਸਟਮ ਬਣਾਉਣਾ ਪਵੇਗਾ ਤੇ ਉਹ ਸਿਸਟਮ ਹੋਵੇਗਾ ਪ੍ਰਵਾਸੀਆਂ ਦੀ ਸ਼ਨਾਖ਼ਤ ਦਾ। ਜਿਸ ਲਈ ਸਾਨੂੰ ਖੁਦ ਪਹਿਲਕਦਮੀ ਕਰਨੀ ਪਵੇਗੀ ਪਰ ਮੇਰਾ ਖਿਆਲ ਨੀ ਜੇ ਕਿਸੇ ਪੰਜਾਬੀ ਨੇ ਬਾਹਰੀ ਬੰਦੇ ਨੂੰ ਕੰਮ ਤੇ ਰੱਖਣ ਤੋਂ ਪਹਿਲਾਂ ਉਹਦੀ ਸ਼ਨਾਖ਼ਤ ਜਾਂ ਪਹਿਚਾਣ ਸੰਬੰਧੀ ਜਾਣਕਾਰੀ ਇਕੱਤਰ ਕਰੀ ਹੋਵੇ ਜਾਂ ਕਰਨੀ ਜਰੂਰੀ ਸਮਝੀ ਹੋਵੇ। ਕਦੀ ਉਹਦਾ ਆਧਾਰ ਕਾਰਡ ਵੀ ਪੁੱਛਿਆ ਹੋਵੇ। ਬੱਸ ਕਾਮਾ ਘੱਟ ਭਾਅ ਚ ਮਿਲ ਜਾਵੇ। ਦਿਨੋ-ਦਿਨ ਵਧਦੇ ਲਾਲਚ ਤੇ ਤਮਾਂ ਨੇ ਸਾਡੀ ਮੱਤ ਮਾਰ ਲਈ ਏ। ਚੰਗਾ-ਮਾੜਾ ਸੋਚਣ ਦੀ ਸੂਝ ਨੂੰ ਜੰਗ ਲੱਗ ਗਿਆ ਏ ਤੇ ਅਸੀਂ ਪੱਕੇ ਢੀਠ ਹੋ ਗਏ ਹਾਂ। ਅੱਜ-ਕਲ ਤਾਂ ਵੈਸੇ ਵੀ ਸਭ ਕੁਝ ਔਨਲਾਈਨ ਹੈ, ਜਿਸ ਕਰਕੇ ਕੁਝ ਵੀ ਔਖਾ ਨੀ। ਜਰੂਰੀ ਹੈ ਬਾਹਰੋਂ ਕੰਮ ਕਰਨ ਆਏ ਬੰਦੇ ਦਾ ਬਕਾਇਦਾ ਕੰਮ ਸੰਬੰਧੀ ਸ਼ਨਾਖਤੀ ਕਾਰਡ ਬਣਿਆ ਹੋਵੇ ਜੋ ਕਿ ਉਸਦੇ ਸੰਬੰਧਿਤ ਥਾਣੇ ਤੋਂ ਤਸਦੀਕ ਸ਼ੁਦਾ ਹੋਵੇ ਤੇ ਏਧਰ ਪੰਜਾਬ ਚ ਨੇੜਲੇ ਥਾਣੇ ਵਿੱਚ ਇਸ ਸੰਬੰਧੀ ਸੂਚਨਾ ਦਰਜ ਹੋਵੇ। ਤਾਂ ਕਿ ਪਤਾ ਰਹੇ ਕਿ ਇਸ ਬੰਦੇ ਦਾ ਕੋਈ ਪੁਰਾਣਾ ਅਪਰਾਧਿਕ ਰਿਕਾਰਡ ਤਾਂ ਨਹੀਂ। ਕਿਤੋਂ ਕੋਈ ਕਤਲ ਜਾਂ ਲੁੱਟ-ਖੋਹ ਦੀ ਵਾਰਦਾਤ ਵਗੈਰਾ ਕਰਕੇ ਤਾਂ ਨੀ ਆਇਆ। ਨਾਲ ਹੀ ਪਿੰਡਾਂ ਦੀ ਪੰਚਾਇਤ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਬਾਹਰ ਮੋਟਰਾਂ ਤੇ ਬੈਠੇ ਬੰਦਿਆਂ ਦੀ ਪਹਿਚਾਣ ਸੰਬੰਧੀ ਉਨ੍ਹਾਂ ਕੋਲ ਜ਼ਰੂਰੀ ਜਾਣਕਾਰੀ ਹੋਵੇ। ਜਿਸ ਦੀ ਮੋਟਰ ਤੇ ਜਾਂ ਮਕਾਨ ਚ ਕੰਮ ਕਰਨ ਵਾਲੇ ਪ੍ਰਵਾਸੀ ਰਹਿੰਦੇ ਨੇ ਉਸ ਦਾ ਵੀ ਫਰਜ਼ ਤੇ ਜ਼ੁੰਮੇਵਾਰੀ ਬਣਦੀ ਹੈ ਕਿ ਸਾਰੀ ਜਾਂਚ ਪੜਤਾਲ ਤੋਂ ਬਾਅਦ ਹੀ ਰਹਿਣ ਲਈ ਇਜਾਜ਼ਤ ਦਿੱਤੀ ਜਾਵੇ। ਜੇ ਕਿਸੇ ਨੇ ਪ੍ਰਵਾਸੀ ਨੂੰ ਘਰੇ ਜਾਂ ਦੁਕਾਨ ਤੇ ਕੰਮ ਤੇ ਰੱਖਣਾ ਹੈ ਤਾਂ ਬਾਅਦ ਚ ਪਛਤਾਉਣ ਨਾਲੋਂ ਪਹਿਲਾਂ ਹੀ ਸੰਬੰਧਿਤ ਥਾਣੇ ਚ ਇੰਦਰਾਜ਼ ਕਰਾਇਆ ਜਾਵੇ। ਪ੍ਰਸ਼ਾਸਨ ਨੂੰ ਚਾਹੀਦਾ ਏ ਕਿ ਬਾਹਰ ਸੜਕਾਂ ਤੇ ਜਾਂ ਸ਼ਹਿਰਾਂ ਚ ਵਿਹਲੀਆਂ ਥਾਵਾਂ ਤੇ ਗੈਰ-ਕਾਨੂੰਨੀ ਢੰਗ ਨਾਲ ਰੇਹੜੀਆਂ ਲਾ ਕੇ ਬੈਠੇ ਬੰਦਿਆਂ ਦੀ ਪਹਿਚਾਣ ਦੀ ਜਾਂਚ ਕੀਤੀ ਜਾਵੇ। ਪਿੰਡਾਂ ਚ ਫਲ-ਸਬਜ਼ੀਆਂ ਜਾਂ ਹੋਰ ਕਿਸੇ ਵੀ ਪ੍ਰਕਾਰ ਦਾ ਸਮਾਨ ਵੇਚਣ ਜਾਂ ਰੱਦੀ ਤੇ ਹੋਰ ਕਬਾੜ ਵਗੈਰਾ ਖਰੀਦਣ ਆਉਂਦੇ ਬੰਦਿਆਂ ਦੀ ਸ਼ਨਾਖ਼ਤ ਚੈੱਕ ਕਰੀ ਜਾਵੇ ਤੇ ਬਿਨਾਂ ਕਿਸੇ ਪਹਿਚਾਣ ਪੱਤਰ ਵਾਲੇ ਨੂੰ ਪਿੰਡਾਂ ਕਸਬਿਆਂ ਵਿੱਚ ਨਾ ਘੁੰਮਣ ਦਿੱਤਾ ਜਾਵੇ। ਨੇਤਾਵਾਂ ਨੂੰ ਚਾਹੀਦਾ ਏ ਕਿ ਜਾਅਲੀ ਪਹਿਚਾਣ ਪੱਤਰ ਬਣਵਾ ਕੇ ਕਿਸੇ ਦੀ ਵੀ ਗਲਤ ਵੋਟ ਨਾਂ ਬਣਾਉਣ ਤੇ ਮਾਸੂਮ ਲੋਕਾਂ ਦੀਆਂ ਜਿੰਦਗੀਆਂ ਦਾਅ ਤੇ ਲਾਉਣ ਤੋਂ ਗੁਰੇਜ਼ ਕਰਨ। ਹਾਲਾਤ ਇਹ ਹੋ ਗਏ ਨੇ ਸਸਤਾ ਜਿਹਾ ਮੋਟਰਸਾਈਕਲ ਖਰੀਦ ਕੇ ਉਸ ਦਾ ਜੁਗਾੜੂ ਭਾਰ ਢੋਣ ਵਾਲਾ ਤਿੰਨ ਪਹੀਆ ਵਾਹਨ ਬਣਾ ਲਿਆ ਜਾਂਦਾ ਏ, ਜਿਸ ਦੀ ਕੋਈ ਰਜਿਸਟਰੇਸ਼ਨ ਵੀ ਨਹੀਂ ਹੁੰਦੀ ਤੇ ਚੱਲ ਮੇਰੇ ਭਾਈ, ਕਾਰੋਬਾਰ ਸ਼ੁਰੂ। ਵੈਸੇ ਇਹ ਜੁਗਾੜ ਰੋਕਣ ਲਈ ਮੌਜੂਦਾ ਸਰਕਾਰ ਨੇ ਕੋਸ਼ਿਸ ਵੀ ਕਰੀ ਸੀ ਪਰ ਓਦੋਂ ਸਾਡੇ ਹੀ ਕਈ ਸੰਗਠਨ ਉਨ੍ਹਾਂ ਲੋਕਾਂ ਦੇ ਪੱਖ ਚ ਆ ਗਏ ਤੇ ਸਰਕਾਰ ਨੂੰ ਫੈਸਲਾ ਮੁਲਤਵੀ ਕਰਨਾ ਪਿਆ।

ਸੰਖੇਪ ਚ ਕਹੀਏ ਤਾਂ ਬਿਹਤਰ ਸਮਾਜ ਦੀ ਸਿਰਜਣਾ ਕਰਨਾ ਸਾਡੀ ਜ਼ੁੰਮੇਵਾਰੀ ਤੇ ਫਰਜ ਏ ਜੋ ਰਲ-ਮਿਲ ਕੇ ਹੀ ਹੋ ਸਕਦਾ ਏ। ਜ਼ੁਲਮ ਤੇ ਜਬਰ ਦੇ ਖਿਲਾਫ ਇੱਕਜੁੱਟ ਹੋ ਕੇ ਸੰਘਰਸ਼ ਕਰੋ। ਜਾਤ, ਧਰਮ ਜਾਂ ਰੰਗ-ਰੂਪ ਕਰਕੇ ਕਿਸੇ ਨਾਲ ਭੇਦਭਾਵ ਨਾ ਕਰੋ। ਗੁਰੂਆਂ ਦੇ ਸੰਦੇਸ਼, "ਮਾਨਸ ਕੀ ਜਾਤ ਸਬੈ ਏਕੋ ਪਰਿਚਾਨਬੋ।" ਨੂੰ ਅਪਣਾਓ। ਰਹੀ 'ਭਈਆਂ' ਵਾਲੀ ਗੱਲ ਉਨ੍ਹਾਂ ਵਾਲੇ ਕੰਮ ਖੁਦ ਕਰਨੇ ਸ਼ੁਰੂ ਕਰ ਦਵੋ, ਖੁਦ-ਬ-ਖੁਦ ਭੱਜ ਜਾਣਗੇ। ਮੁੱਕਦੀ ਗੱਲ, ਕਹਿੰਦੇ ਨੇ ਇਤਿਹਾਸ ਖੁਦ ਨੂੰ ਦਹੁਰਾਉਂਦਾ ਏ। ਜੋ ਹੁਣ ਹੋ ਰਿਹਾ ਏ "ਭਈਏ ਭਜਾਓ, ਪੰਜਾਬ ਬਚਾਓ", ਕੱਲ ਨੂੰ ਇਹਦੀ ਤਰਜ ਤੇ ਬਾਕੀ ਰਾਜਾਂ ਤੇ ਬਾਕੀ ਦੁਨੀਆ ਚ ਵੀ 'ਪੰਜਾਬੀ ਭਜਾਓ ਦੀ ਮੁਹਿੰਮ ਚੱਲ ਪਈ ਤਾਂ ਇਸ ਸਭ ਦਾ ਜ਼ੁੰਮੇਵਾਰ ਕੌਣ ਹੋਵੇਗਾ?

* * * * * * *

# ਹੜ੍ਹ ਪ੍ਰਭਾਵਿਤਾਂ ਲਈ ਪੰਜਾਬੀਆਂ ਦੇ ਵੱਡੇ ਦਿਲਾਂ ਨੇ ਮੁੜ ਇਤਿਹਾਸ ਰਚਿਆ

**ਮੇਜਰ ਸਿੰਘ ਨਾਭਾ**
ਮੋ. 9463553962







ਪੰਜਾਬ ਅੰਦਰ ਪਿਛਲੇ ਦਿਨਾਂ ਤੋਂ ਸੱਤ-ਅੱਠ ਜਿਲ੍ਹਿਆਂ ਵਿੱਚ ਹੜ੍ਹ ਆਉਣ ਕਾਰਨ ਹਾਲਾਤ ਬੜੇ ਬਦਤਰ ਹੋ ਚੁੱਕੇ ਹਨ। ਪਿੰਡਾਂ ਦੇ ਪਿੰਡ ਪਾਣੀ ਵਿੱਚ ਡੁੱਬਣ ਕਾਰਨ ਘਰਾਂ ਦਾ ਸਾਮਾਨ,ਫਸਲਾਂ ਬਰਬਾਦ ਹੋਣ ਦੇ ਨਾਲ, ਪਸ਼ੂ, ਪਰਿਵਾਰਾਂ ਦੇ ਜੀਆਂ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ।ਪੰਜਾਬ ਪਿਛਲੇ ਦਿਨਾਂ ਤੋਂ ਹੜ੍ਹ ਦੀ ਮਾਰ ਹੇਠ ਆਇਆ ਹੋਇਆ ਹੈ ਪਰ ਜੋ ਮਦਦ ਸਰਕਾਰੀ ਪੱਧਰ ਉੱਪਰ ਹੋਣੀ ਚਾਹੀਦੀ ਸੀ ਉਹ ਨਹੀਂ ਹੋ ਰਹੀ। ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਦਾ ਹਵਾਈ ਸਰਵੇਖਣ ਕਰਕੇ ਪੰਜਾਬ ਲਈ 16 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਨੇ ਵੀ ਰਾਹਤ ਦੇਣ ਲਈ ਕਈ ਫੈਸਲੇ ਲਏ ਹਨ ਇਹ ਸਾਰਾ ਕੁਝ ਕਾਫੀ ਨਹੀਂ, ਇਸ ਤੋਂ ਕਿਤੇ ਵੱਧ ਪੰਜਾਬੀ ਖੁਦ ਕਰ ਰਹੇ ਹਨ। ਹੜ੍ਹ ਇਲਾਕਿਆਂ ਦੇ ਦੌਰੇ ਕਰਕੇ ਹੜ੍ਹ ਪੀੜਤਾਂ ਦਾ ਕੁਝ ਨਹੀਂ ਸੰਵਰਦਾ, ਜਿੰਨਾ ਚਿਰ ਲੋੜੀਂਦੀ ਮਦਦ ਵੱਡੇ ਪੱਧਰ ਉੱਪਰ ਪਾਣੀ ਵਿੱਚ ਘਿਰੇ ਪ੍ਰਭਾਵਿਤ ਹੋ ਚੁੱਕੇ ਲੋਕਾਂ ਤੱਕ ਨਹੀਂ ਪਹੁੰਚਾਈ ਜਾਂਦੀ। ਬੱਚੇ, ਬਜ਼ੁਰਗਾਂ ਨੂੰ ਇਨ੍ਹਾਂ ਹਾਲਾਤਾਂ ਵਿੱਚ ਰਹਿਣਾ ਕੋਈ ਸੌਖਾ ਨਹੀਂ ਕਿਉਂ ਕਿ ਉਹ ਆਪਣਿਆਂ ਉੱਪਰ ਬਹੁਤੇ ਨਿਰਭਰ ਹੋ ਕੇ ਜ਼ਿੰਦਗੀ ਬਸਰ ਕਰਦੇ ਹੁੰਦੇ ਹਨ ਭਾਵੇਂ ਪੰਜਾਬ ਦੇ ਲੋਕ ਹਮੇਸ਼ਾ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਦੁਨੀਆਂ ਭਰ ਦੇ ਲੋਕਾਂ ਦੀ ਮਦਦ ਕਰਦੇ ਆ ਰਹੇ ਹਨ ਪਰ ਅੱਜ ਆਪ ਪੰਜਾਬ ਕਦੁਰਤੀ ਕਰੋਪੀ ਦਾ ਸ਼ਿਕਾਰ ਹੋਇਆ ਹੈ ਭਾਵੇਂ ਇਸ ਪ੍ਰਤੀ ਕਈ ਸ਼ੰਕੇ ਜਰੂਰ ਖੜ੍ਹੇ ਹੋਏ ਹਨ ਤਾਂ ਇਸ ਸਥਿਤੀ ਵਿੱਚ ਦੇਸ਼ ਦੇ ਦੂਜੇ ਐਨੇ ਵੱਡੇ ਰਾਜਾਂ ਨੇ ਕੁਝ ਰਾਜਾਂ ਨੂੰ ਛੱਡ ਦਿਲੋਂ ਹਮਦਰਦੀ ਤੱਕ ਜਿਤਾਉਣ ਨੂੰ ਵੀ ਜਰੂਰੀ ਨਹੀਂ ਸਮਝਿਆ। ਇਹ ਕਿਹੋ ਜਿਹੀ ਇਨਸਾਨੀਅਤ ਦੀ ਸੋਚ ਬਣ ਗਈ ਹੈ। ਪੰਜਾਬੀਆਂ ਅੰਦਰ ਸ਼ੁਰੂ ਤੋਂ ਗੈਰਤ ਭਰੀ ਹੋਣ ਕਾਰਨ ਇਹ ਫਿਰ ਵੀ ਚੜ੍ਹਦੀਕਲਾ ਵਿਚ ਰਹਿਣ ਦੇ ਆਦੀ ਹਨ ਭਾਵੇਂ ਇਹ ਕਿੰਨੇ ਉਜਾੜੇ ਪਹਿਲਾਂ ਵੀ ਦੇਖ ਚੁੱਕੇ ਹਨ। ਇਹ ਪ੍ਰਭਾਵਿਤ ਜਿਲ੍ਹਿਆਂ ਦੇ ਬਹੁਤੇ ਲੋਕ ਦੇਸ਼ ਦੀ ਵੰਡ ਦੇ ਦਰਦਨਾਕ ਸੰਤਾਪ ਨੂੰ ਆਪਣੇ ਪਿੰਡੇ ਉੱਪਰ ਹੰਢਾ ਕੇ ਸਾਂਝੇ ਪੰਜਾਬ ਚੋਂ ਪੂਰਬੀ ਪੰਜਾਬ ਵਿੱਚ ਘਰ ਬਾਰ ਛੱਡ ਕੇ ਖਾਲੀ ਹੱਥ ਆਏ ਸੀ। ਉਦੋਂ ਜਾਨੀ ਨੁਕਸਾਨ ਬਹੁਤ ਵੱਡਾ ਹੋਇਆ ਸੀ। ਇਹ ਪਰਿਵਾਰ ਮਿਹਨਤ ਕਰਕੇ ਗੁਰੂ ਦੇ ਭਾਣੇ ਵਿੱਚ ਰਹਿੰਦੇ ਹੋਲੀ ਹੋਲੀ ਆਪਣੇ ਪੈਰਾਂ ਉੱਪਰ ਖੜ੍ਹੇ ਹੋਏ ਪਰ ਪਿਛਲੇ ਤਿੰਨ ਦਹਾਕੇ ਪਹਿਲਾਂ ਅੱਤਵਾਦ ਦੇ ਦੌਰ ਦੌਰਾਨ ਇਸ ਖੇਤਰ ਦੇ ਪਰਿਵਾਰਾਂ ਨੇ ਜਾਨੀ ਮਾਲੀ ਬਹੁਤ ਵੱਡਾ ਨੁਕਸਾਨ ਵੀ ਉਠਾਇਆ। ਇਸ ਦੌਰਾਨ ਆਪਣੀ ਹੀ ਸਰਕਾਰ ਵਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾ ਕੇ ਉਨ੍ਹਾਂ ਨੂੰ ਮਾਰਿਆ ਗਿਆ। ਇਸ ਦੀ ਸਚਾਈ ਨੂੰ ਜੋ ਤਿੰਨ ਦਹਾਕਿਆਂ ਤੋਂ ਬਾਅਦ ਨਿਆਂ ਪਾਲਿਕਾ ਨੇ ਸਰਕਾਰੀ ਤੰਤਰ ਦੇ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਠਹਿਰਾ ਕੇ ਸਾਹਮਣੇ ਲਿਆ ਦਿੱਤਾ ਹੈ ਅਤੇ ਦੋਸ਼ੀ ਮੁਲਾਜ਼ਮਾਂ ਨੂੰ ਸਜ਼ਾ ਸੁਣਾਈਆਂ ਹਨ ਭਾਵੇਂ ਉਹ ਸੇਵਾ ਮੁਕਤ ਵੀ ਹੋ ਗਏ ਹਨ, ਇਸ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਝੂਠ ਬੋਲ ਕੇ ਲੋਕਾਂ ਸਾਹਮਣੇ ਝੂਠ ਨੂੰ ਸੱਚ ਬਣਾ ਦਿੰਦੀ ਹੈ, ਇਹ ਪੰਜਾਬ ਦੀ ਤ੍ਰਾਸਦੀ ਰਹੀ ਹੈ। ਉਨ੍ਹਾਂ ਸਤਾਏ ਪਰਿਵਾਰਾਂ ਨੂੰ ਕੀ ਹੁਣ ਦੀ ਸਰਕਾਰ ਕੋਈ ਮਦਦ ਦੇਣ ਨੂੰ ਤਿਆਰ ਹੈ ? ਨਿਆਂ ਪਾਲਿਕਾ ਦੇ ਫੈਸ਼ਲੇ ਨੂੰ ਸਵੀਕਾਰ ਕਰ ਉਸ ਸਮੇਂ ਦੀਆਂ ਸਰਕਾਰਾਂ ਦੇ ਕੀਤੇ ਜੁਲਮ ਲਈ ਸਰਕਾਰ ਨੂੰ ਉਨ੍ਹਾਂ ਪੀੜਤ ਪਰਿਵਾਰਾਂ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ।

ਪੰਜਾਬ ਨੂੰ ਭਾਵੇਂ ਕਈ ਕਾਰਨਾਂ ਕਰਕੇ ਹੜ੍ਹਾਂ ਦੀ ਮਾਰ ਵਾਰ ਵਾਰ ਝੱਲਣੀ ਪੈ ਰਹੀ ਹੈ, ਇਹ ਉੱਚ ਪੱਧਰੀ ਜਾਂਚ ਦਾ ਵਿਸ਼ਾ ਹੈ ਤਾਂ ਕਿ ਅੱਗੇ ਤੋਂ ਏਨਾ ਵੱਡਾ ਨੁਕਸਾਨ ਨਾ ਹੋਵੇ। ਦਰਿਆਵਾਂ, ਨਦੀਆਂ, ਨਾਲਿਆਂ ਆਦਿ ਨਾਲ ਸਬੰਧਤ ਮਹਿਕਮੇ ਵਲੋਂ ਸਮੇਂ ਸਮੇਂ ਸਿਰ ਲੋਕਾਂ ਦੇ ਨਜਾਇਜ਼ ਕਬਜੇ, ਨੀਵੇਂ ਥਾਵਾਂ ਤੇ ਉਸਾਰੀ ਆਦਿ ਨੂੰ ਰੋਕਣ ਲਈ ਕੋਈ ਠੋਸ ਕਾਇਦੇ ਕਾਨੂੰਨ ਬਣਾਏ ਜਾਣ। ਬਹੁਤਾਤ ਵਿੱਚ ਸੜਕਾਂ ਦੇ ਕੰਢੇ ਕਾਲੋਨੀਆਂ, ਮਲਟੀ ਸਟੋਰੀ ਕੰਪਲੈਕਸ, ਮਾਲ ਆਦਿ ਉਸਰ ਗਏ ਹਨ। ਇਹ ਵੀ ਪਾਣੀ ਦੇ ਵਹਾਅ ਨੂੰ ਰੋਕ ਕੇ ਹੜ੍ਹਾਂ ਦੀ ਸਥਿਤੀ ਪੈਦਾ ਕਰਨ ਦੇ ਕਾਰਨ ਬਣ ਰਹੇ ਹਨ। ਹੜ੍ਹਾਂ ਤੋਂ ਬਾਅਦ ਇਨ੍ਹਾਂ ਲੋਕਾਂ ਲਈ ਅਜੇ ਬਹੁਤ ਕੁਝ ਕਰਨਾ ਜਰੂਰੀ ਹੈ। ਜਿੰਨਾ ਪੈਸਾ ਹੁਣ ਹੜ੍ਹ ਪੀੜਤਾਂ ਲਈ ਦਿੱਤਾ ਜਾ ਰਿਹਾ ਇਸ ਨਾਲ ਤਾਂ ਹੜ੍ਹਾਂ ਦੇ ਬਚਣ ਤੋਂ ਉਪਾਅ ਕਰਨ ਉੱਪਰ ਲੱਗਣਾ ਨਹੀਂ ਸੀ, ਜੋ ਜਾਨੀ ਨੁਕਸਾਨ ਹੋਇਆ ਉਸਦੀ ਭਰਪਾਈ ਨਹੀਂ ਹੋ ਸਕਦੀ।

ਪਰ ਪੰਜਾਬ ਦੇ ਲੋਕ ਫਿਰ ਵੀ ਸਰਕਾਰਾਂ ਅੱਗੇ ਹੱਥ ਅੱਡਣ ਦੀ ਗੱਲ ਨਹੀਂ ਕਰਦੇ ਕਿਉਂ ਕਿ ਪੰਜਾਬੀ ਭਾਈਚਾਰੇ ਨੇ ਦੁਨੀਆਂ ਵਿੱਚ ਇਸ ਸਮੇਂ ਵੀ ਰਾਸ਼ਨ ਸਮੱਗਰੀ ਦੇ ਪ੍ਰਭਾਵਿਤ ਇਲਾਕਿਆਂ ਅੰਦਰ ਅੰਬਾਰ ਲਾ ਕੇ ਮਿਸਾਲ ਪੈਦਾ ਕਰ ਦਿੱਤੀ ਹੈ। ਪੰਜਾਬੀਆਂ ਨੇ ਦਵਾਈਆਂ, ਪਸ਼ੂਆਂ ਲਈ ਚਾਰਾ, ਤੂੜੀ ਆਦਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬਹੁਤਾਤ ਰੂਪ ਵਿੱਚ ਪਹੁੰਚਾਉਣਾ ਜਾਰੀ ਰੱਖਿਆ ਹੋਇਆ, ਕਿਸਤੀਆਂ ਪ੍ਰਦਾਨ ਸਰਕਾਰ ਨੇ ਕਰਨੀਆਂ ਸੀ ਪਰ ਇਹ ਵੀ ਬਾਹਰੋਂ ਹੀ ਜਿਆਦਾ ਕੰਮ ਹੋਇਆ। ਗੁਰੂਆਂ ਦੀ ਇਸ ਧਰਤੀ ਉੱਪਰ ਕਿਸੇ ਵੀ ਸਮੱਸਿਆਂ ਨੂੰ ਨਜਿਠਣ ਲਈ ਇਥੋਂ ਦੇ ਲੋਕਾਂ ਅੰਦਰ ਭਾਣਾ ਮੰਨਣ ਦੀ ਧਾਰਨਾ ਹਮੇਸ਼ਾ ਡੋਲ੍ਹਣ ਦੀ ਥਾਂ ਧੀਰਜ ਦਿੰਦੀ ਆ ਰਹੀ ਹੈ। ਲੋਕ ਕਮਜ਼ੋਰ ਬੰਨ੍ਹਾਂ ਨੂੰ ਆਪਣੇ ਪੱਧਰ ਉੱਪਰ ਮਜਬੂਤ ਕਰ ਰਹੇ ਹਨ, ਐਡੇ ਵੱਡੇ ਕਾਰਜ ਦੇ ਖਰਚੇ ਸੰਗਤ ਆਪ ਕਰ ਰਹੀ ਹੈ। ਵਿਦੇਸ਼ਾਂ ਵਿਚ ਵਸੇ ਪੰਜਾਬੀਆਂ, ਗਾਇਕਾਂ, ਕਲਾਕਾਰਾਂ, ਖਿਡਾਰੀਆਂ, ਐਨ. ਜੀ. ਓਜ਼. ਆਦਿ ਨੇ ਕਈ ਪਿੰਡਾਂ ਨੂੰ ਗੋਦ ਲੈਣ, ਨਵੇਂ ਟ੍ਰੈਕਟਰ ਦੇਣ ਆਦਿ ਦੇ ਵੱਡੇ ਫੈਸ਼ਲੇ ਲਏ ਹਨ। ਸਰਕਾਰ ਦੀ ਜ਼ਿੰਮੇਵਾਰੀ ਕਿਥੇ ਗਈ ? ਦਰਿਆਵਾਂ ਦੀ ਖੁਦਾਈ ਪੈਸੇ ਬਟੋਰਨ ਲਈ ਲੋੜ ਅਨੁਸਾਰ ਕਰ ਲਈ ਜਾਂਦੀ ਹੈ, ਜਿਥੇ ਸਫਾਈ ਦੀ ਗੱਲ ਹੁੰਦੀ ਹੈ, ਉਹ ਕਾਗਜ਼ਾਂ ਵਿੱਚ ਹੀ ਪੂਰ ਦਿੱਤੀ ਜਾਂਦੀ ਹੈ। ਜਿੰਨਾ ਪੈਸਾ ਮਾਈਨਿੰਗ ਤੋਂ ਸਰਕਾਰ ਨੂੰ ਮਿਲਦਾ ਉਹ ਹੜ੍ਹਾਂ ਦੇ ਬਚਾਓ ਲਈ ਕਿਉਂ ਨਹੀਂ ਵਰਤਿਆ ਜਾਂਦਾ ? ਘੱਗਰ ਦੇ ਇਲਾਕੇ ਵਿੱਚ ਇੱਕ ਐਮ. ਐਲ. ਏ. ਨੇ ਸਰਕਾਰੀ ਤੰਤਰ ਤੇ ਖਾਸ ਕਰਕੇ ਮਹਿਕਮੇ ਦੇ ਸਕੱਤਰ ਵਲੋਂ ਘੱਗਰ ਦੀ ਬਰਸਾਤਾਂ ਤੋਂ ਪਹਿਲਾਂ ਸਫਾਈ ਦੇ ਮਾਮਲੇ ਵਿੱਚ ਵਿਧਾਇਕ ਦੀ ਗੱਲ ਅਣਗੌਲੇ ਕਰਨ ਦੇ ਇਲਜ਼ਾਮ ਲਾਏ ਹਨ। ਇਲਜ਼ਾਮਾਂ ਨੂੰ ਲੈ ਕੇ ਸਰਕਾਰ ਨੇ ਉਸ ਵਿਰੁੱਧ ਤਾਂ ਕੋਈ ਪਿਛਲੇ ਮੁੱਦੇ ਨੂੰ ਲੈ ਕੇ ਤੁਰੰਤ ਕਾਰਵਾਈ ਕਰ ਦਿੱਤੀ ਪਰ ਲੋਕਾਂ ਦੀ ਮਾਲੀ ਜਾਨੀ ਨੁਕਸਾਨ ਦੇ ਕਾਰਨ ਬਣੇ ਉਸ ਅਫਸਰ ਖਿਲਾਫ ਕਾਰਵਾਈ ਕਰਨ ਜਾਂ ਆਪਣੀ ਅਣਗਹਿਲੀ ਨੂੰ ਅਣਗੌਲੇ ਹੀ ਕਰ ਦਿੱਤਾ ਹੈ। ਲੋਕ ਗਰਾਊਂਡ ਲੇਵਲ ਉੱਪਰ ਜੋ ਹੋ ਰਿਹਾ ਹੈ ਉਸੁ ਨੂੰ ਦੇਖ ਰਹੇ ਹਨ। ਨੇਤਾਵਾਂ ਨੂੰ ਲੋਕਾਂ ਦੇ ਜਵਾਬ ਦੇਣ ਲਈ ਕੋਈ ਸ਼ਬਦ ਨਹੀਂ ਸੁਝ ਰਹੇ। ਕਈ ਐਮ. ਐਮ. ਏ., ਮੰਤਰੀ ਜਰੂਰ ਹੇਠਲ਼ੇ ਪੱਧਰ ਉੱਪਰ ਲੋਕਾਂ ਦੇ ਦਰਦ ਨੂੰ ਸਮਝਦੇ ਹੋਏ ਪੀੜਤਾਂ ਦੀ ਮਦਦ ਕਰ ਰਹੇ ਹਨ। ਅੰਮ੍ਰਿਤਸਰ ਦੀ ਡੀ.ਸੀ. ਮੈਡਮ ਗਰਾਊਂਡ ਪੱਧਰ ਉੱਪਰ ਜਾ ਕੇ ਹਰ ਸੰਭਵ ਮਦਦ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਸ ਦੀ ਸਾਰੇ ਪ੍ਰਸੰਸਾ ਕਰ ਰਹੇ ਹਨ ਜੋ ਹੋਣੀ ਚਾਹੀਦੀ ਵੀ ਹੈ ਤਾਂ ਜੋ ਸਾਰੇ ਉੱਚ ਅਧਿਕਾਰੀ ਵੀ ਇਸ ਤਰ੍ਹਾਂ ਦੀ ਭਾਵਨਾ ਨਾਲ ਕੰਮ ਕਰਨ ਲਈ ਅੱਗੇ ਆਉਣ। ਪੰਜਾਬ ਨੂੰ ਭਾਵੇਂ ਕਈ ਕਾਰਨਾਂ ਕਰਕੇ ਹੜ੍ਹਾਂ ਦੀ ਮਾਰ ਵਾਰ ਵਾਰ ਝੱਲਣੀ ਪੈ ਰਹੀ ਹੈ, ਇਹ ਉੱਚ ਪੱਧਰੀ ਜਾਂਚ ਦਾ ਵਿਸ਼ਾ ਹੈ ਤਾਂ ਕਿ ਅੱਗੇ ਤੋਂ ਏਨਾ ਵੱਡਾ ਨੁਕਸਾਨ ਨਾ ਹੋਵੇ। ਦਰਿਆਵਾਂ, ਨਦੀਆਂ, ਨਾਲਿਆਂ ਆਦਿ ਨਾਲ ਸਬੰਧਤ ਮਹਿਕਮੇ ਵਲੋਂ ਸਮੇਂ ਸਮੇਂ ਸਿਰ ਲੋਕਾਂ ਦੇ ਨਜਾਇਜ਼ ਕਬਜੇ, ਨੀਵੇਂ ਥਾਵਾਂ ਤੇ ਉਸਾਰੀ ਆਦਿ ਨੂੰ ਰੋਕਣ ਲਈ ਕੋਈ ਠੋਸ ਕਾਇਦੇ ਕਾਨੂੰਨ ਬਣਾਏ ਜਾਣ। ਬਹੁਤਾਤ ਵਿੱਚ ਸੜਕਾਂ ਦੇ ਕੰਢੇ ਕਾਲੋਨੀਆਂ, ਮਲਟੀ ਸਟੋਰੀ ਕੰਪਲੈਕਸ, ਮਾਲ ਆਦਿ ਉਸਰ ਗਏ ਹਨ। ਇਹ ਵੀ ਪਾਣੀ ਦੇ ਵਹਾਅ ਨੂੰ ਰੋਕ ਕੇ ਹੜ੍ਹਾਂ ਦੀ ਸਥਿਤੀ ਪੈਦਾ ਕਰਨ ਦੇ ਕਾਰਨ ਬਣ ਰਹੇ ਹਨ। ਹੜ੍ਹਾਂ ਤੋਂ ਬਾਅਦ ਇਨ੍ਹਾਂ ਲੋਕਾਂ ਲਈ ਅਜੇ ਬਹੁਤ ਕੁਝ ਕਰਨਾ ਜਰੂਰੀ ਹੈ। ਜਿੰਨਾ ਪੈਸਾ ਹੁਣ ਹੜ੍ਹ ਪੀੜਤਾਂ ਲਈ ਦਿੱਤਾ ਜਾ ਰਿਹਾ ਇਸ ਨਾਲ ਤਾਂ ਹੜ੍ਹਾਂ ਦੇ ਬਚਣ ਤੋਂ ਉਪਾਅ ਕਰਨ ਉੱਪਰ ਲੱਗਣਾ ਨਹੀਂ ਸੀ, ਜੋ ਜਾਨੀ ਨੁਕਸਾਨ ਹੋਇਆ ਉਸਦੀ ਭਰਪਾਈ ਨਹੀਂ ਹੋ ਸਕਦੀ। ਹਰੇਕ ਸਾਲ ਪੜਾਅ ਵਾਰ ਦਰਿਆਵਾਂ, ਨਦੀਆਂ ਆਦਿ ਨੂੰ ਪਾਣੀ ਦੇ ਲੰਘਣ ਯੋਗ ਬਣਾਉਣ ਲਈ ਜੇ ਕਰ ਕੰਮ ਇਮਾਨਦਾਰੀ ਨਾਲ ਕੀਤਾ ਜਾਵੇ ਤਾਂ ਭਵਿੱਖ ਵਿੱਚ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ। ਸਰਕਾਰਾਂ ਵਲੋਂ ਕਰੋੜਾਂ ਦੀਆਂ ਗ੍ਰਾਂਟਾਂ, ਫੰਡ ਜਾਰੀ ਹੋ ਗਏ ਪਰ ਪ੍ਰਭਾਵਿਤ ਲੋਕਾਂ ਤੱਕ ਪਹੁੰਚਣੇ ਜਰੂਰੀ ਨੇ, ਕਿਉਂ ਕਿ ਸਰਕਾਰ ਤੋਂ ਵੱਧ ਕੰਮ ਪੰਜਾਬੀਆਂ ਨੇ ਆਪਣੇ ਪੱਧਰ ਉੱਪਰ ਹੀ ਕਰ ਦਿੱਤਾ ਹੈ, ਹੋਰ ਕਰਨਗੇ ਵੀ। ਇਹੋ ਜਿਹੇ ਕਾਰਜਾਂ ਲਈ ਸਰਕਾਰੀ ਫੰਡਾਂ ਵਿੱਚੋਂ ਜਾਰੀ ਹੋਇਆ ਬਹੁਤ ਸਾਰਾ ਪੈਸਾ ਰਸਤੇ ਵਿੱਚ ਹੀ ਖੁਰਦ ਬੁਰਦ ਪਹਿਲਾਂ ਹੁੰਦਾ ਰਿਹਾ ਹੈ, ਹੁਣ ਇਹੋ ਜਿਹਾ ਨਾ ਹੋਵੇ ਤਾਂ ਚੰਗੀ ਗੱਲ ਹੋਵੇਗੀ, ਸਰਕਾਰ ਦਾ ਕੰਮ ਸਭ ਨੂੰ ਦਿੱਸਣਾ ਚਾਹੀਦਾ। ਸੱਚੇ ਪਾਤਿਸ਼ਾਹ ਸਾਰਿਆਂ ਨੂੰ ਪਹਿਲਾਂ ਦੀ ਤਰ੍ਹਾਂ ਖੁਸ਼ਹਾਲ ਜੀਵਨ ਬਖਸ਼ਣ।

********

ਲੜੀਵਾਰ ਨਾਵਲ



ਕਮਲ ਗਿੱਲ

Mob : +44 07454 394684

ਕਿਸ਼ਤ-43

# ਗੰਧਲੇ ਰਿਸ਼ਤੇ

**ਮੈਨੂੰ ਮੇਰਾ ਆਪਣਾ ਘਰ ਹੀ ਚੰਗਾ ਲੱਗਣੋਂ ਹੱਟ ਗਿਆ। ਆਪਣਾ ਏਰੀਆ ਹੋਰ ਸਾਰੀਆਂ ਆਲੇ-ਦੁਆਲੇ ਦੀਆਂ ਉਹ ਜਗ੍ਹਾ ਜਿੱਥੇ ਉਸ ਨੂੰ ਮਿਡਲੈਂਡ ਆਏ ਤੇ ਮੈਂ ਲੈ ਕੇ ਜਾਂਦੀ ਸਾਂ ਉਨ੍ਹਾਂ ਸਭ ਥਾਂਵਾਂ ਨਾਲ ਮੈਨੂੰ ਨਫਰਤ ਹੋਣ ਲੱਗ ਗਈ। ਕੁੱਝ ਵੀ ਚੰਗਾ ਨਹੀਂ ਲੱਗਦਾ ਸੀ। ਜੇ ਸੱਚ ਆਖਾਂ ਤਾਂ ਬੀਰਾ ਉਸ ਉਮਰ 'ਚ ਕੀਤੇ ਉਸ ਇਸ਼ਕ ਨੇ ਮੇਰਾ ਸਭ ਕੁਝ ਲੁੱਟ ਲਿਆ ਸੀ। ਮੈਂ ਆਪਣੇ ਫੂਨ ਵਿੱਚੋਂ ਸਭ ਫੋਟੋਆਂ ਡਲੀਟ ਕਰ ਦਿੱਤੀਆਂ। ਉਸ ਦਾ ਨੰਬਰ ਡਲੀਟ ਕਰ ਦਿੱਤਾ। ਹਰ ਯਾਦ ... ਡਲੀਟ ਕਰ ਦਿੱਤੀ ਪਰ ਫਿਰ ਵੀ ਉਹ ਮੇਰੇ ਦਿਲੋ-ਦਿਮਾਗ 'ਚੋਂ ਨਿਕਲ ਨਹੀਂ ਰਿਹਾ ਸੀ।''**

**ਮੈਂ ਉਸ ਵੱਲ ਵੇਖਿਆ ਉਸ ਦੀਆਂ ਅੱਖਾਂ ਵਿਚ ਹੰਝੂਆਂ ਦੀ ਝੜੀ ਲੱਗੀ ਹੋਈ ਸੀ । ਉਸ ਦੇ ਗੱਲਾਂ ਕਰਦੀ ਦੇ ਹੱਥ ਕੰਬ ਰਹੇ ਸਨ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਪਤਾ ਨਹੀਂ ਕਿੰਨੇ ਸਾਲਾਂ ਤੋਂ ਉਹ ਇਹ ਦਰਦ ਆਪਣੇ ਅੰਦਰ ਸਮੋਅ ਕੇ ਬੈਠੀ ਸੀ। ਮੈਂ ਆਪਣੇ ਸੋਫੇ ਤੋਂ ਉੱਠ ਉਸ ਨੂੰ ਜੱਫੀ 'ਚ ਲੈ ਲਿਆ। ਮੇਰੇ ਨਾਲ ਲੱਗਦਿਆਂ ਹੀ ਉਹ ਬਿਲਕ-ਬਿਲਕ ਰੋ ਪਈ।**

ਮੈਂ ਉਹ ਬਿਲਕੁੱਲ ਵੀ ਨਹੀਂ ਸਾਂ ਜੋ ਉਸ ਨੇ ਮੈਨੂੰ ਬਣਾ ਦਿੱਤਾ ਸੀ। ਉਸ ਨੇ ਆਪਣੀਆਂ ਕਹੀਆਂ ਗੱਲਾਂ 'ਤੇ ਬਹੁਤ ਪਰਦੇ ਪਾਉਣ ਦੀ ਕੋਸ਼ਸ਼ ਕੀਤੀ ਪਰ ਇਸ ਵਾਰ ਮੈਂ ਟਸ ਤੋਂ ਮਸ ਨਾ ਹੋਈ। ਉਸ ਨੇ ਨਵਾਂ ਲਾਰਾ ਲਾਇਆ ਮੈਨੂੰ ਨਵੀਂ ਡੇਟ ਦੱਸੀ ਪਰ ਮੇਰਾ ਮਨ ਬੁਰੀ ਤਰ੍ਹਾਂ ਬੁੱਝ ਗਿਆ ਸੀ ਉਸ ਦੀਆਂ ਗੱਲਾਂ ਮੇਰਾ ਸੀਨਾਂ ਪਾੜ ਗਈਆਂ ਸਨ । ਉਹ ਫੂਨ 'ਤੇ ਆਖ ਰਿਹਾ ਸੀ ਮੇਰੀ ਗੱਲ ਦਾ ਇਹ ਮਤਲਬ ਨਹੀਂ ਸੀ ਤੂੰ ਗਲਤ ਸਮਝ ਗਈ। ਮੈਂ ਤਾਂ ਇਹ ਕਹਿ ਰਿਹਾ ਸੀ ਕਿ ਆਪਾਂ ਦੋਵੇਂ ਮੈਰਿਜ ਮਟੀਰੀਅਲ ਨਹੀਂ ਹਾਂ। ਬਹੁਤ ਕੁਝ ਝੂਠ ਸੱਚ ਕਿਹਾ ਤਾਂ ਕਿ ਮੈਂ ਵਾਪਸ ਮੁੜ ਜਾਵਾਂ। ਇਸ ਵਾਰ ਮੇਰੇ ਆਤਮ ਸਨਮਾਨ ਦੀ ਗੱਲ ਸੀ। ਇਸ ਉਮਰ 'ਚ ਪਹੁੰਚ ਕੇ ਤੁਸੀਂ ਸਕੂਨ ਹਾਸਿਲ ਕਰਨਾ ਚਾਹੁੰਦੇ ਹੋ ਨਾ ਕਿ ਇਹੋ ਜਿਹੀਆਂ ਗੱਲਾਂ।''

''ਫਿਰ ਕੀ ਹੋਇਆ ਤੁਸੀਂ ਵੱਖ ਕਿਵੇਂ ਹੋਏ?''

"ਉਸ ਨੇ ਮੈਨੂੰ ਬਹੁਤ ਵਾਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤੇ ਆਖਿਰ ਮੈਂ ਉਸ ਨੂੰ ਆਖ ਦਿੱਤਾ ਕਿ ਜਿਸ ਦਿਨ ਤੇਰਾ ਵਿਆਹ ਕਰਾਉਣ ਦਾ ਮਨ ਬਣ ਗਿਆ ਉਸ ਦਿਨ ਮੈਨੂੰ ਆਵਾਜ਼ ਮਾਰ ਲਈ ਮੈਂ ਆ ਜਾਵਾਂਗੀ ਪਰ ਉਸ ਤੋਂ ਬਿਨਾਂ ਮੈਨੂੰ ਮੁੜ ਨਾ ਸੱਦੀ।''

''ਉਹ ਵਾਪਸ ਆਇਆ?''

"ਨਹੀਂ, ਜਿਸ ਦਿਨ ਮੈਂ ਇਹ ਫੈਸਲਾ ਸੁਣਾਇਆ ਸੀ ਮੈਨੂੰ ਉਸ ਦਿਨ ਹੀ ਪਤਾ ਸੀ ਕਿ ਉਹ ਵਾਪਸ ਕਦੇ ਨਹੀਂ ਆਵੇਗਾ, ਉਹ ਕਾਇਰ ਸੀ। ਆਪਣੇ ਮਾਂ-ਪਿਓ ਤੋਂ ਡਰਦਾ ਸੀ, ਆਪਣੀ ਰਿਆਸਤ-ਵਿਰਾਸਤ ਖੋਹਣ ਤੋਂ ਡਰਦਾ ਸੀ ਜਿਸ ਦਾ ਮੈਨੂੰ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਹ ਕਹਿੜੀ ਸੀ? ਮੈ ਬਹੁਤ ਹਫਤੇ ਉਸ ਨੂੰ ਉਡਕੀਦੀ ਵੀ ਰਹੀ । ਘਰ ਪਰਿਵਾਰ 'ਚ ਮੈਂ ਸਭ ਨੂੰ ਦੱਸ ਦਿੱਤਾ ਸੀ ਕਿ ਹੁਣ ਉਹ ਵਾਪਸ ਕਦੇ ਨਹੀਂ ਆਵੇਗਾ। ਜੋ ਸ਼ਰਤ ਮੈਂ ਉਸ ਅੱਗੇ ਰੱਖ ਦਿੱਤੀ ਸੀ ਉਹ ਪੂਰੀ ਕਰਨ ਦੀ ਹਿੰਮਤ ਉਸ 'ਚ ਹੈ ਨਹੀਂ ਸੀ। ਆਖਿਰ ਮੇਰੀ ਇਸ ਕਹਾਣੀ ਦਾ ਅੰਤ ਹੋਣ ਵਾਲਾ ਸੀ।''

"ਤੁਸੀਂ ਉਸ ਨੂੰ ਯਾਦ ਕਰਦੇ.... ਆਈ ਮੀਨ ਮਿਸ ਕਰਦੇ ਸੀ?''

''ਹਾਂ, ਬਹੁਤ ਕਰਦੀ ਸੀ, ਸਾਰਿਆਂ ਸਾਹਮਣੇ ਬਹੁਤ ਬਹਾਦਰ ਬਣਨ ਦਾ ਢੋਂਗ ਕਰਦੀ ਪਰ ਅੰਦਰੋਂ-ਅੰਦਰੀ ਦੁੱਖਦੀ ਜਾ ਰਹੀ ਸੀ, ਨਾ ਕੁਝ ਪੜ੍ਹਨ 'ਚ ਮਨ ਲੱਗਣਾ, ਨਾ ਕੁਝ ਲਿਖਣ 'ਚ ਮੇਰੇ ਪੂਰੇ ਦੋ ਵਰ੍ਹੇ ਬਰਬਾਦ ਹੋ ਚੁੱਕੇ ਸਨ। ਬੀਰਾ ਉਸ ਬੰਦੇ ਨਾਲ ਪਤਾ ਨਹੀਂ ਮੇਰੀ ਕਿਹੋ ਜਿਹੀ ਖਿੱਚ ਸੀ, ਮੈਨੂੰ ਪਤਾ ਸੀ ਉਹ ਕਾਇਰ ਹੁਣ ਮੁੜ ਨਹੀਂ ਆਵੇਗਾ ਫਿਰ ਵੀ ਮੈਂ ਸਾਰੀ-ਸਾਰੀ ਰਾਤ ਆਪਣਾ ਫੂਨ ਦੇਖਦੀ ਰਹਿੰਦੀ, ਦਿਮਾਗ ਆਖਦਾ ਉਹ ਭਗੌੜਾ ਹੈ, ਦਿਲ ਆਖਦਾ ਜੇ ਦੋ ਮਹੀਨੇ ਕੁੱਤਾ ਵੀ ਘਰੇ ਰੱਖ ਲਈਏ ਉਸ ਨਾਲ ਵੀ ਪਿਆਰ ਪੈ ਜਾਂਦਾ ਹੈ ਮੈਂ ਤਾਂ ਉਸ ਦੀ ਆਪਣੀ ਸੀ। ਫਿਰ ਮੈਨੂੰ ਕਿਵੇਂ ਭੁੱਲ ਜਾਵੇਗਾ।''

''ਉਸ ਨੇ ਮੁੜ ਕਾਂਟੈਕਟ ਕੀਤਾ ਕਦੇ?''

"ਹਾਂ ਦੋ ਮਹੀਨਿਆਂ ਬਾਅਦ ਉਸ ਦਾ ਫੂਨ ਆਇਆ, ਫਿਰ ਨਵਾਂ ਲਾਰਾ ਸੀ ਕਿ ਆਪਾਂ ਮਿਲਦੇ ਨਹੀਂ ਹਾਂ ਪਰ ਫੂਨ 'ਤੇ ਗੱਲ ਜਾਰੀ ਰੱਖਦੇ ਹਾਂ। ਮੈਨੂੰ ਉਸ 'ਤੇ ਭਰੋਸਾ ਨਹੀਂ ਸੀ।''

''ਮੈਂ ਉਸ ਨੂੰ ਆਖਿਆ ਕਿ ਮੈਂ ਤੇਰਾ ਇੰਤਜ਼ਾਰ ਕਰਾਂਗੀ ਟੇਕ ਯੂਅਰ ਟਾਈਮ ਤੇ ਜਦ ਕੋਰਟ ਮੈਰਿਜ ਲਈ ਮਨ ਬਣਾ ਲਿਆ ਆ ਜਾਂਵੀ ਮੇਰੇ ਘਰ ਦੇ ਦਰਵਾਜ਼ੇ ਹਮੇਸ਼ਾ ਤੇਰੇ ਲਈ ਖੁੱਲੇ ਰਹਿਣਗੇ।''

"ਤੇ ਉਸਨੇ ਕੀ ਕਿਹਾ?''

''ਓਕੇ ਕਹਿ ਕੇ ਫੂਨ ਕੱਟ ਦਿੱਤਾ"।''

„ਇੰਨਾਂ ਆਖ ਕੈਲਾਸ਼ ਬਹੁਤ ਉਦਾਸ ਹੋ ਗਈ।

ਉਸ ਦੀ ਉਦਾਸੀ ਚਿਹਰੇ 'ਤੇ ਸਾਫ ਦਿਸ ਰਹੀ ਸੀ। ਇਹ ਉਦਾਸੀ ਨਹੀਂ ਕੋਈ ਬਹੁਤ ਗਹਿਰੀ ਪੀੜ ਸੀ ।

''ਫਿਰ ਕਦੀ ਗੱਲ ਹੋਈ ਉਸ ਨਾਲ?''

''ਨਹੀਂ ਉਹ ਸੱਚੀ ਭਗੌੜਾ ਸੀ ਬੀਰਾ, ਮੈਂ ਬਹੁਤ ਉਡੀਕਿਆ ਉਸ ਨੂੰ ਪਰ ਮੁੜ ਕਦੀ ਉਸ ਦਾ ਫੂਨ ਨਹੀਂ ਆਇਆ ਨਾ ਉਹ ਆਇਆ।''

ਕਿਸੇ ਰਿਸ਼ਤੇਦਾਰ... ਆਈ ਮੀਨ ਉਸ ਦੇ 'ਰੌਕ' ਨੇ ਵੀ ਕਦੇ ਅਪਰੋਚ ਨਹੀਂ ਕੀਤੀ ਕੈਲਾਸ਼ ਜੀ?''

ਨਹੀਂ, ਕਦੇ ਕਿਸੇ ਨੇ ਮੁੜ ਨਹੀਂ ਦੇਖਿਆ, ਜੇ ਮੈਂ ਸੱਚ ਆਖਾਂ ਤਾਂ ਮੈਨੂੰ ਅੱਜ ਵੀ ਉਸ ਦਾ ਸੋਚ ਕੇ ਉਸ 'ਤੇ ਤਰਸ ਆਉਂਦਾ ਹੈ, ਉਹ ਕਿਹੋ ਜਿਹਾ ਇਨਸਾਨ ਸੀ ਜਿਸ ਨੇ ਆਪਣਾ ਇੱਕ ਕੀਮਤੀ ਰਿਸ਼ਤਾ ਸਿਰਫ ਆਪਣੀ ਮਾਂ ਕਰਕੇ ਖਤਮ ਕਰ ਲਿਆ। ਮੇਰਾ ਉਸ ਨਾਲ ਬਹੁਤ ਤਹਿ ਸੀ, ਮੈਂ ਕਦੇ ਨਹੀਂ ਚਾਹੁੰਦੀ ਸੀ ਕਿ ਅਸੀਂ ਇਸ ਤਰ੍ਹਾਂ ਵੱਖ ਹੋਈਏ ਪਰ ਜਿਸ ਰਿਸ਼ਤੇ 'ਚ ਕੋਈ ਸਨਮਾਨ ਨਾ ਹੋਵੇ ਉਸ ਰਿਸ਼ਤੇ ਦੇ ਭਾਰ ਨੂੰ ਕਿੰਨਾਂ ਚਿਰ ਢੋਂਹਦੀ। ਫਿਰ ਮੈਨੂੰ ਇਹ ਦੁੱਖ ਬਹੁਤ ਹੈ ਕਿ ਉਹ ਰਿਸ਼ਤਾਂ ਸਾਡੇ ਦੋਹਾਂ ਕਰਕੇ ਨਹੀਂ ਉਸ ਦੀ ਮਾਂ ਦੇ ਸਿਰਫ ਜੈਲਸੀ ਕੰਪਲੈਸ ਕਰ ਕੇ ਟੁੱਟ ਗਿਆ।''

ਮੈਂ ਉਸ ਨੂੰ ਬਹੁਤ ਉਡੀਕਿਆ, ਮਨ ਹੀ ਮਨ ਇਹ ਸੋਚਦੀ ਕਿ ਉਹ ਵਾਪਸ ਜ਼ਰੂਰ ਆਵੇਗਾ, ਜਿੰਨਾਂ ਉਸ ਬਾਰੇ ਸੋਚਦੀ ਮੇਰੀ ਤਕਲੀਫ ਵੱਧ ਜਾਂਦੀ।''

ਮੈਨੂੰ ਮੇਰਾ ਆਪਣਾ ਘਰ ਹੀ ਚੰਗਾ ਲੱਗਣੋਂ ਹੱਟ ਗਿਆ। ਆਪਣਾ ਏਰੀਆ ਹੋਰ ਸਾਰੀਆਂ ਆਲੇ-ਦੁਆਲੇ ਦੀਆਂ ਉਹ ਜਗ੍ਹਾ ਜਿੱਥੇ ਉਸ ਨੂੰ ਮਿਡਲੈਂਡ ਆਏ ਤੇ ਮੈਂ ਲੈ ਕੇ ਜਾਂਦੀ ਸਾਂ ਉਨ੍ਹਾਂ ਸਭ ਥਾਂਵਾਂ ਨਾਲ ਮੈਨੂੰ ਨਫਰਤ ਹੋਣ ਲੱਗ ਗਈ। ਕੁੱਝ ਵੀ ਚੰਗਾ ਨਹੀਂ ਲੱਗਦਾ ਸੀ। ਜੇ ਸੱਚ ਆਖਾਂ ਤਾਂ ਬੀਰਾ ਉਸ ਉਮਰ 'ਚ ਕੀਤੇ ਉਸ ਇਸ਼ਕ ਨੇ ਮੇਰਾ ਸਭ ਕੁਝ ਲੁੱਟ ਲਿਆ ਸੀ। ਮੈਂ ਆਪਣੇ ਫੂਨ ਵਿੱਚੋਂ ਸਭ ਫੋਟੋਆਂ ਡਲੀਟ ਕਰ ਦਿੱਤੀਆਂ। ਉਸ ਦਾ ਨੰਬਰ ਡਲੀਟ ਕਰ ਦਿੱਤਾ। ਹਰ ਯਾਦ ... ਡਲੀਟ ਕਰ ਦਿੱਤੀ ਪਰ ਫਿਰ ਵੀ ਉਹ ਮੇਰੇ ਦਿਲੋ-ਦਿਮਾਗ 'ਚੋਂ ਨਿਕਲ ਨਹੀਂ ਰਿਹਾ ਸੀ।''

ਮੈਂ ਉਸ ਵੱਲ ਵੇਖਿਆ ਉਸ ਦੀਆਂ ਅੱਖਾਂ ਵਿਚ ਹੰਝੂਆਂ ਦੀ ਝੜੀ ਲੱਗੀ ਹੋਈ ਸੀ । ਉਸ ਦੇ ਗੱਲਾਂ ਕਰਦੀ ਦੇ ਹੱਥ ਕੰਬ ਰਹੇ ਸਨ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਪਤਾ ਨਹੀਂ ਕਿੰਨੇ ਸਾਲਾਂ ਤੋਂ ਉਹ ਇਹ ਦਰਦ ਆਪਣੇ ਅੰਦਰ ਸਮੋਅ ਕੇ ਬੈਠੀ ਸੀ। ਮੈਂ ਆਪਣੇ ਸੋਫੇ ਤੋਂ ਉੱਠ ਉਸ ਨੂੰ ਜੱਫੀ 'ਚ ਲੈ ਲਿਆ। ਮੇਰੇ ਨਾਲ ਲੱਗਦਿਆਂ ਹੀ ਉਹ ਬਿਲਕ-ਬਿਲਕ ਰੋ ਪਈ।

''ਬੀਰਾ ਮੈਂ ਉਸ ਨੂੰ ਕਦੇ ਮੁਆਫ ਨਹੀਂ ਕਰ ਸਕਦੀ। ਉਸ ਕਰਕੇ ਮੈਂ ਆਪਣਾ ਉਹ ਦੇਸ਼ ਛੱਡ ਦਿੱਤਾ, ਘਰ ਛੱਡ ਦਿੱਤਾ, ਆਪਣਾ ਕੈਰੀਅਰ ਖਤਮ ਕਰ ਲਿਆ ਤੇ ਉਸ ਨੇ ਮੇਰੇ ਤੋਂ ਸਾਲ ਬਾਅਦ ਹੀ ਹੋਰ ਵਿਆਹ ਕਰਵਾ ਲਿਆ। ਮੈਂ ਸੁਣਿਆਂ ਸੀ ਕਿ ਉਸ ਦੀ ਮਾਂ ਨੇ ਕੋਈ ਇੰਡਿਆ ਤੋਂ ਆਈ ਛੋਟੀ ਉਮਰ ਦੀ ਕੁੜੀ ਲੱਭ ਕੁਝ ਕੁ ਮਹੀਨਿਆਂ 'ਚ ਹੀ ਸੇਮ ਮੇਰੇ ਵਾਂਗ ਗੁਰੂਘਰ 'ਚ ਅਰਦਾਸ ਕਰਾ ਉਹ ਕੁੜੀ ਘਰ ਲੈ ਆਂਦੀ। ਇਸ ਗੱਲ ਦਾ ਜਦ ਮੈਨੂੰ ਪਤਾ ਲੱਗਾ ਤਾਂ ਮੈਂ ਪੂਰੀ ਤਰ੍ਹਾਂ ਟੁੱਟ ਗਈ। ਮੇਰੀ ਹੁਣ ਉਮੀਦ ਦੀ ਕੋਈ ਕਸਰ ਨਹੀਂ ਬਚੀ ਸੀ।''

ਮੈਂ ਅੱਜ ਵੀ ਸੋਚਦੀ ਹਾਂ ਕਿ ਆਖਿਰ ਮੇਰੇ ਨਾਲ ਹੀ ਇਹ ਸਭ ਕਿਉਂ ਹੋਇਆ? ਮੈਂ ਇਸ ਤਰ੍ਹਾਂ ਦਾ ਕੀ ਪਾਪ ਕੀਤਾ ਸੀ ਜਿਸ




ਦੀ ਸਜ਼ਾ ਮੈਨੂੰ ਮਿਲੀ।''

ਇਹ ਨਹੀਂ ਕਿ ਉਸ ਦੀ ਯਾਦ ਨਹੀਂ ਆਉਂਦੀ। ਅੱਜ ਵੀ ਉਹ ਮੇਰੇ ਖਿਆਲਾਂ 'ਚ ਹੈ, ਮੇਰੀ ਉਸ ਲਈ ਮੁਹੱਬਤ ਪਾਕ ਸੀ ਕੋਈ ਧੋਖਾ-ਫਰੇਬ ਨਹੀਂ ਸੀ । ਉਸ ਨੂੰ ਅੱਜ ਵੀ ਯਾਦ ਕਰਦਿਆਂ ਸ਼ੇਖ ਸਾਹਿਬ ਦਾ ਉਹ ਸ਼ੇਅਰ ਯਾਦ ਆ ਜਾਂਦਾ ਹੈ ਕਿ ''ਦੁਆ ਕਰਨਾ ਕਿ ਐਸੇ ਹੀ ਮੇਰਾ ਦਮ ਨਿਕਲੇ, ਜਿਤਨੀ ਅਸਾਨੀ ਸੇ ਤੇਰੇ ਦਿਲ ਸੇ ਹਮ ਨਿੱਕਲੇ।''"

''ਜੇ ਮੈਂ ਸੱਚ ਦੱਸਾਂ ਤਾਂ ਬੀਰਾ ਮੈਂ ਉਸ ਦੇ ਗ਼ਮ 'ਚੋਂ ਕਦੇ ਬਾਹਰ ਨਿਕਲ ਹੀ ਨਹੀਂ ਸਕੀ । ਮੈਂ ਕਮਜ਼ੋਰ ਸੀ ਆਪਣੀ ਕਮਜ਼ੋਰੀ ਲੋਕਾਂ ਤੋਂ ਛੁਪਾਉਣ ਲਈ ਉੱਥੋਂ ਦੂਰ ਭੱਜ ਆਈ । ਪਰ ਮੈਂ ਅੱਜ ਵੀ ਉਸ ਦੁੱਖ 'ਚੋਂ ਬਾਹਰ ਨਹੀਂ ਆਈ। ਬਹੁਤ ਸਾਲਾਂ ਤੋਂ ਮੈ ਕਦੇ ਅੱਖ ਨਹੀ ਭਰੀ, ਪਤਾ ਨਹੀਂ ਝੱਲੀਏ ਤੇਰੇ ਨਾਲ ਕੀ ਰਿਸ਼ਤਾ ਆ ਜਦ ਵੀ ਮਿਲਦੀ ਏਂ ਮੈ ਆਪਣਾ-ਆਪ ਇੱਕ ਖੁੱਲੀ ਕਿਤਾਬ ਵਾਂਘ ਤੇਰੇ ਮੂਹਰੇ ਖੋਲ੍ਹ ਦਿੰਦੀ ਹਾਂ।''

''ਕੋਈ ਗੱਲ ਨਹੀ, ਮੈਂ ਖੁਸ਼ਕਿਸਮਤ ਹਾਂ ਜੋ ਤੁਸੀਂ ਮੈਨੂੰ ਇੰਨਾਂ ਕਾਬਿਲ ਸਮਝਦੇ ਹੋ ਕਿ ਆਪਣੇ ਦੁੱਖ ਸਾਂਝੇ ਕਰ ਸਕੋ।''

''ਜੇ ਸੱਚ ਕਹਾਂ ਤਾਂ ਉਹ ਕਿਸੇ ਹੋਰ ਦਾ ਹੈ ਹੁਣ ਉਸ ਨਾਲ ਮੈਨੂੰ ਹੁਣ ਮਹੁੱਬਤ ਨਹੀਂ, ਮੈਂ ਮੁਹੱਬਤ ਕਦੋਂ ਦੀ ਛੱਡ ਦਿੱਤੀ ਪਰ ਮੁਹੱਬਤ ਨੇ ਮੈਨੂੰ ਕਿਸੇ ਥਾਂ ਦਾ ਨਹੀਂ ਛੱਡਿਆ ਬੀਰਾ।''

ਕੈਲਾਸ਼ ਆਪਣੇ ਨਾਲ ਜ਼ਿੰਦਗੀ 'ਚ ਹੋਏ ਹਦਾਸਿਆਂ ਤੋਂ ਬਹੁਤ ਟੁੱਟ ਚੁੱਕੀ ਸੀ। ਮੈਂ ਉਸ ਔਰਤ ਵੱਲ ਟਿੱਕ-ਟਿੱਕੀ ਲਗਾ ਕੇ ਦੇਖ ਰਹੀ ਸੀ ਉਸ ਵਿੱਚ ਮੈਨੂੰ ਛੇ ਸਾਲ ਦੀ ਕੈਲਾਸ਼ ਤੋਂ ਲੈ ਕੇ ਹੁਣ ਤੱਕ ਦੀ ਕੈਲਾਸ਼ ਦੇ ਸਾਰੇ ਜ਼ਿੰਦਗੀ ਦੇ ਰੰਗ ਦਿਖਾਈ ਦੇ ਰਹੇ ਸਨ। ਕਿੰਨਾਂ ਦੁੱਖ ਆਪਣੇ ਪਿੰਡੇ 'ਤੇ ਹੰਡਾ ਚੁੱਕੀ ਸੀ । ਹਾਏ ਰੱਬਾਂ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਇਨਸਾਨ ਸਭ ਪਾ ਕੇ ਵੀ ਆਖਿਰ 'ਚ ਫਿਰ ਖਾਲੀ ਹੱਥ ਹੀ ਰਹਿ ਜਾਏ।''

''ਤੁਸੀਂ ਠੀਕ ਹੋ ਕੈਲਾਸ਼ ਜੀ? ਕੁੱਝ ਪੀਣ ਲਈ ਲੈ ਕੇ ਆਂਵਾਂ ਮੈਂ ਤੁਹਾਡੇ ਲਈ?''

ਉਸ ਦੇ ਕੰਬਦੇ ਬੁੱਲ, ਕੰਬਦੇ ਹੱਥ ਤੇ ਅੱਖਾਂ 'ਚੋਂ ਨੋਨ-ਸਟੋਪ ਵਹਿੰਦੇ ਹੰਝੂ ਉਸ ਦੀ ਮਾਨਸਿਕ ਸਥਿਤੀ ਬਿਆਨ ਕਰ ਰਹੇ ਸਨ।

ਚਲਦਾ....

# ਪਾਠਕਾਂ ਦੇ ਪੱਤਰ

TO, H. S. Mander
Editor, Panjab Times,
24 Cotton Brook Road,
Derby DE23 8YJ. UK

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਤਰਲੋਚਨ ਸਿੰਘ ਸਿੱਖਾਂ ਨੂੰ ਸਿੱਖ ਇਕ ਵੱਖਰੀ ਕੌਮ ਵਜੋਂ ਤਸਲੀਮ ਹੀ ਨਹੀਂ ਕਰਦਾ, ਉਸ ਨੂੰ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕਰਨਾ ਕਿਨ੍ਹਾਂ ਕੁ ਜਾਇਜ਼ ਹੈ ?

ਸਤਿਕਾਰ ਯੋਗ ਸੰਪਾਦਕ ਜੀਓ


ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫਤਹਿ

18-9-2025 ਪੰਜਾਬ ਟਾਈਮਜ਼ ਦੇ ਅੰਕ 3097 ਦੇ ਪੰਨਾ 13 ਉੱਤੇ ਇਕ ਖ਼ਬਰ ਛਪੀ ਹੈ: ਤਰਲੋਚਨ ਸਿੰਘ ਦਾ ਬਰਤਾਨੀਆ ਸੰਸਦ ਵਿੱਚ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨ। ਦਾਸ ਨੂੰ ਖ਼ਬਰ ਪੜ੍ਹਕੇ ਬੜੀ ਹੈਰਾਨੀ ਹੋਈ ਕਿਉਂਕਿ ਤਰਲੋਚਨ ਸਿੰਘ ਤਾਂ ਸਿੱਖਾਂ ਨੂੰ ਵੱਖਰੀ ਕੌਮ ਹੀ ਨਹੀਂ ਮੰਨਦਾ, ਉਹ ਤਾਂ ਹਿੰਦੂਆਂ ਨੂੰ ਹਿੰਦੂ ਕੌਮ ਮੰਨਦਾ ਹੈ। ਜਿਹੜੇ ਪਤਵੰਤੇ ਸਜਣਾਂ ਨੇ ਤਰਲੋਚਨ ਸਿੰਘ ਨੂੰ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ। ਦਾਸ ਉਨ੍ਹਾਂ ਕੋਲੋਂ ਬੜੀ ਨਿਮ-ਰਤਾ ਸਹਿਤ ਇਹ ਪੁੱਛਣਾ ਚਾਹੁੰਦਾ ਹੈ ਕਿ ਜਿਹੜੇ ਵਿਧੀ ਵਿਧਾਨ ਅਨੁਸਾਰ ਤਰਲੋਚਨ ਸਿੰਘ ਨੂੰ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਹੈ? ਉਹ ਪੰਜਾਬ ਟਾਈਮਜ਼ ਵਿੱਚ ਨਸ਼ਰ ਕੀਤਾ ਜਾਵੇ। ਜਦੋਂ ਕਿਸੇ ਵਿਅਕਤੀ ਨੂੰ ਏਡਾ ਵੱਡਾ ਕੌਮੀ ਸਨਮਾਨ ਦੇਣਾ ਹੋਵੇ ਤਾਂ ਦੁਨੀਆਂ ਭਰ ਵਿੱਚ ਵੱਸਦੀਆਂ ਸਿੱਖ ਕੌਮ ਦੀਆਂ ਉਘੀਆਂ ਸ਼ਖ਼ਸੀਅਤਾਂ ਅਤੇ ਪੰਥ ਪ੍ਰਵਾਣਿਤ ਸਿੱਖ ਸੰਸਥਾਵਾਂ ਕੋਲੋਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਰਾਇ ਮੰਗੀ ਜਾਂਦੀ ਹੈ ਕਿ ਕੀ ਉਹ ਵਿਅਕਤੀ ਇਸ ਕੌਮੀ ਸਨਮਾਨ ਲੈਣ ਦਾ ਹੱਕਦਾਰ ਹੈ ਵੀ ਜਾਂ ਨਹੀਂ।

ਪੰਜਾਬ ਟਾਈਮਜ਼ ਯੂ.ਕੇ. ਅਕਤੂਬਰ 2010 ਅੰਕ ਨੰ: 2352 ਦੇ ਪੰਨਾ 42 ਉੱਤੇ ਤਰਲੋਚਨ ਸਿੰਘ ਦਾ ਇਕ ਲੇਖ ਛਪਿਆ ਸੀ: ਕੀ ਸਿੱਖਾਂ ਨੂੰ ਹਿੰਦੂਆਂ ਕੋਲੋਂ ਖ਼ਤਰਾ ਹੈ ਅਤੇ ਇਹੀ ਲੇਖ ਤਰਲੋਚਨ ਸਿੰਘ ਦੇ ਲੇਖ ਸੰਗ੍ਰਹਿ ਸਿੱਖ ਸਮਾਜ ਦੇ ਮਸਲੇ ਦੇ ਪੰਨਾ 13 ਉੱਤੇ ਵੀ ਛਪਿਆ ਹੋਇਆ ਹੈ। ਤਰਲੋਚਨ ਸਿੰਘ ਦੇ ਇਸ ਲੇਖ ਦਾ ਕੀ ਸਿੱਖਾਂ ਨੂੰ ਹਿੰਦੂਆਂ ਤੋਂ ਖ਼ਤਰਾ ਹੈ ਦਾ ਜੁਆਬ ਦਾਸ ਨੇ ਪੰਜਾਬ ਟਾਈਮਜ਼ ਯੂ.ਕੇ. ਅੰਕ 2337 ਵਿੱਚ ਇਸ ਸਿਰਲੇਖ ਹੇਠਾਂ ਦਿੱਤਾ ਸੀ: ਸਿੱਖ ਧਰਮ ਨੂੰ ਅੰਦਰੂਨੀ ਹਮਲਿਆਂ ਤੋਂ ਖ਼ਤਰਾ, ਸਿੱਖਾਂ ਨੂੰ ਹਿੰਦੂਆਂ ਤੋਂ ਜ਼ਿਆਦਾ ਖ਼ਤਰਾ ਉਨ੍ਹਾਂ ਕੇਸਾਧਾਰੀ ਹਿੰਦੂ ਸਿਆਸਤਦਾਨਾਂ ਤੋਂ ਹੈ ਜਿਹੜੇ ਸਿੱਖਾਂ ਨੂੰ ਵੱਖਰੀ ਕੌਮ ਨਹੀਂ ਮੰਨਦੇ।

ਅਦਾਰਾ ਪੰਜਾਬ ਟਾਈਮਜ਼ ਨੇ ਥੋੜ੍ਹੇ ਚਿਰ ਲਈ, ਸੂਰਾ ਮੈਗਜ਼ੀਨ ਕੱਢਿਆ ਸੀ, ਉਸ ਦੇ ਅਕਤੂਬਰ 2010 ਦੇ ਅੰਕ ਪੰਨਾ 36 ਉੱਤੇ ਵੀ ਦਾਸ ਦਾ ਇਹ ਜੁਆਬੀ ਲੇਖ ਛਪਿਆ ਸੀ। (ਸਬੂਤ ਵਜੋਂ ਸੂਰਾ ਮੈਗਜ਼ੀਨ ਦਾ ਉਹ ਪੰਨਾ ਵੀ ਨਾਲ ਭੇਜ ਰਿਹਾ ਹਾਂ, ਲੋੜ ਪਵੇ ਤਾਂ ਪੂਰੇ ਲੇਖ ਦੀ ਫੋਟੋ ਕਾਪੀ ਵੀ ਭੇਜ ਸਕਦਾ ਹਾਂ) 2022 ਵਿੱਚ ਛਪੇ ਮੇਰੇ ਲੇਖ ਸੰਗ੍ਰਹਿ, ਗੁਰੁ ਪਰਮੇਸਰੁ ਏਕੁ ਹੈ ਦੇ ਪੰਨਾ 147 ਤੋਂ 155 ਤੱਕ ਵੀ ਤਰਲੋਚਨ ਸਿੰਘ ਦੇ ਲੇਖ ਦੀ ਸਿੱਖਾਂ ਨੂੰ ਹਿੰਦੂਆਂ ਨੂੰ ਖ਼ਤਰਾ ਹੈ ਦਾ ਜੁਆਬੀ ਲੇਖ ਵੀ ਛਪਿਆ ਹੋਇਆ ਹੈ। 2010 ਦੇ ਸੂਰਾ ਮੈਗਜ਼ੀਨ ਵਿੱਚ ਛਪੇ ਜੁਆਬੀ ਲੇਖ ਵਿੱਚ ਦਾਸ ਨੇ ਇਹ ਵੀ ਲਿਖਿਆ ਸੀ ਕਿ ਤਰਲੋਚਨ ਸਿੰਘ ਚਾਹੁਣ ਤਾਂ ਮੇਰੇ ਲੇਖ ਦਾ ਜੁਆਬ ਮੀਡੀਏ ਵਿੱਚ ਦੇ ਸਕਦੇ ਹਨ, ਪਰ ਅੱਜ ਤੱਕ ਉਨ੍ਹਾਂ ਵੱਲੋਂ ਕੋਈ ਜੁਆਬ ਨਹੀਂ ਆਇਆ। ਹੁਣ ਵਿਚਾਰਨ ਯੋਗ ਤੱਥ ਇਹ ਹੈ ਕਿ ਜਿਹੜਾ ਤਰਲੋਚਨ ਸਿੰਘ ਸਿੱਖਾਂ ਨੂੰ ਸਿੱਖ ਇਕ ਵੱਖਰੀ ਕੌਮ ਵਜੋਂ ਤਸਲੀਮ ਹੀ ਨਹੀਂ ਕਰਦਾ, ਉਸ ਨੂੰ ਸਿੱਖ ਕੌਮ ਦਾ ਹੀਰਾ ਪੁਰਸਕਾਰ ਨਾਲ ਸਨਮਾਨਿਤ ਕਰਨਾ ਕਿਨ੍ਹਾਂ ਕੁ ਜਾਇਜ਼ ਹੈ? ਇਸ ਦਾ ਫੈਸਲਾ ਸਮੁੱਚੇ ਪੰਥ ਨੇ ਕਰਨਾ ਹੈ।



ਭੁੱਲਾਂ ਚੁੱਕਾਂ ਦੀ ਖਿਮਾਂ

ਗੁਰੂ ਪੰਥ ਦਾ ਦਾਸ

ਜਥੇਦਾਰ ਮਹਿੰਦਰ ਸਿੰਘ ਯੂ.ਕੇ.

* * * * * *


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

**01332 372 851/ 07966 388 388**


## ਇਟਲੀ ਭਰ ਵਿੱਚ ਲੱਖਾਂ ਨੌਜਵਾਨਾਂ ਨੇ ਸੜਕਾਂ ਉਪੱਰ ਉੱਤਰ ਕੇ ਫਲਸਤੀਨੀ ਪੱਖੀ ਵਿਸ਼ਾਲ ਰੋਸ ਮੁਜ਼ਾਹਰੇ ਕਰਦਿਆਂ ਬੇਇਨਸਾਫ਼ੀ ਖਿਲਾਫ਼ ਕੀਤੀ ਆਵਾਜ਼ ਬੁਲੰਦ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)- ਇਟਾਲੀਅਨ ਲੋਕ ਹਮੇਸ਼ਾਂ ਹੀ ਇਨਸਾਫ਼ ਪਸੰਦ ਲੋਕ ਹਨ ਤੇ ਇਨਸਾਫ਼ ਲਈ ਸਮੇਂ-ਸਮੇਂ ਤੇ ਆਪਣੀ ਆਵਾਜ ਵੀ ਬੁਲੰਦ ਕਰਦੇ ਰਹਿੰਦੇ ਹਨ ਕੁਝ ਅਜਿਹਾ ਹੀ ਮਾਹੌਲ ਅੱਜ ਪੂਰੀ ਇਟਲੀ ਵਿੱਚ ਦੇਖਣ ਨੂੰ ਮਿਲਿਆ ਜਿਸ ਵਿੱਚ ਪੂਰੀ ਇਟਲੀ ਵਿੱਚ ਇਟਾਲੀਅਨ ਲੋਕਾਂ ਨੌਜਵਾਨ ਮੁੰਡੇ-ਕੁੜੀਆਂ ਨੇ ਸੜਕਾਂ ਉਪੱਰ ਉੱਤਰ ਕੇ ਫਲਸਤੀਨ ਪੱਖੀ ਵਿਸ਼ਾਲ ਰੋਸ਼ ਪ੍ਰਦਰਸ਼ਨ ਹੀ ਨਹੀਂ ਕੀਤਾ ਸਗੋਂ ਜੰਮਕੇ ਨਾਅਰੇਬਾਜੀ ਵੀ ਕੀਤੀ। ਇਹ ਵਿਸ਼ਾਲ ਰੋਸ ਪ੍ਰਦਸ਼ਨ ਇਟਲੀ ਦੇ ਉੱਤਰ ਤੋਂ ਦੱਖਣ ਤੱਕ ਦੇਖਣ ਨੂੰ ਮਿਲਿਆ ਜਿਸ ਵਿੱਚ ਮਿਲਾਨ ਤੋਂ ਰੋਮ ਤੱਕ ਲੋਕਾਂ ਦੇ ਵੱਡੇ ਹਜੂਮ ਖਰਾਬ ਮੌਸਮ ਦੇ ਹੁੰਦਿਆਂ ਵੀ ਵੱਡੀ ਭੀੜ ਦੇ ਰੂਪ ਵਿੱਚ ਪੁਲਸ ਪ੍ਰਸ਼ਾਸ਼ਨ ਲਈ ਮੁਸੀਬਤ ਬਣੇ ਰਹੇ। ਇਟਲੀ ਦੇ ਆਮ ਲੋਕਾਂ ਦਾ ਗਾਜ਼ਾ ਲਈ ਵਿਸ਼ਾਲ ਹੜਤਾਲ ਵਾਂਗਰ ਸੜਕਾਂ ਉਪੱਰ ਉੱਤਰ ਕੇ ਲਾਮਬੰਦੀ ਰਾਹੀ ਪਹਿਲਾਂ ਰੇਲ ਗੱਡੀਆਂ, ਜਨਤਕ ਆਵਾਜਾਈ ਅਤੇ ਸਕੂਲਾਂ ਨੂੰ ਬੰਦ ਕਰਵਾ ਦਿੱਤਾ ਗਿਆ ਤੇ ਬਾਅਦ ਵਿੱਚ ਪ੍ਰਮੁੱਖ ਸ਼ਹਿਰਾਂ ਦੀਆਂ ਗਲੀਆਂ ਵਿੱਚ ਵੱਡੇ ਇਕੱਠ ਦੁਆਰਾ ਪੈਦਲ ਚੱਲਦਿਆਂ ਕਈ ਜਗ੍ਹਾ ਧਰਨੇ ਲਗਾਕੇ ਵੀ ਨਾਅਰੇ ਲਗਾਏ ਗਏ। ਇਸ ਵਿਸ਼ਾਲ ਰੋਸ਼ ਪ੍ਰਦਰਸ਼ਨ ਦਾ ਜਿੱਥੇ ਭੱਖਵਾਂ ਅਸਰ ਰੋਮ ਵਿੱਚ ਦੇਖਣ ਨੂੰ ਮਿਲਿਆ ਉੱਥੇ ਮਿਲਾਨ ਵਿੱਚ ਪ੍ਰਦਰਸ਼ਨਕਾਰੀਆਂ ਦੀ ਪੁਲਸ ਨਾਲ ਝੜਪ ਵੀ ਹੋਈ। ਇਨਸਾਫ਼ ਲਈ ਜਮੀਨੀ ਪਧੱਰ ਤੇ ਕੰਮ ਕਰ ਰਹੀ ਯੂਨੀਅਨ ਸਿੰਦਾਕਾਲੇ ਦੇ ਸੱਦੇ ਉਪੱਰ ਦੇਸ਼ ਭਰ ਵਿੱਚ ਹੋਈਆਂ ਇਹ ਰੋਸ਼ ਪ੍ਰਦਰਸ਼ਨ ਸਾਰਾ ਦਿਨ ਪ੍ਰਸਾਸ਼ਨ ਲਈ ਸਿਰਦਰਦੀ ਬਣਿਆ ਰਿਹਾ ਤੇ ਪੁਲਸ ਪੱਬੀ ਹੋ ਇਹਨਾਂ ਨੂੰ ਕੰਟੋਲ ਕਰਨ ਵਿੱਚ ਲੱਗੀ ਰਹੀ। ਮਿਲਾਨ ਪੁਲਸ ਅਨੁਸਾਰ ਸ਼ਹਿਰ ਵਿੱਚ 10,000 ਪ੍ਰਦਰਸ਼ਨਕਾਰੀ ਸੜਕਾਂ ਉਪੱਰ ਉਤਰੇ। ਇਹ ਵਿਸ਼ਾਲ ਇੱਕਠ ਜਿਹੜਾ ਇਹ ਕਹਿ ਰਿਹਾ ਸੀ ਕਿ ਉਹ ਇੱਥੇ ਇਜ਼ਰਾਈਲ ਨੂੰ ਰੋਕਣ ਲਈ ਆਏ ਹਨ। ਉਹ ਇੱਥੇ ਘਿਨਾਉਣੇ ਸਿਸਟਮ ਨੂੰ ਰੋਕਣ ਲਈ ਸਦਾ ਇਸ ਤਰ੍ਹਾਂ ਹੀ ਕੋਸ਼ਿਸ ਕਰਦੇ ਰਹਿਣਗੇ। ਰੋਮ ਵਿੱਚ ਵੀ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਜਿਹਨਾਂ ਵਿੱਚ ਬਹੁਤੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਸ਼ਾਮਿਲ ਸਨ ਸਵੇਰੇ 8 ਵਜੇ ਤੋਂ ਰਾਜਧਾਨੀ ਦੇ ਮੁੱਖ ਸਕੂਲਾਂ ਦੇ ਸਾਹਮ੍ਹਣੇ ਇੱਠਕੇ ਹੋ ਬੇਇਨਸਾਫ਼ੀ ਖਿਲਾਫ਼ ਲਾਮਬੰਦ ਹੋਣ ਦਾ ਪ੍ਰਣ ਕਰਦੇ ਦਿਖਾਈ ਦਿੱਤੇ। ਯੂਨੀਅਨ ਸਿੰਦਾਕਾਲੇ ਦਾ ਇਹ ਦੇਸ਼ ਭਰ ਵਿੱਚ ਵਿੱਢਿਆ ਇਹ ਵਿਸ਼ਾਲ ਰੋਸ ਪ੍ਰਦਰਸ਼ਨ ਫਲਸਤੀਨੀ ਲੋਕਾਂ ਨਾਲ ਏਕਤਾ ਅਤੇ ਗਾਜ਼ਾ ਵਿੱਚ ਹੋ ਰਹੀ ਨਸਲਕੁਸ਼ੀ ਦੇ ਵਿਰੁੱਧ ਆਮ ਲੋਕਾਂ ਦਾ ਖੜ੍ਹਨ ਡੱਟਵਾਂ ਐਲਾਨ ਸੀ ਜਿਸ ਨੂੰ ਇਟਲੀ ਭਰ ਵਿੱਚੋਂ ਲੱਖਾਂ ਨੌਜਵਾਨਾਂ ਨੇ ਭਰਪੂਰ ਸਾਥ ਦਿੱਤਾ। ਪੁਲਸ ਅਨੁਸਾਰ ਰੋਮ ਵਿੱਚ 1 ਲੱਖ ਤੋਂ ਉਪੱਰ ਪ੍ਰਦਰਸ਼ਨਕਾਰੀਆਂ ਨੇ ਸੜਕਾਂ ਉਪੱਰ ਉੱਤਰ ਨੇ ਇਹ ਰੋਸ਼ ਪ੍ਰਦਰਸ਼ਨ ਕੀਤਾ।


## ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ

### ਧਾਰਮਿਕ ਸੇਵਾਦਾਰ ਕੀਰਤਨੀ ਸਿੰਘ / ਤਬਲਾ ਵਾਦਕ ਦੀ ਤੁਰੰਤ ਲੋੜ ਹੈ

ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ। ਉਹ ਵਾਜਾ ਤੇ ਤਬਲਾ ਜਾਣਦੇ ਹੋਣ। ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ। ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਰੋਜ਼ਗਾਰ ਕਾਨੂੰਨ ਮੁਤਾਬਕ ਹੋਵੇਗੀ ਅਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ।

ਸ਼ਰਤਾਂ :- ਤਬਲਾ ਤੇ ਹਰਮੋਨੀਅਮ ਦੇ ਮਾਹਿਰ ਹੋਣ। ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਚਾਹਵਾਨ ਸੇਵਾਦਾਰ ਦਿੱਤੇ ਨੰਬਰ ਤੇ ਸੰਪਰਕ ਕਰਨ ਜਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ

ਵਧੇਰੇ ਜਾਣਕਾਰੀ ਲਈ ਹਰਦਿਆਲ ਸਿੰਘ ਧਮੜੈਤ: 07373 359229, ਸ: ਬਹਾਦਰ ਸਿੰਘ: 07875 289454

### VACANCIES FOR RELIGIOUS WORKERS AT KHALSA DRBAR GURDWARA DERBY U.K.

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to home, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to **Email: hdhamrait@hotmail.co.uk**

**Contact : Hardial Singh Damrait: 07373 359229, Bahadar Singh - 07875 289454**

**Closing Date : 5 - November - 2025**

SARBAT DA BHALA DERBY CHARITY NO. 1188193

**KHALSA DARBAR GURDWARA DERBY**

**Sinfin Lane, Derby, DE24 9GP.**

Email:Info@khalsadarbar.co.uk / Web:www.khalsadarbar.co.uk

# ਇਨਸਾਫ਼ ਦੀ ਝਾਕ

**ਇਨਸਾਫ਼ ਦੀ ਝਾਕ ਘੱਟ ਗਿਣਤੀਆਂ ਨੂੰ ਹੈ। ਇਨਸਾਫ਼ ਦੀ ਝਾਕ ਔਰਤਾਂ ਨੂੰ ਹੈ, ਜਿਹੜੀਆਂ ਦੂਹਰੀ ਗੁਲਾਮੀ ਦੀ ਜ਼ਿੰਦਗੀਆਂ ਜੀਊਂਦੀਆਂ ਹਨ। ਇਨਸਾਫ਼ ਦੀ ਝਾਕ ਉਹਨਾ ਸਭਨਾ ਨੂੰ ਹੈ, ਜਿਹੜੇ ਹਾਕਮਾਂ ਦੇ ਜ਼ੁਲਮ, ਜ਼ਬਰ, ਹਾਕਮਾਂ ਦੇ ਲਾਲਚੀ, ਹੈਂਕੜ ਭਰੇ ਵਤੀਰੇ ਕਾਰਨ ਡਰ-ਸਹਿਮ 'ਚ ਜ਼ਿੰਦਗੀ ਗੁਜ਼ਾਰ ਰਹੇ ਹਨ।**

**ਇਨਸਾਫ਼ ਦੀ ਇਹ ਝਾਕ-ਤਾਕ ਵਿਚੋਂ ਲੋਅ ਬਣੇਗੀ, ਜਦੋਂ ਜ਼ੁਲਮ ਸਹਿ ਰਹੇ ਲੋਕਾਂ ਦੇ ਮਨਾਂ 'ਚ ਲੜਨ ਅਤੇ ਜਿੱਤਣ ਦੀ ਲਾਲਸਾ ਪੈਦਾ ਹੋਏਗੀ ਅਤੇ ਉਹ ਬਿਹਤਰ ਜ਼ਿੰਦਗੀ ਜੀਊਣ ਲਈ ਸੰਘਰਸ਼ ਦਾ ਰਸਤਾ ਅਪਨਾਉਣਗੇ।**

ਗੁਰਮੀਤ ਸਿੰਘ ਪਲਾਹੀ
-9815802070



ਦੁਨੀਆ, ਦੇਸ਼ ਭਾਰਤ ਨੂੰ, ਇਥੋਂ ਦੇ ਕਾਨੂੰਨ, ਸਰਕਾਰੀ ਕੰਮਾਂ ਅਤੇ ਲੋਕਾਂ ਨਾਲ ਸਮਾਜਿਕ ਵਿਵਹਾਰ ਦੀਆਂ ਐਨਕਾਂ ਨਾਲ ਵੇਖਦੀ, ਪਰਖਦੀ ਹੈ। ਅਸੀਂ, ਭਾਵੇਂ ਖ਼ੁਦ ਨੂੰ ਲੱਖ ਧਰਮ ਨਿਰਪੱਖਤਾ ਦੇ ਅਲੰਬਰਦਾਰ ਗਰਦਾਨਦੇ ਰਹੀਏ, ਪਰ ਪਿਛਲੇ ਦਹਾਕੇ 'ਚ ਹਾਕਮਾਂ ਵੱਲੋਂ ਕੀਤੇ ਕਾਰਜ਼ਾਂ, ਪਾਸ ਕੀਤੇ ਕਾਨੂੰਨਾਂ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਵਹਾਰ ਕਾਰਨ ਦੁਨੀਆ ਭਾਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ ਹੈ ਅਤੇ ਸ਼ੰਕਾ ਜਿਤਾਉਣ ਲੱਗੀ ਹੈ ਕਿ ਦੇਸ਼ ਭਾਰਤ ਹੁਣ ਨਾ ਤਾਂ ਧਰਮ ਨਿਰਪੱਖ ਰਿਹਾ ਹੈ, ਨਾ ਹੀ ਲੋਕਤੰਤਰ। ਪਿਛਲੇ ਦਿਨੀਂ ਸਰਕਾਰ ਵੱਲੋਂ ਪਾਸ ਕਰਵਾਏ ਵਕਫ (ਸੋਧ) ਕਾਨੂੰਨ ਦੇ ਪਾਸ ਹੋਣ ਨਾਲ ਦੁਨੀਆ ਭਰ 'ਚ ਇਹ ਰਾਏ ਪੱਕੀ ਹੋਈ ਹੈ ਅਤੇ ਦੇਸ਼ ਦਾ ਅਕਸ ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਡਿੱਗਣ ਵਾਂਗਰ ਡਿਗਿਆ ਹੈ।

ਦੇਸ਼ 'ਚ ਇਸ ਵੇਲੇ ਇੱਕ ਅੰਦਾਜ਼ੇ ਮੁਤਾ-ਬਕ 20.2 ਕਰੋੜ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਹਨ ਅਤੇ ਦੁਨੀਆ ਭਰ 'ਚ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਵਕਫ (ਸੋਧ) ਦੇ ਮਾਮਲੇ 'ਤੇ ਭਾਵੇਂ ਦੇਸ਼ ਦੀ ਸੁਪਰੀਮ ਕੋਰਟ ਨੇ ਵਕਫ/ਸੋਧ ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਹੈ, ਪਰ ਕੀ ਕੇਂਦਰ ਸਰਕਾਰ ਨੇ ਇਸ ਤੋਂ ਨਸੀਹਤ ਲਈ ਹੈ ਜਾਂ ਲਵੇਗੀ? ਅਤੇ ਦੇਸ਼ ਦੇ ਧਰਮ ਨਿਰਪੱਖਤਾ ਦੇ ਅਕਸ ਨੂੰ ਲੱਗ ਰਹੀ ਢਾਅ ਨੂੰ ਰੋਕੇਗੀ? ਜਾਪਦਾ ਹੈ ਕਿ ਨਹੀਂ, ਕਿਉਂਕਿ 15 ਸਤੰਬਰ 2025 ਨੂੰ ਜਦੋਂ ਸੁਪਰੀਮ ਕੋਰਟ ਨੇ ਵਕਫ/ਸੋਧ ਬਿੱਲ 2025 ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਤਾਂ ਸਰਕਾਰ ਨੇ ਪੂਰਾ ਹੌਂਸਲਾ ਵਿਖਾਇਆ ਅਤੇ ਖ਼ੁਦ ਨੂੰ ਵਧਾਈ ਦਿੱਤੀ ਕਿ ਅਦਾਲਤ ਨੇ ਮੁਸਲਿਮ ਪਰਸਨਲ ਲਾਅ ਦੇ ਇੱਕ ਪ੍ਰਮੁੱਖ ਅੰਗ ਵਿੱਚ 'ਸੁਧਾਰ' ਦੇ ਸਰਕਾਰ ਦੇ ਯਤਨਾਂ ਦਾ ਸਮਰਥਨ ਕੀਤਾ ਹੈ। ਇਹ ਸਰਕਾਰ ਦੀ ਘੱਟ ਗਿਣਤੀਆਂ ਪ੍ਰਤੀ ਰਵੱਈਏ ਅਤੇ ਉਹਨਾ ਦੇ ਨਾਲ ਹੋ ਰਹੇ ਬੇਇਨਸਾਫ਼ੀ ਦੀ ਸਪਸ਼ਟ ਮਿਸਾਲ ਹੈ।

ਪਿਛਲੇ ਦਿਨੀਂ ਦੇਸ਼ ਦੇ ਇੱਕ ਪ੍ਰਮੁੱਖ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ ਸਾਬਤ ਕੀਤਾ ਕਿ ਸੰਨ-2020 ਵਿੱਚ ਜੋ ਦਿੱਲੀ ਦੰਗੇ ਹੋਏ ਸਨ, ਉਸ ਤੋਂ ਬਾਅਦ ਜਿਹੜੇ ਲੋਕ ਫੜੇ ਗਏ ਸਨ, ਉਹਨਾ ਦਾ ਇਹਨਾ ਦੰਗਿਆਂ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਇਹ ਮੰਨਦੇ ਹਨ ਕਿ ਇਹੀ ਕਾਰਨ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਨੂੰ ਪੰਜ ਸਾਲ ਜੇਲ੍ਹ ਵਿੱਚ ਰੱਖਣ ਦੇ ਬਾਅਦ ਵੀ ਉਸ ਉਤੇ ਕੋਈ ਮੁਕੱਦਮਾ ਸ਼ੁਰੂ ਨਹੀਂ ਹੋਇਆ। ਜਦੋਂ ਮੁਕੱਦਮਾ ਬਨਣ ਜੋਗਾ ਸਬੂਤ ਹੀ ਕੋਈ ਨਾ ਹੋਵੇ, ਤਾਂ ਅਕਸਰ ਮਾਮਲਾ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।

ਉਮਰ ਖਾਲਿਦ ਜਿਹੇ ਦੇਸ਼ ਭਰ ਦੀਆਂ ਜੇਲ੍ਹਾਂ 'ਚ ਬੰਦ 75 ਫ਼ੀਸਦੀ ਇਹੋ ਜਿਹੇ ਕੈਦੀ ਹਨ, ਜਿਹਨਾ ਉਤੇ ਮੁਕੱਦਮਾ ਚਲਾਇਆ ਹੀ ਨਹੀਂ ਗਿਆ। ਜੇਲ੍ਹਾਂ 'ਚ ਕੁੱਲ 5,73,220 ਕੈਦੀ ਹਨ ਅਤੇ ਉਹਨਾ ਵਿਚੋਂ 4,34,302 ਅੰਡਰ ਟਰਾਇਲ ਹਨ।

ਉਮਰ ਖਾਲਿਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਦਿੱਲੀ ਦੰਗਿਆ ਵੇਲੇ ਫੜਿਆ ਗਿਆ, ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਦਰਜ਼ਨਾਂ ਭਰ ਸਿੱਖ ਕੈਦੀ ਜੇਲ੍ਹਾਂ ਵਿੱਚ ਇਹੋ ਜਿਹੇ ਡੱਕੇ ਹੋਏ ਹਨ, ਜਿਹਨਾ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਮੁਕੱਦਮਿਆਂ ਵਿਚੋਂ ਵੀ ਬਰੀ ਹੋ ਚੁੱਕੇ ਹਨ। ਪਰ ਹਾਕਮਾਂ ਦੀ ਹੱਠ ਧਰਮੀ ਵੇਖੋ, ਸ਼ੰਕਿਆਂ ਕਾਰਨ ਉਹਨਾ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਸਿੱਟਾ, ਭਾਰਤ ਦੇਸ਼ ਦਾ ਨਾਮ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ 'ਚ ਨਿਵਾਣਾ ਵੱਲ ਗਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰ, ਲੇਖਕ, ਬੁੱਧੀਜੀਵੀ, ਜੇਲ੍ਹਾਂ ਦੀਆਂ ਸ਼ਲਾਖਾਂ 'ਚ ਹਨ। ਇਹਨਾ 'ਚ ਵਾਧਾ ਹਾਕਮ ਧਿਰ ਦੇ ਖਿਲਾਫ਼ ਵਿਰੋਧੀ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ ਦਾ ਵੀ ਹੈ, ਜਿਹੜੇ ਈ.ਡੀ., ਸੀ. ਬੀ. ਆਈ. ਇਨਕਮ ਟੈਕਸ ਅਤੇ ਹੋਰ ਖੁਦਮੁਖਤਾਰ ਸੰਸਥਾਵਾਂ (ਜਿਹਨਾ ਨੂੰ ਸਰਕਾਰ ਨੇ ਆਪਣਾ ਤੰਤਰ ਹੀ ਬਣਾ ਲਿਆ ਹੈ) ਦਾ ਸ਼ਿਕਾਰ ਬਣਾ ਦਿੱਤੇ ਗਏ ਹਨ।

ਨਾਗਰਿਕਤਾ ਸੰਸ਼ੋਧਨ ਜਾਂ ਸੀ. ਏ. ਏ. ਦੇ ਖਿਲਾਫ਼ ਜਿਸ ਢੰਗ ਨਾਲ ਲੋਕਾਂ 'ਚ ਵਿਰੋਧ ਹੋਇਆ। ਦੰਗੇ ਫਸਾਦ ਹੋਏ। ਜਿਸ ਢੰਗ ਨਾਲ ਸਰਕਾਰ ਨੇ ਇਹਨਾ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ ਫੜਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ਼ ਕੀਤੇ, ਉਹ ਬਿਨ੍ਹਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁੰਨਾਂ ਨੇ ਪ੍ਰਮੁੱਖ ਭੂਮਿਕਾ ਨਿਭਾਕੇ ਕੀਤੀ ਸੀ, ਉਹਨਾ ਨੇ ਟੈਲੀਵੀਜ਼ਨ ਉਤੇ ਆਕੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਹਰੇ ਲਾਕੇ ਸੰਦੇਸ਼ ਦਿੱਤਾ ਸੀ ਕਿ ਬਦਲਾਂ ਸਿੱਖਾਂ ਤੋਂ ਲਿਆ ਜਾਏਗਾ। ਕੀ ਇਹਨਾ ਦੰਗਿਆਂ ਦੇ ਜ਼ੁੰਮੇਵਾਰਾਂ ਨੂੰ ਅੱਜ ਤੱਕ ਵੀ ਸਜ਼ਾਵਾਂ ਮਿਲੀਆਂ? ਅਨੇਕਾਂ ਸੰਮਤੀਆਂ, ਕਮਿਸ਼ਨ ਬਣੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੰਨ 2020 ਦੇ ਦਿੱਲੀ ਦੰਗਿਆਂ 'ਚ 93 ਲੋਕ ਮਾਰੇ ਗਏ ਸਨ। ਉਹਨਾ 'ਚ 36 ਮੁਸਲਿਮ ਸਨ ਅਤੇ ਪੰਦਰਾਂ ਹਿੰਦੂ। ਲੇਕਿਨ ਗ੍ਰਿਫ਼ਤਾਰ ਕੇਵਲ ਮੁਸਲਿਮ ਕੀਤੇ ਗਏ। ਬੇਬੁਨਿਆਦ ਕੇਸ ਦਰਜ਼ ਹੋਏ। ਜਿਹਨਾ ਉਤੇ ਮੁਕੱਦਮੇ ਬਣੇ, ਉਹਨਾ ਵਿਚੋਂ 96 ਬਰੀ ਹੋ ਗਏ, ਇਹਨਾ ਵਿੱਚ 93 ਇਹੋ ਜਿਹੇ ਸਨ, ਜਿਹਨਾ 'ਤੇ ਝੂਠੇ ਮੁਕੱਦਮੇ ਦਰਜ਼ ਹੋਏ ਸਨ। ਇਹ ਦੰਗੇ ਜਦੋਂ ਸੰਨ 2020 'ਚ ਹੋਏ, ਉਦੋਂ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡੋਨਲਡ ਟਰੰਪ ਦਾ ਖ਼ੂਬ ਸ਼ਾਨੋ-ਸ਼ੌਕਤ ਨਾਲ ਸਵਾਗਤ ਹੋਇਆ ਸੀ ਅਤੇ ਨਰੇਂਦਰ ਮੋਦੀ ਇਹ ਸਵਾਗਤ ਕਰ ਰਹੇ ਸਨ। ਪੁਲਿਸ ਵਾਲਿਆਂ ਨੇ ਸਥਿਤੀ ਨੂੰ ਨਿਪਟਾਉਣ ਲਈ ਜਿਹੜਾ ਵੀ ਅੜਿੱਕੇ ਆਇਆ, ਉਸ ਨੂੰ ਚੁੱਕਕੇ ਜੇਲ੍ਹ ਸੁੱਟ ਦਿੱਤਾ। ਇਸ ਦੰਗਿਆਂ ਵਾਲੇ ਕੇਸ 'ਚ ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਉਤੇ ਮਾਸਟਰ ਮਾਈਂਡ ਹੋਣ ਦਾ ਦੋਸ਼ ਲੱਗਾ, ਜੋ ਅੱਜ ਤੱਕ ਜੇਲ੍ਹ 'ਚ ਸੜ ਰਿਹਾ ਹੈ ਅਤੇ ਹੇਠਲੀਆਂ ਅਦਾਲਤਾਂ 'ਚੋਂ ਸਮੇਤ ਹਾਈਕੋਰਟ ਦੇ ਉਸਨੂੰ ਜ਼ਮਾਨਤ ਨਹੀਂ ਮਿਲੀ। ਹੁਣ ਜ਼ਮਾਨਤ ਲਈ ਸੁਣਵਾਈ ਸੁਪਰੀਮ ਕੋਰਟ 'ਚ ਹੈ।

ਦੇਸ਼ ਇਸ ਵੇਲੇ ਜਿਥੇ ਵੋਟ ਰਾਜਨੀਤੀ ਨਾਲ ਤ੍ਰਭਕਿਆ ਪਿਆ ਹੈ। ਹਾਕਮਾਂ 'ਤੇ ਵੋਟ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ। ਫਿਰਕਾਪ੍ਰਸਤੀ ਦੀ ਹਨ੍ਹੇਰੀ ਵਗਾਕੇ ਜਿਵੇਂ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਉਸ ਨਾਲ ਦੇਸ਼ ਦੇ ਵਿੱਚ ਧੱਕੇ ਧੌਂਸ ਦੀ ਰਾਜਨੀਤੀ ਦਾ ਬੋਲਬਾਲਾ ਹੋ ਰਿਹਾ ਹੈ।

ਭਾਰਤ ਨੂੰ ਸਮਾਜਿਕ ਬੇਇਨਸਾਫ਼ੀ ਦੇ ਮੁੱਦਿਆਂ ਨੇ ਤਾਂ ਜਕੜਿਆ ਹੀ ਹੋਇਆ ਹੈ। ਨਸਲੀ, ਨਾ ਬਰਾਬਰੀ, ਜ਼ੋਨ ਉਤਪੀੜਨ, ਔਰਤਾਂ ਨਾਲ ਵਿਤਕਰਾ, ਤਨਖ਼ਾਹ 'ਚ ਅਸਾਮਨਤਾ ਤਾਂ ਹੈ ਹੀ, ਪਰ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਧਾਰਮਿਕ ਭੇਦਭਾਵ ਮੌਜੂਦਾ ਸਿਆਸੀ ਹਾਕਮਾਂ ਦੀ ਦੇਣ ਹਨ। ਇਸ ਵਿਚੋਂ ਹੀ ਗਰੀਬ-ਅਮੀਰ ਦਾ ਪਾੜਾ, ਔਰਤਾਂ ਦੀ ਅਸੁਰੱਖਿਆ, ਸਿਆਸਤ ਵਿੱਚ ਸਾਮ, ਦਾਮ, ਦੰਡ ਦੀ ਵਰਤੋਂ ਅਤੇ ਨਫ਼ਰਤੀ ਵਤੀਰਾ ਇਨਸਾਫ਼ ਨੂੰ ਛਿੱਕੇ ਟੰਗ ਰਿਹਾ ਹੈ। ਇਸ ਨਫ਼ਰਤੀ ਵਤੀਰੇ ਦਾ ਕਾਰਨ, ਪਾਰਲੀਮੈਂਟ ਲਈ ਚੁਣੇ ਗਏ ਮੈਂਬਰਾਂ ਵਿੱਚ 46 ਫ਼ੀਸਦੀ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕ ਹਨ। ਇਹਨਾ ਵਿੱਚੋਂ 31 ਉਤੇ ਹੱਤਿਆ ਦੇ ਮਾਮਲੇ ਹਨ ਅਤੇ ਚੁਣੀਆਂ ਗਈਆਂ ਸਾਂਸਦ-ਵਿਧਾਇਕ ਔਰਤਾਂ ਵਿੱਚੋਂ 28 ਫ਼ੀਸਦੀ 'ਤੇ ਅਪਰਾਧਿਕ ਮੁਕੱਦਮੇ ਦਰਜ਼ ਹਨ, ਜਿਹਨਾ ਵਿੱਚ 15 ਦੇ ਖਿਲਾਫ਼ ਹੱਤਿਆ ਦੇ ਮਾਮਲੇ ਹਨ। ਦੇਸ਼ ਵਿੱਚ ਵੰਸ਼ਵਾਦ ਦਾ ਐਡਾ ਦਬਾਅ ਹੈ ਕਿ ਦੇਸ਼ ਦੇ 21 ਫ਼ੀਸਦੀ ਸਾਂਸਦ-ਵਿਧਾਇਕ ਸਿਆਸੀ ਪਰਿਵਾਰਾਂ ਵਿੱਚੋਂ ਹੀ ਹਨ। ਦੇਸ਼ 'ਚ ਅਪਰਾਧਿਕ ਵਿਰਤੀ ਅਤੇ ਵੰਸ਼ਵਾਦ ਦੀ ਗਹਿਰੀ ਪਕੜ ਨੇ ਰਾਜਨੀਤੀ, ਇਨਸਾਫ਼ ਅਤੇ ਲੋਕਤੰਤਰ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਨਵੇਂ ਅਤੇ ਯੋਗ ਨੇਤਾਵਾਂ ਕੋਲੋਂ ਅੱਗੇ ਆਉਣ ਦਾ ਮੌਕਾ ਖੋਹਿਆ ਜਾ ਰਿਹਾ ਹੈ। ਦੇਸ਼ 'ਚ ਇਹੋ ਜਿਹੇ ਕੰਮ ਦੇਸ਼ ਦੇ ਲੋਕਾਂ ਦੀ ਇਨਸਾਫ਼ ਪ੍ਰਤੀ ਤਾਂਘ ਅਤੇ ਝਾਕ ਨੂੰ ਖੁੰਡਾ ਕਰਨ ਵਾਲਾ ਤੰਤਰ ਬਣ ਚੁੱਕੇ ਹਨ। ਹੱਥ ਆਈ ਗੱਦੀ ਨੂੰ ਹੱਥੋਂ ਨਾ ਜਾਣ ਦੇਣਾ, ਧਰਮ ਦੇ ਨਾਮ ਉਤੇ ਸਿਆਸਤ ਕਰਨਾ, ਜਾਤ-ਬਰਾਦਰੀ ਦੇ ਨਾਮ ਉਤੇ ਵੋਟ ਵਟੋਰਨਾ ਅਤੇ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ ਉਤੇ ਕਾਬੂ ਪਾਉਣਾ, ਇਨਸਾਫ਼ ਨੂੰ ਖੂਹ 'ਚ ਸੁੱਟਣ ਸਮਾਨ ਹੈ।

ਪਿਛਲੇ ਦਿਨਾਂ 'ਚ ਦੇਸ਼ ਦੇ ਚੋਣ ਕਮਿਸ਼ਨ ਉਤੇ ਲੱਗੇ ਦੋਸ਼ ਕਈ ਸਵਾਲ ਖੜੇ ਕਰ ਰਹੇ ਹਨ। ਚੋਣ ਕਮਿਸ਼ਨ ਦਾ ਇੱਕ ਪਾਸੜ ਹੋਕੇ ਕੰਮ ਕਰਨਾ ਇਨਸਾਫ਼ ਦੇ ਤਰਾਜੂ ਨੂੰ ਖਪਾਉਣ ਦਾ ਯਤਨ ਹੈ। ਸਮੇਂ-ਸਮੇਂ 'ਤੇ ਅਦਾਲਤਾਂ ਉਤੇ ਵੀ ਇੱਕ ਪਾਸੜ ਅਤੇ ਹਾਕਮਾਂ ਦਾ ਪ੍ਰਭਾਵ ਕਬੂਲਣ ਦੇ ਦੋਸ਼ ਲੱਗਦੇ ਦਿਸਦੇ ਹਨ ਅਤੇ ਕਈ ਜੱਜਾਂ, ਦੀ ਕਾਰਗੁਜ਼ਾਰੀ ਵੀ ਸ਼ੰਕੇ ਦੇ ਘੇਰੇ 'ਚ ਆਉਂਦੀ ਹੈ, ਜਦੋਂ ਉਹ ਸੇਵਾ ਮੁਕਤੀ ਉਪਰੰਤ ਤੁਰੰਤ ਬਾਅਦ ਰਾਜ ਸਭਾ ਦੇ ਮੈਂਬਰ, ਗਵਰਨਰੀ ਜਾਂ ਉੱਚ ਅਹੁਦੇ ਕਬੂਲ ਲੈਂਦੇ ਹਨ।

ਉਹ ਸੰਸਥਾ ਜਿਸ ਉਤੇ ਦੇਸ਼ ਨੂੰ ਕਦੇ ਵੱਡਾ ਮਾਣ ਸੀ ਅਤੇ ਜਿਸਨੂੰ ਲੋਕਤੰਤਰ ਦਾ ਚੌਥਾ ਥੰਮ ਗਿਣਿਆ ਜਾਂਦਾ ਸੀ, ਉਹ ਗੋਦੀ ਮੀਡੀਆ ਦਾ ਰੂਪ ਧਾਰਨ ਕਰ ਚੁੱਕਾ ਹੈ। ਜਿਸਨੂੰ ਸਿਆਸਤਦਾਨਾਂ, ਹਾਕਮਾਂ, ਅਜਾਰੇਦਾਰਾਂ ਨੇ ਹਥਿਆ ਲਿਆ ਹੈ।

ਮਨੀਪੁਰ ਇਨਸਾਫ਼ ਦੀ ਝਾਕ 'ਚ ਹੈ। ਜੋ ਦਹਾਕਿਆਂ ਤੋਂ ਹਾਕਮਾਂ ਦੀਆਂ ਅਪਹੁਦਰੀਆਂ ਦਾ ਸ਼ਿਕਾਰ ਹੈ। ਦੋ ਤਿੰਨ ਟੋਟਿਆਂ 'ਚ ਵੰਡ ਦਿੱਤਾ ਗਿਆ । ਜੰਮੂ ਕਸ਼ਮੀਰ ਇਨਸਾਫ ਲਈ ਤਰਸ ਰਿਹਾ ਹੈ, ਵਾਅਦਿਆਂ ਦੇ ਬਾਵਜੂਦ ਵੀ ਉਥੋਂ ਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਪੰਜਾਬ ਸਦਾ ਦੀ ਤਰ੍ਹਾਂ ਹਾਕਮਾਂ ਦੇ ਮਤਰੇਏ ਸਲੂਕ ਕਾਰਨ ਝੰਬਿਆ, ਇਨਸਾਫ਼ ਭਾਲ ਰਿਹਾ ਹੈ। ਇਨਸਾਫ਼ ਦੀ ਭਾਲ 'ਚ ਤਾਂ ਦੇਸ਼ ਦੇ ਉਹ ਸਾਰੇ ਲੋਕ ਹਨ, ਜਿਹੜੇ ਜੀਊਣ ਦੇ ਘੱਟੋ-ਘੱਟ ਸਾਧਨਾਂ ਤੋਂ ਵਿਰਵੇ ਹਨ। ਤੰਗੀਆਂ-ਤੁਰਸ਼ੀਆਂ 'ਚ ਜੀਵਨ ਗੁਜ਼ਾਰ ਰਹੇ ਹਨ। ਅਤੇ ਜਿਹੜੇ ਨਿੱਤ ਗਰੀਬ, ਅਤਿ ਗਰੀਬ ਹੋ ਰਹੇ ਹਨ।

ਇਨਸਾਫ਼ ਦੀ ਝਾਕ ਘੱਟ ਗਿਣਤੀਆਂ ਨੂੰ ਹੈ। ਇਨਸਾਫ਼ ਦੀ ਝਾਕ ਔਰਤਾਂ ਨੂੰ ਹੈ, ਜਿਹੜੀਆਂ ਦੂਹਰੀ ਗੁਲਾਮੀ ਦੀ ਜ਼ਿੰਦਗੀਆਂ ਜੀਊਂਦੀਆਂ ਹਨ। ਇਨਸਾਫ਼ ਦੀ ਝਾਕ ਉਹਨਾ ਸਭਨਾ ਨੂੰ ਹੈ, ਜਿਹੜੇ ਹਾਕਮਾਂ ਦੇ ਜ਼ੁਲਮ, ਜ਼ਬਰ, ਹਾਕਮਾਂ ਦੇ ਲਾਲਚੀ, ਹੈਂਕੜ ਭਰੇ ਵਤੀਰੇ ਕਾਰਨ ਡਰ-ਸਹਿਮ 'ਚ ਜ਼ਿੰਦਗੀ ਗੁਜ਼ਾਰ ਰਹੇ ਹਨ।

ਇਨਸਾਫ਼ ਦੀ ਇਹ ਝਾਕ-ਤਾਕ ਵਿਚੋਂ ਲੋਅ ਬਣੇਗੀ, ਜਦੋਂ ਜ਼ੁਲਮ ਸਹਿ ਰਹੇ ਲੋਕਾਂ ਦੇ ਮਨਾਂ 'ਚ ਲੜਨ ਅਤੇ ਜਿੱਤਣ ਦੀ ਲਾਲਸਾ ਪੈਦਾ ਹੋਏਗੀ ਅਤੇ ਉਹ ਬਿਹਤਰ ਜ਼ਿੰਦਗੀ ਜੀਊਣ ਲਈ ਸੰਘਰਸ਼ ਦਾ ਰਸਤਾ ਅਪਨਾਉਣਗੇ।



– ਲੇਖਕ –
ਗਿਆਨੀ
ਗੁਰਦਿੱਤ ਸਿੰਘ

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਭਗਤੀ ਮਤ ਦੇ ਅਚਾਰੀਆ ਵੱਲੋਂ ਦੱਸਿਆ ਮੁਕਤੀ ਦਾ ਸਰੂਪ ਅਸੀਂ ਉਨ੍ਹਾਂ ਦੇ ਗ੍ਰੰਥਾਂ ਵਿੱਚੋਂ ਦੇਖ ਆਏ ਹਾਂ । ਉਨ੍ਹਾਂ ਦੀ ਭਗਤੀ ਸਾਧਨਾ ਦਾ ਕਥਨ ਫਿਰ ਸਾਹਮਣੇ ਰੱਖਣ ਦੀ ਲੋੜ ਹੈ । ਜਿੰਨਾਂ ਚਿਰ ਜੀਵ ਦਾ ਸਰੀਰ ਨਾਲ ਸਬੰਧ ਹੈ ਮੁਕਤੀ ਦੇ ਭਾਵਾਂ ਦੀ ਉਪਜ ਹੀ ਸੰਭਵ ਨਹੀਂ । ਗੁਰਮਤਿ ਨੇ ਇਸ ਨਾਲੋਂ ਬਿਲਕੁੱਲ ਵੱਖਰਾ ਜੀਵਨ ਮੁਕਤੀ ਦਾ ਸੰਕਲਪ ਦਿੱਤਾ ਹੈ ।**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–12**

ਇਨ੍ਹਾਂ ਦੀ ਇਕ ਵਿਸ਼ੇਸ਼ ਗੱਲ ਸਮਝਣ ਵਾਲੀ ਇਹ ਹੈ– ਜੀਵ ਕਾ ਜਬ ਤੱਕ ਸਰੀਰ ਸੇ ਸਬੰਧ ਹੈ ਤਬ ਤੱਕ ਭਾਗਵਤ ਭਾਵ ਕੀ ਉਤਪਤੀ ਸੰਭਵ ਨਹੀਂ (ਵੇਦਾਂਤ ਰਤਨਮ ਛੇਵਾਂ ਸਲੋਕ।) ਉਪਰਲੇ ਅਚਾਰੀਆ ਦੇ ਮੁਕਤੀ ਬਾਰੇ ਵਿਚਾਰਾਂ ਦਾ ਸਾਰ ਇਹ ਹੈ:–

1. ਸ਼ੰਕਰਾਚਾਰੀਆ ਕਹਿੰਦੇ ਹਨ, ਮੁਕਤੀ ਦਾ ਮਾਰਗ ਗਿਆਨ ਹੈ।

2. ਨਿੰਬਾਰਕ ਕਹਿੰਦੇ ਹਨ,–ਮੁਕਤੀ ਅਗਿਆਨੀਆਂ ਅਣਪੜ੍ਹਾਂ ਨੂੰ ਪ੍ਰਾਪਤ ਨਹੀਂ ਹੋ ਸਕਦੀ।

3. ਮਾਧਵਾ ਚਾਰੀਆ ਦੇ ਮਤ ਅਨੁਸਾਰ,– ਜਦੋਂ ਤੀਕ ਸਰੀਰ ਹੈ ਮੁਕਤੀ ਸੰਭਵ ਨਹੀਂ।

ਗੁਰਮਤਿ ਦੇ ਮੁਕਤੀ ਮਾਰਗ ਅਤੇ ਭਗਤੀ ਮਤ ਦੇ ਏਨ੍ਹਾਂ ਅਚਾਰੀਆਂ ਦੀ ਮੁਕਤੀ ਦਾ ਭੇਦ ਸਪੱਸ਼ਟ ਹੈ। ਗੁਰਮਤਿ ਨੇ ਮੁਕਤੀ ਬਾਰੇ ਇਸ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ ਹਨ:–

1. ਜੋ ਪ੍ਰਾਣੀ ਗੋਵਿੰਦੁ ਧਿਆਵੈ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥
(ਗਉੜੀ ਮ. 5–197)

2. ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ ॥
ਨਾਨਕ ਲੇਖੈ ਇਕ ਗਲ ਹੋਰੁ
ਹਉਮੈ ਝਖਣਾ ਝਾਖ ॥
(ਸਲੋਕ ਮ. 1, ਆਸਾ ਦੀ ਵਾਰ 467)

3. ਹਸੰਦਿਆ ਖੇਲੰਦਿਆ ਪੈਨੰਦਿਆ
ਖਾਵੰਦਿਆ ਵਿਚੇ ਹੋਵੈ ਮੁਕਤਿ ॥
(ਸਲੋਕ ਮ. 5– ਗੁਜਰੀ ਵਾਰ ਮ. 5, 522)

ਮਾਧਵਾ ਅਚਾਰੀਆ ਦੇ ਮਤ ਅਨੁਸਾਰ ਸਾਧਕ ਦਾ ਜੀਵਨ ਮੁਕਤ ਹੋਣਾ ਕਿਸੇ ਤਰ੍ਹਾਂ ਭੀ ਸੰਭਵ ਨਹੀਂ, ਉਨ੍ਹਾਂ ਦਾ ਵਿਚਾਰ ਹੈ:–

ਭਗਤੀ ਦੀਆਂ ਕਿਸਮਾਂ ਕੁਝ ਅਚਾਰੀਆਂ ਨੇ ਨਵਧਾ (ਨੌਂ) ਭਗਤੀ, ਕੁਝ ਨੇ ਗਿਆਰਾਂ ਦੱਸੀਆਂ ਹਨ, ਗੁਰੂ ਗ੍ਰੰਥ ਸਾਹਿਬ ਵਿੱਚ ਭੀ ਕਿਸੇ ਥਾਂ ਹਵਾਲੇ ਦੇ ਭਗਤ ਨਵੈ ਪ੍ਰਕਾਰਾਂ ਵਾਕ ਆਉਂਦੇ ਹਨ। ਭਗਤੀ ਦੀਆਂ ਏਨ੍ਹਾਂ ਕਿਸਮਾਂ ਵਿੱਚ ਉਸ ਸਮੇਂ ਤੋਂ ਹੁਣ ਤੱਕ ਨ੍ਰਿਤ ਗਾਇਨ ਆਦਿ ਕਰਮ–ਕਿਰਤ ਪ੍ਰਧਾਨ ਰਹੇ। ਗੁਰਮਤਿ ਨੇ ਨੱਚਣ ਟੱਪਣ ਵਾਲੀ ਭਗਤੀ ਨੂੰ ਪਸੰਦ ਨਹੀਂ ਕੀਤਾ:–

ਨਚਿ ਨਚਿ ਹਸਹਿ ਚਲਹਿ ਸੇ ਰੋਇ॥
(ਆਸਾ ਦੀ ਵਾਰ ਮ. 1, 465)

ਨਿਰਤਿ ਕਰੀ ਇਹੁ ਮਨੁ ਨ ਨਚਾਈ॥
ਗੁਰਪਰਸਾਦੀ ਆਪੁ ਗਵਾਈ॥
(ਗੁਜਰੀ ਮ. 3, 506)

ਨਚਿਐ ਟਪਿਐ ਭਗਤ ਨ ਹੋਇ॥
(ਮਹਲਾ 3, 159)

ਚਿਤੁ ਥਿਰੁ ਰਾਖੈ ਸੁ ਮੁਕਤਿ ਹੋਵੈ ਜੋ ਇਛੀ ਸੋਈ ਫਲੁ ਪਾਈ॥(ਗੁਜਰੀ ਮਹਲਾ 3, 506)


ਇਹ ਪੂਰਾ ਸ਼ਬਦ ਮੁਕਤੀ ਪਰਥਾਏ ਹੈ। ਗੁਰਮਤਿ ਨੇ ਅਚਾਰੀ ਨਹੀਂ ਜੀਤਿਆ ਜਾਏ ਭਗਤੀ ਦੀਆਂ ਵਿਧੀਆਂ, ਪੂਜਾ ਅਰਚਾ ਦੀਆਂ ਰੀਤਾਂ ਦੀ ਪੂਰਤੀ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ। ਕੇਵਲ ਕੀਰਤਨ ਭਗਤੀ ਨੂੰ ਪ੍ਰਧਾਨਤਾ ਦਿੱਤੀ ਹੈ। ਸੇਵਾ ਪਰਉਪਕਾਰ ਦੀ ਸਿੱਖਿਆ ਭੀ ਹੈ। ਗੁਰੂ ਸ਼ਬਦ ਵੀਚਾਰ ਵਾਲੀ ਭਗਤੀ ਦਾ ਰੂਪ ਪ੍ਰਗਟਾ ਕੇ ਦੱਸਿਆ ਹੈ ਅਲਹੁ ਦੀ ਭਗਤੀ ਨਿਰਾਲੀ ਚੀਜ਼ ਹੈ। ਗੁਰ ਵਿਚਾਰ ਨਾਲ ਇਹ ਹਿਰਦੇ ਵਿੱਚ ਵੱਸਦੀ ਤੇ ਜਾਣੀ ਜਾਂਦੀ ਹੈ।

ਭਗਤਿ ਨਿਰਾਲੀ ਅਲਾਹ ਦੀ
ਜਾਪੈ ਗੁਰ ਵੀਚਾਰਿ॥
ਨਾਨਕ ਨਾਮੁ ਹਿਰਦੈ ਵਸੈ
ਭੈ ਭਗਤੀ ਨਾਮਿ ਸਵਾਰਿ॥
(ਰਾਗ ਆਸਾ ਮ. 3,430)

ਭਗਤਿ ਨਿਰਾਲੀ ਅਲਾਹ ਸਪੱਸ਼ਟ ਕਰ ਦਿੰਦਾ ਹੈ ਕਿ ਗੁਰਮਤਿ ਭਗਤੀ ਵਿੱਚ ਕ੍ਰਿਸ਼ਨ, ਬਿਸ਼ਨ, ਰਾਧਾ ਕ੍ਰਿਸ਼ਨ, ਸੀਤਾ ਰਾਮ ਦੀ ਭਗਤੀ ਹੀ ਦੀ ਗੁੰਜਾਇਸ਼ ਨਹੀਂ। ਜਿਵੇਂ ਭਗਤੀ ਮਤ ਦੇ ਅਚਾਰੀਆ ਨੇ ਭਿੰਨ–ਭਿੰਨ ਕਿਸਮਾਂ, ਫਿਰ ਉਨ੍ਹਾਂ ਦੇ ਭੇਦਾਂ ਵਿੱਚ ਭਗਤੀ ਨੂੰ ਵੰਡਿਆ ਹੈ, ਗੁਰਮਤਿ ਨੇ ਹਉਮੈ ਮਾਰਨ, ਆਪਾ ਚੀਨਣ ਤੇ ਆਪਾ ਸਾਧਨ ਵਾਲੀ ਪ੍ਰੇਮਾ ਭਗਤੀ ਦਾ ਮਾਰਗ ਖੋਲ੍ਹਿਆ ਹੈ ਪ੍ਰੇਮ ਭਗਤਿ ਜਹਿ ਜਾਨੀ। ਸੋ ਜਨ ਤਤ ਪਛਾਨੀਂ। ਇਸ ਭਾਵਨਾ ਵਾਲੀ ਭਗਤੀ ਨੂੰ ਪ੍ਰਮੁੱਖਤਾ ਦਿੱਤੀ।

ਭਗਤੀ ਮਤ ਦੇ ਅਚਾਰੀਆ ਵੱਲੋਂ ਦੱਸਿਆ ਮੁਕਤੀ ਦਾ ਸਰੂਪ ਅਸੀਂ ਉਨ੍ਹਾਂ ਦੇ ਗ੍ਰੰਥਾਂ ਵਿੱਚੋਂ ਦੇਖ ਆਏ ਹਾਂ। ਉਨ੍ਹਾਂ ਦੀ ਭਗਤੀ ਸਾਧਨਾ ਦਾ ਕਥਨ ਫਿਰ ਸਾਹਮਣੇ ਰੱਖਣ ਦੀ ਲੋੜ ਹੈ। ਜਿੰਨਾਂ ਚਿਰ ਜੀਵ ਦਾ ਸਰੀਰ ਨਾਲ ਸਬੰਧ ਹੈ ਮੁਕਤੀ ਦੇ ਭਾਵਾਂ ਦੀ ਉਪਜ ਹੀ ਸੰਭਵ ਨਹੀਂ। ਗੁਰਮਤਿ ਨੇ ਇਸ ਨਾਲੋਂ ਬਿਲਕੁੱਲ ਵੱਖਰਾ ਜੀਵਨ ਮੁਕਤੀ ਦਾ ਸੰਕਲਪ ਦਿੱਤਾ ਹੈ। ਗੁਰੂ ਨਾਨਕ ਜੀ ਦਾ ਕਥਨ ਹੈ:–

ਅਨਦਿਨੁ ਜਾਗਿ ਰਹੇ ਲਿਵ ਲਾਈ॥




ਜੀਵਨ ਮੁਕਤਿ ਗੜਿ ਅੰਤਰਿ ਪਾਈ॥4॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ॥
ਤਸਕਰ ਪੰਚ ਸਬਦਿ ਸੰਘਾਰੇ॥
(ਰਾਮਕਲੀ ਮ. 1, 904)

ਹੋਰਨਾ ਕਿਸਮਾਂ ਦੇ ਕਰਮਾਂ ਨੂੰ ਇਸ ਤਰ੍ਹਾਂ ਰੱਦ ਕੀਤਾ ਹੈ:–

ਅਧਿਆਤਮ ਕਰਮ ਕਰੇ ਤਾ ਸਾਚਾ॥
ਮੁਕਤਿ ਭੇਦੁ ਕਿਆ ਜਾਣੈ ਕਾਚਾ॥
(ਗਉੜੀ ਮ. 1, 223)

ਜੀਵਤ ਮਰਹੁ ਭਵਜਲੁ ਜਗੁ ਤਰਣਾ॥
(ਮਾਰੂ ਮ. 1, 1040)

ਮੁਕਤੁ ਭਏ ਹਰਿ ਦਾਸ ਤੁਮਾਰੇ॥
(ਮਾਰੂ ਮ. 1, 1034)

ਗੁਰਮਤਿ ਨੇ ਸਰੀਰ ਦੀ ਹੋਂਦ ਪਿੱਛੋਂ ਮੁਕਤੀ ਦੀ ਪ੍ਰਾਪਤੀ ਨੂੰ ਇਹ ਮਹੱਤਵ ਨਹੀਂ ਦਿੱਤਾ ਜੋ ਜੀਵਨ ਮੁਕਤੀ ਨੂੰ ਦਿੱਤਾ। ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਨੇ ਭੀ ਜੀਵਨ ਮੁਕਤ ਜੁਗਤੀ ਦੇ ਸਿਧਾਂਤ ਦੀ ਪਾਲਣਾ ਕੀਤੀ ਹੈ।

ਜੀਵਤ ਪਾਵਹੁ ਮੋਖ ਦੁਆਰ॥
ਅਨਭਉ ਸਬਦੁ ਤਤੁ ਨਿਜੁ ਸਾਰ॥1॥
(ਗੁਉੜੀ ਕਬੀਰ, ਥਿੰਤੀ 343)

ਬੇਣੀ ਕਹੈ ਸੁਨਹੁ ਰੇ ਸੰਤਹੁ
ਮਰਨ ਮੁਕਤਿ ਕਿਨਿ ਪਾਈ॥
(ਸ੍ਰੀ ਰਾਗ, ਬੇਣੀ ਜੀ, 93)

ਮੂਏ ਹੂਏ ਜਉ ਮੁਕਤਿ ਦੇਹੁਗੇ
ਮੁਕਤਿ ਨ ਜਾਨੈ ਕੋਇਲਾ॥
(ਮਲਾਰ ਨਾਮਦੇਵ, 1292)

ਤੂ ਕਹੀਅਤ ਹੈ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥
(ਗੋਂਡ ਨਾਮਦੇਵ, 874)

ਬਦਤਿ ਜੈ ਦੇਉ ਜੈਦੇਵ ਕਉ ਰੰਮਿਆ
ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ॥
(ਮਾਰੂ ਜੈ ਦੇਵ 1106)

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ
ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ॥3॥
ਜੋਤਿ ਸਮਾਇ ਸਮਾਨੀ ਜਾ ਕੈ
ਅਛਲੀ ਪ੍ਰਭੁ ਪਹਿਚਾਨਿਆ॥
ਧੰਨੈ ਧਨੁ ਪਾਇਆ ਧਰਣੀਧਰੁ
ਮਿਲਿ ਜਨ ਸੰਤ ਸਮਾਨਿਆ॥4॥
(ਆਸਾ ਧੰਨਾ ਜੀ, 487)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
(ਪੀਪਾ ਜੀ)

*ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ*

## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 1 ਕੀਰਤਨੀ ਸਿੰਘ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ–ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 24 ਅਕਤੂਬਰ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 1 VACANCY for Temporary Religious Worker (Tier 5)

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 24th October 2025**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

**President: Karamjeet Singh Dhillon - 01922 641040**
**Vice President: Jurloden Singh - 01922 641040**
**Email:gurdwara.pleck@gmail.com**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼


–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਅੰਮ੍ਰਿਤਸਰ ਦੇ ਗੁਰਦੁਆਰੇ

ਅੰਮ੍ਰਿਤਸਰ ਸ਼ਹਿਰ ਵਿੱਚ ਬਹੁਤ ਸਾਰੇ ਗੁਰ-ਦੁਆਰੇ ਇਤਿਹਾਸ ਨਾਲ ਸੰਬੰਧ ਰੱਖਦੇ ਹਨ ਜਿਨ੍ਹਾਂ ਦਾ ਹੇਠਾਂ ਅਸੀਂ ਸੰਖੇਪ ਤੌਰ 'ਤੇ ਜ਼ਿਕਰ ਕਰਾਂਗੇ:

**1. ਗੁਰਦੁਆਰਾ ਲਾਚੀ ਬੇਰ ਸਾਹਿਬ:** ਇਹ ਛੋਟਾ ਜਿਹਾ ਗੁੰਬਦਨੁਮਾ ਗੁਰਦੁਆਰਾ ਹਰਿਮੰਦਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਤੋਂ ਪਹਿਲਾਂ ਸੱਜੇ ਹੱਥ ਵੱਲ ਹੈ। ਇਥੇ ਜੋ ਬੇਰੀ ਹੈ ਉਸ ਦੇ ਬੇਰ ਛੋਟੀ ਇਲਾਚੀ ਵਰਗੇ ਹੁੰਦੇ ਹਨ। ਪਵਿੱਤਰ ਸਰੋਵਰ ਦੀ ਕਾਰ ਸੇਵਾ ਸਮੇਂ ਗੁਰੂ ਅਰਜਨ ਸਾਹਿਬ ਅਤੇ ਭਾਈ ਸਾਲ੍ਹੋ ਜੀ ਇਸ ਬੇਰੀ ਹੇਠਾਂ ਬੈਠ ਕੇ ਨਿਗਰਾਨੀ ਕਰਦੇ ਸਨ।

ਮੱਸਾ ਰੰਗੜ ਨੇ ਜਦੋਂ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਕੀਤੀ ਤਾਂ ਮਾੜੀ ਕੰਬੋ ਕੇ ਦੇ ਭਾਈ ਸੁੱਖਾ ਸਿੰਘ ਅਤੇ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢਿਆ ਸੀ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਆਪਣੇ ਘੋੜੇ ਇਸ ਬੇਰੀ ਨਾਲ ਬੰਨ੍ਹੇ ਸਨ। ਮੱਸੇ ਰੰਘੜ ਦਾ ਸਿਰ ਵੱਢ ਕੇ ਨੇਜ਼ੇ 'ਤੇ ਟੰਗ ਕੇ ਲੈ ਗਏ ਸਨ। ਸ. ਹੀਰਾ ਸਿੰਘ ਵੱਲੋਂ ਇਸੇ ਅਸਥਾਨ 'ਤੇ 1848 ਵਿੱਚ ਗੁਰਦੁਆਰਾ ਤਿਆਰ ਕਰਵਾ ਦਿੱਤਾ ਗਿਆ। ਸੁਨਹਿਰੀ ਚਿੱਤਰ ਲੱਗਾ ਹੋਇਆ ਹੈ।

ਦਰਬਾਰ ਸਾਹਿਬ ਸਰੋਵਰ ਦੇ ਉਤਰੀ ਕਿਨਾਰੇ ਬੇਰ ਬਾਬਾ ਬੁੱਢਾ ਜੀ ਵੀ ਸੁਸ਼ੋਭਿਤ ਹੈ ਜਿਸ ਦੇ ਹੇਠਾਂ ਬਹਿ ਕੇ ਬਾਬਾ ਬੁੱਢਾ ਜੀ ਸਰੋਵਰ ਦੀ ਖੁਦਾਈ ਦੀ ਨਿਗਰਾਨੀ ਕਰਦੇ ਸਨ। ਇਥੇ ਹੀ ਬਾਬਾ ਜੀ ਖੁਦਾਈ ਕਰਨ ਵਾਲਾ ਸਾਮਾਨ ਇਕੱਤਰ ਕਰਕੇ ਰੱਖਦੇ ਸਨ। ਇਹੋ ਸਾਮਾਨ ਬਾਅਦ ਵਿੱਚ ਦਰਬਾਰ ਸਾਹਿਬ ਦੀ ਇਮਾਰਤ ਉਸਾਰਨ ਵੇਲੇ ਵਰਤੇ ਗਏ ਸਨ।

ਹਰਿਮੰਦਰ ਸਾਹਿਬ ਵੱਲ ਪੁਲ ਰਾਹੀਂ ਜਾਣ ਸਮੇਂ ਇਕ ਦਰਸ਼ਨੀ ਡਿਉੜੀ ਹੈ। ਇਸ ਡਿਉੜੀ ਦੀ ਲੰਬਾਈ 66X36 ਫੁੱਟ ਹੈ। ਦਰਸ਼ਨੀ ਦਰਵਾਜ਼ੇ ਦੇ ਕਿਵਾੜਾਂ ਦੀ ਸੇਵਾ ਗਿਆਨੀ (ਭਾਈ) ਸੰਤ ਸਿੰਘ ਨੇ ਸੱਤਰ ਹਜ਼ਾਰ ਰੁਪਏ ਦੀ ਲਾਗ ਨਾਲ ਕੀਤੀ ਸੀ। ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਉਪਰ ਚਾਂਦੀ ਦੇ ਪੱਤਰੇ ਲੱਗਵਾਏ ਸਨ।

ਦਰਸ਼ਨੀ ਡਿਉੜੀ ਦੀ ਉਪਰਲੀ ਮੰਜ਼ਿਲ 'ਤੇ ਤੋਸ਼ਾ-ਖਾਨਾ ਹੈ ਜਿਸ ਵਿੱਚ ਜਲੌ ਦਾ ਸਾਰਾ ਕੀਮਤੀ ਸਾਮਾਨ ਰੱਖਿਆ ਗਿਆ ਹੈ। ਸਾਲ ਵਿੱਚ ਪੰਜ ਵੇਰ ਜਲੌ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਂਦੇ ਹਨ ਜਿਵੇਂ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਸਮੇਂ, ਗੁਰੂ ਰਾਮਦਾਸ ਸਾਹਿਬ ਦੇ ਪ੍ਰਕਾਸ਼ ਸਮੇਂ, ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਸਮੇਂ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪ੍ਰਕਾਸ਼ ਸਮੇਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ 'ਤੇ।

**2. ਗੁਰਦੁਆਰਾ ਦੁੱਖ ਭੰਜਨੀ ਬੇਰੀ ਸਾਹਿਬ:** ਇਹ ਗੁਰਦੁਆਰਾ ਸਾਹਿਬ ਪਵਿੱਤਰ ਸਰੋਵਰ ਅੰਮ੍ਰਿਤਸਰ ਦੇ ਪੂਰਬੀ ਸਿਰੇ ਵੱਲ



ਗੁਰਦੁਆਰਾ ਲਾਚੀ ਬੇਰ ਸਾਹਿਬ

ਹੈ। ਜਿਸ ਨੂੰ ਦੁੱਖ ਭੰਜਨੀ ਬੇਰੀ ਕਹਿ ਕੇ ਜਾਣਿਆ ਜਾਂਦਾ ਹੈ। ਇਸ ਬੇਰੀ ਨਾਲ ਪ੍ਰੇਰਕ ਸਾਖੀ ਜੁੜੀ ਹੈ ਕਿ ਪੱਟੀ ਦੇ ਸ਼ਾਹੂਕਾਰ ਦੁਨੀ ਚੰਦ ਦੀ ਸਭ ਤੋਂ ਛੋਟੀ ਲੜਕੀ ਰਜਨੀ ਸੀ ਜਿਸ ਨੂੰ ਗੁਰੂ-ਘਰ 'ਤੇ ਅਥਾਹ ਸ਼ਰਧਾ ਤੇ ਭਰੋਸਾ ਸੀ। ਇਸ ਲੜਕੀ ਦਾ ਵਿਆਹ ਕੋਹੜੀ ਪਤੀ ਨਾਲ ਕੀਤਾ ਗਿਆ ਜੋ ਸਰੋਵਰ ਵਿੱਚ ਇਸ਼ਨਾਨ (ਟੁੱਬੀ ਮਾਰ ਕੇ) ਨਵਾਂ ਨਰੋਆ ਹੋ ਗਿਆ ਸੀ। ਇਹ ਬੇਰੀ ਪੁਰਾਤਨ ਸਮੇਂ ਤੋਂ ਹੀ ਇਥੇ ਉਸੇ ਤਰ੍ਹਾਂ ਖੜ੍ਹੀ ਹੈ। ਜਦੋਂ ਗੁਰੂ ਰਾਮਦਾਸ ਸਾਹਿਬ ਨੂੰ ਇਸ ਚਮਤਕਾਰੀ ਘਟਨਾ ਦਾ ਪਤਾ ਲੱਗਾ ਤਾਂ ਉਨ੍ਹਾਂ ਇਸੇ ਥਾਂ ਪੱਕਾ ਇਸ਼ਨਾਨ ਘਰ ਬਣਾ ਦਿੱਤਾ। ਇਕ ਹੋਰ ਸੋਮੇ ਮੁਤਾਬਕ ਇਸ ਬੇਰੀ ਦਾ ਨਾਂ ਗੁਰੂ ਰਾਮਦਾਸ ਸਾਹਿਬ ਨੇ ਆਪ ਦੁੱਖ ਭੰਜਨੀ ਰੱਖਿਆ ਹੈ।

ਲੋਕਾਂ ਵਿੱਚ ਅੱਜ ਵੀ ਇਹ ਪੂਰਾ ਵਿਸ਼ਵਾਸ ਹੈ ਕਿ ਸਰੋਵਰ ਦਾ ਇਸ ਥਾਂ ਦਾ ਪਾਣੀ ਲੋਕਾਂ ਦੇ ਰੋਗਾਂ ਨੂੰ ਠੀਕ ਕਰਦਾ ਹੈ। ਗੁਰੂ ਰਾਮਦਾਸ ਸਾਹਿਬ ਨੇ 1577 ਵਿੱਚ ਸਰੋਵਰ ਦੀ ਖੁਦਾਈ ਸਮੇਂ ਇਸ ਥਾਂ ਦਾ ਟੱਕ ਲਗਾਇਆ ਸੀ। ਇਸ ਅਸਥਾਨ 'ਤੇ ਗੁਰਦੁਆਰਾ ਹੈ ਅਤੇ ਬਾਣੀ ਦਾ ਪ੍ਰਵਾਹ ਚੱਲਦਾ ਹੈ। ਦੁੱਖ ਭੰਜਨੀ ਵਾਲੇ ਥੜ੍ਹੇ ਉਪਰ ਇਕ ਬੁੰਗਾ ਭਾਈ ਜੱਸਾ ਸਿੰਘ ਗ੍ਰੰਥੀ ਅਤੇ ਭਾਈ ਭਾਗ ਸਿੰਘ ਵੱਲੋਂ ਤਿਆਰ ਕੀਤਾ ਗਿਆ ਜੋ ਮਹਾਰਾਜਾ ਰਣਜੀਤ ਸਿੰਘ ਵੱਲੋਂ 1824 ਵਿੱਚ ਸੁਨਹਿਰੀ ਕਰਵਾ ਦਿੱਤਾ ਗਿਆ।

ਹਰਿਮੰਦਰ ਸਾਹਿਬ ਦੇ ਚੜ੍ਹਦੇ ਪਾਸੇ ਦੀ ਪੌੜੀ ਅਠਸਠ ਤੀਰਥ ਹੈ। ਰਿਵਾਇਤ ਅਨੁਸਾਰ ਪੰਜਵੇਂ ਨਾਨਕ ਇਥੇ ਬੈਠ ਕੇ ਸਰੋਵਰ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸੇਵਾ ਕਰਵਾਉਂਦੇ ਹੁੰਦੇ ਸਨ।

**3. ਗੁਰਦੁਆਰਾ ਥੜ੍ਹਾ ਸਾਹਿਬ:** ਇਹ ਗੁਰਦੁਆਰਾ ਅਕਾਲ ਤਖ਼ਤ ਸਾਹਿਬ ਦੇ ਕੋਲ ਹੀ ਉੱਤਰ ਵੱਲ, ਇਕ ਤੰਗ ਗਲੀ ਵਿੱਚ ਸਥਿਤ ਹੈ, ਜਿਸ ਨੂੰ ਬਾਜ਼ਾਰ ਥੜ੍ਹਾ ਸਾਹਿਬ ਅਖਿਆ ਜਾਂਦਾ ਹੈ। ਇਸ ਥਾਂ ਗੁਰੂ ਤੇਗ਼ ਬਹਾਦਰ ਸਾਹਿਬ ਅੰਮ੍ਰਿਤਸਰ ਵਿੱਚ 1664 ਵਿੱਚ ਆਏ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਗੁਰਗੱਦੀ 'ਤੇ ਬੈਠਦਿਆਂ ਹੀ ਬਕਾਲਾ ਤੋਂ ਅੰਮ੍ਰਿਤਸਰ, ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਣ ਆਏ ਸਨ ਪਰ ਹਰਿਮੰਦਰ ਸਾਹਿਬ ਦੇ ਪੁਜਾਰੀਆਂ (ਪ੍ਰਿਥੀ ਚੰਦ ਦੇ ਪੋਤੇ ਸੋਢੀ ਹਰਿ ਜੀ ਦੇ ਕਾਰਦਾਰਾਂ) ਨੇ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ। ਉਹ ਡਰਦੇ ਸਨ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਰਨ ਪਾਉਣ ਨਾਲ ਕਿਧਰੇ ਇਹ ਪਵਿੱਤਰ ਅਸਥਾਨ ਮੀਣਾ ਪਰਿਵਾਰ ਦੇ ਹੱਥੋਂ ਹੀ ਨਾ ਜਾਂਦਾ ਰਹੇ।

ਗੁਰੂ ਸਾਹਿਬ ਨੇ ਕੁਝ ਦੇਰ ਇਥੇ ਥੜ੍ਹੇ 'ਤੇ ਬੈਠ ਕੇ ਨਾਮ ਸਿਮਰਨ ਕੀਤਾ ਅਤੇ ਬਾਅਦ ਵਿੱਚ ਵੱਲਾ ਚਲੇ ਗਏ। ਇਹ ਗੁਰਦੁਆਰਾ ਸਾਹਿਬ ਦੋ-ਮੰਜ਼ਲਾ ਗੁੰਬਦ-ਨੁਮਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੀ ਮੰਜ਼ਿਲ ਵਿੱਚ ਹੈ। ਜ਼ਮੀਨੀ ਮੰਜ਼ਲ ਤਹਿਖਾਨੇ ਦੀ ਸ਼ਕਲ ਦੀ ਹੈ ਜਿਥੇ ਥੜ੍ਹਾ ਬਣਿਆ ਹੈ। ਇਸ ਦੇ ਨਾਲ ਹੀ ਇਕ ਪੁਰਾਤਨ ਦਰਖ਼ਤ ਹੈ ਜਿਸ ਨਾਲ ਗੁਰੂ ਤੇਗ਼ ਬਹਾਦਰ ਸਾਹਿਬ ਬੈਠੇ ਸਨ।

**4. ਗੁਰਦੁਆਰਾ ਮੰਜੀ ਸਾਹਿਬ:** ਇਹ ਗੁਰਦੁਆਰਾ ਹਮਿਰੰਦਰ ਸਾਹਿਬ ਦੇ ਸਰੋਵਰ ਦੀ ਹਦੂਦ ਅੰਦਰ ਪੂਰਬੀ ਨੁੱਕਰ ਵੱਲ ਹੈ। ਇਹ ਉਹ ਥਾਂ ਹੈ ਜਿਸ ਨੂੰ ਪਹਿਲਾਂ ਗੁਰੂ ਕਾ ਬਾਗ ਆਖਿਆ ਜਾਂਦਾ ਸੀ। ਇਸ ਥਾਂ ਬੈਠ ਕੇ ਗੁਰੂ ਅਰਜਨ ਸਾਹਿਬ ਰੋਜ਼ਾਨਾ ਦੀਵਾਨ ਸਜਾਉਂਦੇ ਸਨ। ਜਿਸ ਥਾਂ ਗੁਰੂ ਸਾਹਿਬ ਮੰਜੀ 'ਤੇ ਬੈਠਦੇ ਸਨ ਉਸ ਥਾਂ ਨੂੰ ਹੁਣ ਸੰਗਮਰਮਰ ਦੇ ਨਿਸ਼ਾਨਾਂ ਨਾਲ ਪ੍ਰਗਟ ਕੀਤਾ ਗਿਆ ਹੈ। ਸੰਗਤਾਂ ਉਸ ਸਮੇਂ ਸਾਹਮਣੇ ਬਾਗ ਵਿੱਚ ਬੈਠਦੀਆਂ ਸਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾਲ ਵਾਲੇ ਕਮਰੇ ਵਿੱਚ ਕੀਤਾ ਜਾਂਦਾ ਹੈ। ਇਕ ਬਹੁਤ ਵੱਡਾ ਨਵੀਨ ਹਾਲ 1970 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਬਣਿਆ ਹੈ। ਦੀਵਾਨ ਹਾਲ ਦਾ ਕੁੱਲ ਢੱਕਿਆ ਖੇਤਰਫਲ 22,100 ਵਰਗ ਫੁੱਟ ਹੈ। ਪਿਛਲੇ ਬਰਾਂਡੇ ਵਿੱਚ 20X15 ਫੁੱਟ ਦੀ ਖ਼ੂਬਸੂਰਤ ਸਟੇਜ ਬਣੀ ਹੋਈ ਹੈ ਜਿਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਹਾਲ ਦੀ ਸੇਵਾ ਸੰਤ ਬਿਸ਼ਨ ਸਿੰਘ ਅਤੇ ਸੰਤ ਕਰਤਾਰ ਸਿੰਘ ਠੱਟੇ ਟਿੱਬੇ ਵਾਲਿਆਂ ਕੀਤੀ ਹੈ।

**5. ਗੁਰਦੁਆਰਾ ਗੁਰੂ ਕੇ ਮਹਿਲ :** ਇਹ ਗੁਰਦੁਆਰਾ, ਗੁਰੂ ਸਾਹਿਬ ਦੇ ਰਹਿਣ ਦਾ ਰਿਹਾਇਸ਼ੀ ਘਰ ਹੁੰਦਾ ਸੀ। ਇਹ ਗੁਰ-ਦੁਆਰਾ ਕਟੜਾ ਬਾਗ, ਚੌਂਕ ਪਾਸੀਆਂ ਵਿੱਚ ਹੈ ਜੋ ਅਕਾਲ ਤਖ਼ਤ ਸਾਹਿਬ ਦੇ ਪੱਛਮ ਵੱਲ ਗੁਰੂ ਕਾ ਬਾਜ਼ਾਰ ਗਲੀ ਲੰਘ ਕੇ ਆਉਂਦਾ ਹੈ। ਅਸਲੋਂ ਇਹ ਕਾਨਿਆਂ ਦੀ ਇਕ ਛਪਰੀ ਗੁਰੂ ਰਾਮਦਾਸ ਸਾਹਿਬ ਨੇ 1573 ਵਿੱਚ ਆਪ ਬਣਾਈ ਸੀ, ਜਿਸ ਨੂੰ ਬਾਅਦ ਵਿੱਚ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਵੱਡੀ ਅਤੇ ਖ਼ੂਬਸੂਰਤ ਰਿਹਾਇਸ਼ ਵਿੱਚ ਬਦਲ ਦਿੱਤਾ।

ਪੁਰਾਣੇ ਘਰ ਨੂੰ ਹੀ ਹੁਣ ਗੁਰਦੁਆਰਾ ਗੁਰੂ ਕੇ ਮਹਿਲ ਵਿੱਚ ਬਦਲ ਦਿੱਤਾ ਗਿਆ ਹੈ। ਇਸ ਵਿੱਚ ਇਕ ਵੱਡੇ ਚਕੋਰ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਰੋਜ਼ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਵਿਸ਼ੇਸ਼ ਦੀਵਾਨ ਅਤੇ ਗੁਰੂ ਕਾ ਲੰਗਰ ਹਰ ਐਤਵਾਰ, ਹਰ ਮਹੀਨੇ ਦੇ ਸ਼ੁਰੂ ਵਿੱਚ ਹੁੰਦਾ ਹੈ। ਸਾਲ ਵਿੱਚ ਸਭ ਤੋਂ ਵਿਸ਼ੇਸ਼ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਜਿਨ੍ਹਾਂ ਦਾ ਜਨਮ 1 ਅਪ੍ਰੈਲ 1621 ਨੂੰ ਇਸੇ ਹੀ ਥਾਂ ਹੋਇਆ ਸੀ। ਇਸੇ ਅਸਥਾਨ 'ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੇ ਪੰਜ ਸਾਹਿਬਜ਼ਾਦੇ ਅਤੇ ਇਕ ਸਾਹਿਬਜ਼ਾਦੀ ਦਾ ਜਨਮ ਵੀ ਇਸੇ ਥਾਂ ਹੋਇਆ ਸੀ। ਹੁਣ ਇਸ ਥਾਂ 1972 ਵਿੱਚ ਨੌਂ ਮੰਜ਼ਲਾ ਇਮਾਰਤ (113 ਫੁੱਟ ਉਚੀ) ਕਾਰ-ਸੇਵਾ ਵਾਲੇ ਸੰਤਾਂ ਨੇ ਤਾਮੀਰ ਕੀਤੀ ਹੈ। ਸੋਨੇ ਦੇ ਕਲਸ਼ ਦੂਰੋਂ ਨਜ਼ਰੀਂ ਪੈਂਦੇ ਹਨ। ਇਸ ਦਾ ਹਾਲ 90X70 ਫੁੱਟ ਹੈ।

**6. ਗੁਰਦੁਆਰਾ ਬਾਬਾ ਅਟੱਲ ਸਾਹਿਬ:** ਇਹ ਗੁਰਦੁਆਰਾ ਹਰਿਮੰਦਰ ਸਾਹਿਬ ਤੋਂ 200 ਮੀਟਰ ਦੂਰ ਦੱਖਣ ਵੱਲ ਕੌਲਸਰ ਸਰੋਵਰ ਦੇ ਕੋਲ ਸਥਿਤ ਹੈ। ਇਥੇ ਬਾਬਾ ਅਟੱਲ ਰਾਇ (ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ) 9 ਵਰ੍ਹਿਆਂ ਦੀ ਉਮਰ ਵਿੱਚ 13 ਸਤੰਬਰ 1628 ਨੂੰ ਗੁਰਪੁਰੀ ਸਿਧਾਰ ਗਏ ਸਨ। ਇਹ ਇਮਾਰਤ ਨੌਂ ਮੰਜ਼ਲਾਂ 125 ਫੁੱਟ ਥਾਂ ਉਪਰ 150 ਫੁੱਟ ਉਚੀ ਅਤੇ 19 ਫੁੱਟ ਚੌੜਾ ਮੀਨਾਰ ਸ਼ਕਲ ਦੀ ਬਣੀ ਹੋਈ ਹੈ।

ਪਹਿਲਾਂ ਛੋਟੀ ਜਿਹੀ ਮੂਲ-ਯਾਦਗਾਰ ਉਸਾਰੀ ਗਈ ਸੀ ਪਰ ਅਜੋਕੀ ਉਚੀ ਯਾਦਗਾਰ ਉਸ ਸਮੇਂ ਬਣੀ ਜਦੋਂ ਪੰਜਾਬ ਵਿੱਚ ਸਿੱਖ ਮਿਸਲਾਂ ਦਾ ਬੋਲ-ਬਾਲਾ ਹੋਇਆ। ਇਸ ਇਮਾਰਤ ਦਾ ਸੰਗੇ ਬੁਨਿ-ਆਦ 1770 ਵਿੱਚ ਰੱਖਿਆ ਗਿਆ ਅਤੇ ਪਹਿਲੀਆਂ ਤਿੰਨ ਮੰਜ਼ਲਾਂ 1784 ਵਿੱਚ ਮੁਕੰਮਲ ਹੋਈਆਂ ਸਨ। ਉਪਰਲੀਆਂ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ 1820 ਵਿੱਚ ਮੁਕੰਮਲ ਕੀਤੀਆਂ। ਪਹਿਲੀਆਂ ਤਿੰਨ ਮੰਜ਼ਲਾਂ 1778 ਵਿੱਚ ਸ. ਜੱਸਾ ਸਿੰਘ ਰਾਮਗੜ੍ਹੀਆ ਅਤੇ ਸ. ਜੋਧ ਸਿੰਘ ਨੇ ਉਸਾਰੀਆਂ ਸਨ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਧੋਖਾਧੜੀ ਮਾਮਲੇ ਵਿੱਚ ਜੈਕਲੀਨ ਫਰਨਾਂਡੀਜ਼ ਨੂੰ ਸੁਪਰੀਮ ਕੋਰਟ ਤੋਂ ਝਟਕਾ



ਫ਼ਿਲਮ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ ਠੱਗ ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ ₹200 ਕਰੋੜ ਦੇ ਧੋਖਾਧੜੀ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਵੱਡਾ ਝਟਕਾ ਲੱਗਿਆ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਨੂੰ ਖਾਰਜ ਕਰਨ ਲਈ ਦਾਇਰ ਕੀਤੀ ਗਈ ਉਸ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਜੈਕਲੀਨ ਦਾ ਦਾਅਵਾ ਅਤੇ ਸੁਪਰੀਮ ਕੋਰਟ ਦੀ ਟਿੱਪਣੀ


ਜੈਕਲੀਨ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਉਹ ਇਸ ਧੋਖਾਧੜੀ ਦਾ ਹਿੱਸਾ ਨਹੀਂ ਸੀ ਅਤੇ ਉਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਸੁਕੇਸ਼ ਚੰਦਰਸ਼ੇਖਰ ਇੱਕ ਠੱਗ ਹੈ। ਉਨ੍ਹਾਂ ਨੇ ਕਿਹਾ, "ਮੈਂ ਇੱਕ ਫਿਲਮ ਸਟਾਰ ਹਾਂ, ਅਤੇ ਇਹ ਆਦਮੀ ਇੱਕ ਧੋਖੇਬਾਜ਼ ਹੈ ਜੋ ਜੇਲ੍ਹ ਵਿੱਚ ਹੈ।" ਉਨ੍ਹਾਂ ਨੇ ਅੱਗੇ ਕਿਹਾ ਕਿ ਸੁਕੇਸ਼ ਨੇ ਜੈਕਲੀਨ ਨਾਲ ਰਾਬਤਾ ਕਾਇਮ ਕਰਕੇ ਉਸ ਨੂੰ ਤੋਹਫ਼ੇ ਭੇਜੇ ਸਨ, ਪਰ ਜੈਕਲੀਨ ਦਾ ਇਸ ਮਨੀ ਲਾਂਡਰਿੰਗ ਸਕੀਮ ਵਿੱਚ ਕੋਈ ਹੱਥ ਨਹੀਂ ਸੀ। ਇਸ 'ਤੇ ਸੁਪਰੀਮ ਕੋਰਟ ਦੇ ਜਸਟਿਸ ਦੀਪਾਂਕਰ ਦੱਤਾ ਨੇ ਟਿੱਪਣੀ ਕੀਤੀ ਕਿ ਜੈਕਲੀਨ ਨੂੰ ਇਸ ਮਾਮਲੇ ਵਿੱਚ ਤੋਹਫ਼ੇ ਮਿਲੇ ਸਨ, ਜੋ ਕਿ ਅਪਰਾਧਿਕ ਗਤੀਵਿਧੀਆਂ ਤੋਂ ਪ੍ਰਾਪਤ ਕੀਤੇ ਗਏ ਸਨ। ਅਦਾਲਤ ਨੇ ਕਿਹਾ ਕਿ ਇਹ ਮਾਮਲਾ ਇਸ ਸਮੇਂ ਸੁਣਵਾਈ ਲਈ ਢੁਕਵਾਂ ਨਹੀਂ ਹੈ, ਅਤੇ ਪਟੀਸ਼ਨਕਰਤਾ ਨੂੰ ਸਹੀ ਪੜਾਅ 'ਤੇ ਵਾਪਸ ਆਉਣਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਜੈਕਲੀਨ ਨੂੰ ਅਦਾਲਤ ਵਿੱਚ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਵੇਗਾ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਜਨਾਬ! ਅੱਜ ਅਸੀਂ ਇੱਕ ਜੂਏ ਦੇ ਅੱਡੇ 'ਤੇ ਛਾਪਾ ਮਾਰਿਆ! 'ਤੇ ਪੂਰੇ 10,000 ਰੁਪਏ ਹਾਰ ਕੇ ਆ ਗਏ ਹਾਂ!!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।





ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, ALVASTON, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਤਿੰਨ ਜਾਂ ਇਸ ਤੋਂ ਜ਼ਿਆਦਾਂ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

### ਪਾਠ 18

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Ok, last week you learnt how to make 2 letter words. Let us make 3 letter words or may be 4 or more.............
Remember we will make words with letters ਅ, ਸ, ਹ

*"ੳ" ਅਤੇ "ੲ" ਨਾਲ ਮੁਕਤਾ ਸ਼ਬਦ ਨਹੀਂ ਬਣਦੇ ।*


| | | | | |
|---|---|---|---|---|
| ਅਮਰ | ਅਸਰ | ਅਕਲ | ਅਦਰਕ | ਅਜਗਰ |
| ਸੜਕ | ਸਬਰ | ਸਤਰ | ਸਬਕ | ਸਰਕਸ |
| ਹਰਖ | ਹਸ਼ਰ | ਹਲਤ | ਹਰਜਸ | ਹਰਕਤ |

Class Exercise : Make three or four letter words which at least use one of the letters - ਅ, ਸ, ਹ

Note: Certain words above require the use of adhak; for the purpose of this activity we are leaving these words in mukta form

Page 36 Level I

# ਸਿਹਤ ਤੇ ਸੁੰਦਰਤਾ



## ਕੀ ਮੋਟਾਪਾ ਬੱਚਿਆਂ ਦੀ ਸੋਚਣ-ਸਿੱਖਣ ਦੀ ਸਮਰੱਥਾ ਵੀ ਕਰ ਰਿਹੈ ਘੱਟ



ਯੂਨੀਸੇਫ ਦੀ ਨਵੀਂ ਰਿਪੋਰਟ ਦੇ ਅਨੁਸਾਰ, ਪਹਿਲੀ ਵਾਰੀ ਦੁਨੀਆ ’ਚ ਬੱਚਿਆਂ ’ਚ ਜ਼ਿਆਦਾ ਭਾਰ (ਮੋਟਾਪਾ) ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਹਰ 10 ’ਚੋਂ 1 ਬੱਚਾ ਮੋਟਾਪੇ ਦਾ ਸ਼ਿਕਾਰ ਹੈ। ਮੋਟਾਪਾ ਹੁਣ ਸਿਰਫ ਸਰੀਰਕ, ਸਿਹਤ ਦੇ ਮੁੱਦੇ ਹੀ ਨਹੀਂ ਪੈਦਾ ਕਰ ਰਿਹਾ, ਬਲਕਿ ਬੱਚਿਆਂ ਦੀ ਮਾਨਸਿਕ ਤੇ ਲੰਬੀ ਉਮਰ ਦੀ ਸਿਹਤ ’ਤੇ ਵੀ ਨਕਾਰਾਤਮਕ ਪ੍ਰਭਾਵ ਪਾ ਰਿਹਾ ਹੈ।

ਜੰਕ ਤੇ ਪ੍ਰੋਸੈਸਡ ਫੂਡ-ਪੈਕਡ ਨੂਡਲਜ਼, ਪਾਸਤਾ, ਪੀਜ਼ਾ ਵਰਗੇ ਸਨੈਕਸ ਬੱਚਿਆਂ ਦੀ ਡਾਇਟ ਦਾ ਹਿੱਸਾ ਬਣ ਗਏ ਹਨ।

ਸ਼ੂਗਰ ਡ੍ਰਿੰਕਸ-ਕੋਲਡ ਡ੍ਰਿੰਕਸ ਅਤੇ ਪੈਕਡ ਜੂਸ ’ਚ ਕੈਲੋਰੀ ਜ਼ਿਆਦਾ ਹੁੰਦੀ ਹੈ।

ਵਧਦਾ ਸਕ੍ਰੀਨ ਟਾਈਮ-ਟੀਵੀ ਅਤੇ ਮੋਬਾਈਲ ਦੇ ਸਾਹਮਣੇ ਬੈਠਣਾ ਬੱਚਿਆਂ ਦੀ ਫਿਜ਼ੀਕਲ ਸਰਗਰਮੀ ਘਟਾਉਂਦਾ ਹੈ।

ਫੂਡ ਡਿਲਿਵਰੀ ਕਲਚਰ-ਬਾਹਰ ਦਾ ਖਾਣਾ ਆਸਾਨ ਅਤੇ ਆਕਰਸ਼ਕ ਹੋਣ ਕਾਰਨ ਬੱਚੇ ਘਰੇਲੂ ਪੌਸ਼ਟਿਕ ਖਾਣੇ ਤੋਂ ਦੂਰ ਹੋ ਰਹੇ ਹਨ।

ਪੈਰੇਂਟਸ ਦੀ ਡਾਇਟ ਦਾ ਪ੍ਰਭਾਵ-ਮਾਂ-ਪਿਤਾ ਦੀਆਂ ਆਦਤਾਂ ਬੱਚਿਆਂ ਨੂੰ ਸਿੱਧਾ ਪ੍ਰਭਾਵਿਤ ਕਰ ਰਹੀਆਂ ਹਨ।

ਭੁੱਖ ਲੱਗਣ ’ਤੇ ਖਾਓ - ਬਿਨਾਂ ਭੁੱਖ ਦੇ ਖਾਣ ਨਾਲ ਕੈਲੋਰੀਜ਼ ਵਧ ਜਾਂਦੀਆਂ ਹਨ।

ਫਿਜ਼ੀਕਲ ਐਕਟਿਵਿਟੀ-ਬੱਚਿਆਂ ਨੂੰ ਰੋਜ਼ਾਨਾ ਘੱਟੋ-ਘੱਟ 60 ਮਿੰਟ ਐਕਟਿਵਿਟੀ ਕਰਨੀ ਚਾਹੀਦੀ ਹੈ।

ਫਲ-ਸਬਜ਼ੀਆਂ ਖਾਓ-ਹਰ ਰੋਜ਼ 5 ਤੋਂ 9 ਸਰਵਿੰਗ ਫਲ ਅਤੇ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ।

ਡਾਇਟ ’ਚ ਫਾਇਬਰ ਵਧਾਓ- ਫਾਇਬਰ ਰਿਚ ਫੂਡ ਭੁੱਖ ਘਟਾਉਂਦੇ ਹਨ।

ਫੂਡ ਬਜਟ ਅਤੇ ਮੀਲ ਪ੍ਰੇਪਿੰਗ ਸਿੱਖੋ - ਸ਼ਾਪਿੰਗ ਤੋਂ ਪਹਿਲਾਂ ਬਜਟ ਅਤੇ ਮੀਲ ਪਲੈਨ ਕਰਨਾ ਜ਼ਰੂਰੀ ਹੈ।

## ਵਾਈ-ਫਾਈ ਦਾ ਰਾਤ ਨੂੰ ਚੱਲਦੇ ਰਹਿਣ ਦਾ ਦਿਮਾ.ਗ ’ਤੇ ਹੁੰਦਾ ਹੈ ਅਸਰ



ਕੀ ਵਾਈ-ਫਾਈ ਦਾ ਰਾਤ ਨੂੰ ਚੱਲਦੇ ਰਹਿਣ ਨਾਲ ਸਾਡੇ ਦਿਮਾ.ਗ ਜਾਂ ਨਿਊਰੋਲੋਜਿਕਲ ਸਿਸਟਮ ਨੂੰ ਨੁਕਸਾਨ ਹੋ ਸਕਦਾ ਹੈ? ਇਹ ਸਵਾਲ ਅਕਸਰ ਲੋਕਾਂ ਦੇ ਮਨਾਂ ਵਿੱਚ ਉੱਠਦਾ ਹੈ। ਦਿੱਲੀ ਐੱਨਸੀਆਰ ਦੀ ਯਸ਼ੋਦਾ ਮੈਡੀਸਿਟੀ ਵਿੱਚ ਨਿਊਰੋ ਸਰਜਰੀ ਦੀ ਮਾਹਿਰ ਡਾ. ਦਿਵਿਆ ਜਯੋਤੀ ਦਾ ਕਹਿਣਾ ਹੈ ਕਿ ਵਿਗਿਆਨਕ ਤੌਰ ’ਤੇ ਅਜੇ ਇਸ ਦਾ ਕੋਈ ਸਪੱਸ਼ਟ ਸਬੂਤ ਨਹੀਂ ਮਿਲਿਆ। ਉਨ੍ਹਾਂ ਮੁਤਾਬਕ, ਦਿਮਾ.ਗ ਦੇ ਇਲੈਕਟ੍ਰੋਕੈਮਿਕਲ ਸਿਗਨਲ, ਜਿਨ੍ਹਾਂ ਨੂੰ ਐਕਸ਼ਨ ਪੋਟੈਂਸ਼ੀਅਲ ਕਹਿੰਦੇ ਹਨ, ਵਾਈ-ਫਾਈ ਦੇ ਇਲੈਕਟ੍ਰੋਮੈਗਨੈਟਿਕ ਫੀਲਡ ਨਾਲ ਦਖਲਅੰਦਾਜ਼ੀ ਕਰ ਸਕਦੇ ਹਨ। ਪਰ ਇਸ ਬਾਰੇ ਪੱਕਾ ਸਬੂਤ ਨਹੀਂ ਹੈ। ਤਰਕ ਦੀ ਗੱਲ ਕਰੀਏ ਤਾਂ ਈਐਮਐਫ ਦਾ ਘੱਟ ਐਕਸਪੋਜ਼ਰ ਹੀ ਬਿਹਤਰ ਹੈ।

ਡਾ. ਦਿਵਿਆ ਜਯੋਤੀ ਨੇ ਦੱਸਿਆ ਕਿ ਰਾਤ ਨੂੰ ਸਰੀਰ ਦੀਆਂ ਵੇਵਜ਼ (ਸਲੀਪ ਵੇਵਜ਼) ਵੱਖਰੀਆਂ ਹੁੰਦੀਆਂ ਹਨ, ਜੋ ਨੀਂਦ ਦੇ ਚੱਕਰ ਨੂੰ ਪ੍ਰਭਾਵਿਤ ਕਰਦੀਆਂ ਹਨ। ਵਾਈ-ਫਾਈ ਦੀਆਂ ਤਰੰਗਾਂ ਸਲੀਪ ਸਾਈਕਲ ਵਿੱਚ ਵਿਘਨ ਪਾ ਸਕਦੀਆਂ ਹਨ, ਜਿਸ ਨਾਲ ਚੰਗੀ ਨੀਂਦ ਨਹੀਂ ਮਿਲਦੀ। ਇਸ ਲਈ ਰਾਤ ਨੂੰ ਵਾਈ-ਫਾਈ ਬੰਦ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ, ਤਾਂ ਜੋ ਦਿਮਾ.ਗ ਨੂੰ ਪੂਰਾ ਆਰਾਮ ਮਿਲ ਸਕੇ। ਦਿਨ ਵੇਲੇ ਸਰੀਰ ਕੰਮ ਵਿੱਚ ਰੁੱਝਿਆ ਹੁੰਦਾ ਹੈ, ਇਸ ਲਈ ਨੀਂਦ ’ਤੇ ਅਸਰ ਨਹੀਂ ਪੈਂਦਾ।

ਮੋਬਾਈਲ ਅਤੇ ਵਾਈ-ਫਾਈ ਦੀਆਂ ਤਰੰਗਾਂ ਦਾ ਪ੍ਰਭਾਵ-ਮੋਬਾਈਲ ਫੋਨ, ਜੋ ਅਕਸਰ ਸਿਰਹਾਣੇ ਰੱਖ ਕੇ ਸੌਂਦੇ ਹਾਂ, ਉਸ ਦੀਆਂ ਤਰੰਗਾਂ ਦਾ ਕੀ ਅਸਰ ਹੁੰਦਾ ਹੈ? ਡਾ. ਦਿਵਿਆ ਜਯੋਤੀ ਮੁਤਾਬਕ, ਮੋਬਾਈਲ ਅਤੇ ਵਾਈ-ਫਾਈ ਦੀ ਰੇਡੀਏਸ਼ਨ ਬੈਕਗਰਾਊਂਡ ਰੇਡੀਏਸ਼ਨ ਦੇ ਮੁਕਾਬਲੇ ਘੱਟ ਹੁੰਦੀ ਹੈ। ਇਸ ਲਈ ਇਹ ਜ਼ਿਆਦਾ ਨੁਕਸਾਨ ਨਹੀਂ ਪਹੁੰਚਾਉਂਦੀ। ਤਕਨੀਕੀ ਮਾਹਿਰ ਮੁਹੰਮਦ ਫੈਜ਼ਲ ਅਲੀ ਦਾ ਕਹਿਣਾ ਹੈ ਕਿ ਅਜੇ ਤੱਕ ਕੋਈ ਅਧਿਐਨ ਇਹ ਸਾਬਤ ਨਹੀਂ ਕਰ ਸਕਿਆ ਕਿ ਵਾਈ-ਫਾਈ ਜਾਂ ਮੋਬਾਈਲ ਦੀਆਂ ਤਰੰਗਾਂ ਦਿਮਾ.ਗ ਨੂੰ ਸਿੱਧਾ ਨੁਕਸਾਨ ਪਹੁੰਚਾਉਂਦੀਆਂ ਹਨ। ਪਰ ਲੰਬੇ ਸਮੇਂ ਦੇ ਓਵਰਐਕਸਪੋਜ਼ਰ ਦੇ ਪ੍ਰਭਾਵ ਹੋ ਸਕਦੇ ਹਨ।

ਮਾਹਿਰ ਸਲਾਹ ਦਿੰਦੇ ਹਨ ਕਿ ਵਾਈ-ਫਾਈ ਰਾਊਟਰ ਨੂੰ ਸੌਣ ਵਾਲੇ ਕਮਰੇ ਤੋਂ ਦੂਰ ਰੱਖੋ ਜਾਂ ਰਾਤ ਨੂੰ ਬੰਦ ਕਰ ਦਿਓ। ਮੋਬਾਈਲ ਫੋਨ ਵੀ ਸਿਰਹਾਣੇ ਤੋਂ ਦੂਰ ਰੱਖਣਾ ਚਾਹੀਦਾ। ਸਿਧਾਂਤਕ ਤੌਰ ’ਤੇ, ਈਐਮਐਫ ਨੀਂਦ ਵਿੱਚ ਵਿਘਨ, ਇਕਾਗਰਤਾ ਦੀ ਕਮੀ ਅਤੇ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਭਵਿੱਖ ਵਿੱਚ ਹੋਰ ਅਧਿਐਨਾਂ ਨਾਲ ਸਪੱਸ਼ਟ ਜਾਣਕਾਰੀ ਮਿਲ ਸਕਦੀ ਹੈ। ਫਿਲਹਾਲ, ਸੀਮਤ ਐਕਸਪੋਜ਼ਰ ਹੀ ਸਭ ਤੋਂ ਸੁਰੱਖਿਅਤ ਰਾਹ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਪ੍ਰਧਾਨ ਮੰਤਰੀ ਨੇ ਇਕ ਵਾਰ ਫੇਰ ਪੰਜਾਬ ਨਾਲ ਵਿਤਕਰਾ ਕੀਤਾ- ਰਾਹੁਲ ਗਾਂਧੀ**

-ਟੁੱਟ ਪੈਣੇ ਜੇਠ ਦਾ ਮੁੰਡਾ, ਚੀਰਾ ਬੰਨ੍ਹ ਕੇ ਸਾਹਮਣੇ ਬਹਿੰਦਾ।



***ਸ਼੍ਰੋਮਣੀ ਅਕਾਲੀ ਦਲ ਨੂੰ ਗੱਠਜੋੜ ਕਰਨ ਦੀ ਲੋੜ ਨਹੀਂ- ਗੁਰਜੀਤ ਤਲਵੰਡੀ**

-ਘੜਾ ਚੁੱਕ ਲਊਂ ਪੱਟਾਂ ‘ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।

***ਯੂਨੀਵਰਸਿਟੀ ਦੀਆਂ ਚੋਣਾਂ ਲੜ ਰਹੇ ਵਿਦਿਆਰਥੀਆਂ ਨੇ ਇੰਨੀਆਂ ਮਹਿੰਗੀਆਂ ਕਾਰਾਂ ਕਿੱਥੋਂ ਲਈਆਂ?- ਦਿਲੀ ਹਾਈ ਕੋਰਟ**

-ਜਿਨ੍ਹਾਂ ਨੇ ਵਿਦਿਆਰਥੀ ਯੂਨੀਅਨ ਨੂੰ ਵਰਤਣਾ ਉਨ੍ਹਾਂ ਨੇ ਹੀ ਦੇਣੀਆਂ ਕਾਰਾਂ, ਹਾਈ ਕੋਰਟ ਜੀ!



***ਡਾ.ਰਵਜੋਤ ਨੇ 12 ਗ੍ਰਾਮ ਪੰਚਾਇਤਾਂ ਨੂੰ ਦਿਤੇ 36 ਲੱਖ ਰੁਪਏ ਦੇ ਚੈੱਕ- ਇਕ ਖ਼ਬਰ**

-ਕੀ ਚੱਕਰ ਐ ਬਈ? ਇਕ ਪਾਸੇ ਸਰਕਾਰ ਪੰਚਾਇਤਾਂ ਤੋਂ ਪੈਸੇ ਮੰਗ ਰਹੀ ਐ ਤੇ ਦੂਜੇ ਪਾਸੇ ਵੰਡਦੀ ਐ।



***ਮੁਕਤਸਰ ਜੇਲ੍ਹ ਵਿਚ ਕੈਦੀਆਂ ਨੇ ਗਾਰਡਾਂ ਨੂੰ ਡੰਡਿਆਂ ਨਾਲ ਕੁੱਟਿਆ- ਇਕ ਖ਼ਬਰ**

-ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ।



***‘ਟਰੰਪ ਟੈਰਿਫ਼’ ਤੋਂ ਬਾਅਦ ਹੁਣ ਟਰੰਪ ਨੇ ਚਲਾਇਆ ‘ਵੀਜ਼ਾ ਬੰਬ’-ਇਕ ਖ਼ਬਰ**

-ਬਾਂਹ ਮਾਰ ਕੇ ਘੋਟਣਾ ਭੰਨ ‘ਤੀ, ਜੇਠ ਦੀ ਮੈਂ ਗੱਲ ਨਾ ਮੰਨੀ।

***ਸਿੱਖ ਸ਼ਰਧਾਲੂਆਂ ਨੂੰ ਨਨਕਾਣਾ ਸਾਹਿਬ ਨਾ ਜਾਣ ਦੇਣਾ ਧਾਰਮਕ ਮਾਮਲਿਆਂ ‘ਚ ਸਿੱਧਾ ਦਖ਼ਲ- ਕੇਂਦਰੀ ਸਿੰਘ ਸਭਾ**

-ਕਿਤੇ ‘ਕੱਲੀ ਬਹਿ ਕੇ ਸੋਚੀਂ ਨੀ, ਅਸੀਂ ਕੀ ਨਹੀਂ ਕੀਤਾ ਤੇਰੇ ਲਈ।



***ਮਾਇਆਵਤੀ ਬਸਪਾ ਦੀ ਮਜਬੂਤੀ ਲਈ ਹੋਈ ਸਰਗਰਮ- ਇਕ ਖ਼ਬਰ**


-ਸੀਟੀ ‘ਤੇ ਸੀਟੀ ਵੱਜੇ, ਜਦ ਮੈਂ ਗਿੱਧੇ ਵਿਚ ਆਈ।

***ਕੇਂਦਰ ਨੇ ਸਿੱਖਾਂ ਨੂੰ ਹਮੇਸ਼ਾ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ- ਐਡਵੋਕੇਟ ਧਾਰਨੀ**

-ਮੇਰੇ ਨਰਮ ਕਾਲ਼ਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।


***ਸਿਆਸੀ ਭੁੱਖ ਨੇ ਬੰਦੇ ਨੂੰ ਬਣਾਇਆ ਬੰਦੇ ਦਾ ਵੈਰੀ- ਐਡਵੋਕੇਟ ਮੱਲ੍ਹਣ**

-ਲੋਕਾਂ ਨੂੰ ਜ਼ਹਿਰ ਪਿਲਾਉਂਦੇ ਨੇ, ਸਾਡੇ ਲਹੂ ਦੇ ਵਿਚ ਨਹਾਉਂਦੇ ਨੇ।



***ਭਾਰਤ ਕੋਲ ਕਮਜ਼ੋਰ ਪ੍ਰਧਾਨ ਮੰਤਰੀ- ਰਾਹੁਲ ਗਾਂਧੀ**

-ਮੁੰਡਾ ਭੰਨਦਾ ਕਿਰਕ ਨਹੀਂ ਕਰਦਾ, ਮੇਰੀਆਂ ਬਰੀਕ ਚੂੜੀਆਂ।




***ਵੋਟ ਚੋਰਾਂ ਨਾਲ਼ ਰਲਿਆ ਚੋਣ ਕਮਿਸ਼ਨ- ਰਾਹੁਲ ਗਾਂਧੀ**

-ਕਿਹੜੇ ਯਾਰ ਦਾ ਗੁਤਾਵਾ ਕੀਤਾ, ਅੱਖ ਵਿਚ ਕੱਖ ਪੈ ਗਿਆ।


***ਸਾਊਦੀ ਅਰਬ ਅਤੇ ਪਾਕਿਸਤਾਨ ਨੇ ਸੰਯੁਕਤ ਕਾਰਵਾਈ ਲਈ ਰੱਖਿਆ ਸਮਝੌਤੇ ਉੱਤੇ ਕੀਤੇ ਹਸਤਾਖਰ-ਇਕ ਖ਼ਬਰ**

-ਮਿੱਠੇ ਬੇਰ ਸੁਰਗਾਂ ਦਾ ਮੇਵਾ, ਕੋਲ਼ ਬਹਿ ਕੇ ਚੁਗ ਮਿੱਤਰਾ।



***ਭਾਰਤ ਤੇ ਪ੍ਰਧਾਨ ਮੰਤਰੀ ਮੋਦੀ ਮੇਰੇ ਬਹੁਤ ਕਰੀਬੀ ਹਨ-ਟਰੰਪ**

-ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।



***ਨਿਊਜ਼ੀਲੈਂਡ ਕਸਟਮਜ਼ ਨੇ ਭਾਰਤ ਤੋਂ ਆਈਆਂ ਪਕੌੜੀਆਂ ‘ਚ ਦਸ ਕਿੱਲੋ ਨਸ਼ਾ ਫੜਿਆ-ਇਕ ਖ਼ਬਰ**

-ਅਜੇ ਤਾਂ ਭਾਈ ਵਿਚਾਰੀਆਂ ਪਕੌੜੀਆਂ ਹੀ ਸਨ ਜੇ ਕਿਤੇ ਪਕੌੜੇ ਹੁੰਦੇ ਫੇਰ ਕਿੰਨਾ ਨਸ਼ਾ ਹੁੰਦਾ?

* * * * * * *


# ਕਾਵਿ-ਕਿਆਰੀ

## ਮੋਹਰੀ ਸੂਬਾ

ਹੜ੍ਹ ਦੇ ਪਾਣੀ ਨੇ ਕਰ ਦਿੱਤੀਆਂ ਫ਼ਸਲਾਂ ਤਬਾਹ ਨੇ,
ਘਰਾਂ ਨੂੰ ਜਾਣ ਵਾਲੇ ਸਭ ਟੁੱਟ ਗਏ ਰਾਹ ਨੇ।
ਪਸ਼ੂ ਤੇ ਬੰਦੇ ਪਾਣੀ ਦੇ ਵਿੱਚ ਰੁੜ੍ਹੀ ਜਾਂਦੇ ਨੇ,
ਮੋਟਰ ਸਾਈਕਲ ਤੇ ਸਕੂਟਰ ਆਪੇ ਖੜ੍ਹੀ ਜਾਂਦੇ ਨੇ।
ਜਿਨ੍ਹਾਂ ਦੀਆਂ ਫ਼ਸਲਾਂ, ਪਸ਼ੂ ਤੇ ਘਰ ਰਹੇ ਨਾ,
ਉਨ੍ਹਾਂ ਨੂੰ ਕਿਸੇ ਨੇ ਪੈਸੇ ਦੇਣੇ ਉਧਾਰੇ ਨਾ।
ਮਾੜੀ ਨੀਅਤ ਵਾਲੇ ਨੇਤਾ ਬਹਿਸ ਕਰੀ ਜਾਂਦੇ ਨੇ,
ਗੱਲੀਂ ਬਾਤੀਂ ਲੋਕਾਂ ਨੂੰ ਸਭ ਕੁਝ ਦਈ ਜਾਂਦੇ ਨੇ।
ਰੱਬ ਤੱਕ ਵੀ ਕਿਸੇ ਦੀ ਪੁੱਜੀ ਅਰਦਾਸ ਨਾ,
ਹੜ੍ਹ ਦੇ ਪਾਣੀ ਨੇ ਕਿਸੇ ਦੀ ਕੀਤੀ ਪ੍ਰਵਾਹ ਨਾ।
ਹੜ੍ਹ ਪੀੜਤ ਆਪਣੇ ਪੈਰਾਂ ਤੇ ਖੜ੍ਹੇ ਕਿਵੇਂ ਹੋਣਗੇ ?
ਢੇਰੀ ਹੋਏ ਘਰਾਂ 'ਚ ਉਨ੍ਹਾਂ ਦੇ ਵਾਸੇ ਕਿਵੇਂ ਹੋਣਗੇ ?
ਗੁਰੂ ਨਾਨਕ ਦੇ ਜਿਹੜੇ ਸੱਚੇ ਪੈਰੋਕਾਰ ਨੇ,
ਉਹ ਉਨ੍ਹਾਂ ਲਈ ਸਭ ਕੁਝ ਕਰਨ ਨੂੰ ਤਿਆਰ ਨੇ।
ਸਮਾਂ ਪੈ ਕੇ 'ਮਾਨ' ਸਭ ਕੁਝ ਠੀਕ ਹੋ ਜਾਣਾ ਏਂ,
ਉਜੜੇ ਪੰਜਾਬ ਨੇ ਫਿਰ ਮੋਹਰੀ ਸੂਬਾ ਬਣ ਜਾਣਾ ਏਂ।

## ਗ਼ਜ਼ਲ

ਜੋ ਤੁਰ ਗਿਆ ਸੀ ਕਲ੍ਹ ਕਹਿ ਕੇ ਚੰਨ ਬੇਨੂਰ ਮੈਨੂੰ,
ਅੱਜ ਓਹੀ ਪੁੱਛੇ ਆ ਕੇ ਆਪਣਾ ਕਸੂਰ ਮੈਨੂੰ।
ਇਹ ਦਿੰਦੀ ਹੈ ਸਹਾਰਾ ਮਾਰੂਥਲਾਂ 'ਚ ਸਭ ਨੂੰ,
ਲਗਦੀ ਹੈ ਚੰਗੀ ਤਾਂ ਹੀ ਲੰਬੀ ਖਜੂਰ ਮੈਨੂੰ।
ਨਾ ਪੀਤੀ ਹੈ ਕਦੇ, ਨਾ ਮੈਂ ਪੀਣੀ ਲੋਚਦਾ ਹਾਂ,
ਪੀ ਕੇ ਸ਼ਰਾਬ ਕੀ ਚੜ੍ਹਨਾ ਹੈ ਸਰੂਰ ਮੈਨੂੰ।
ਤੂੰ ਗ਼ਲਤ ਰਸਤੇ ਤੇ ਭੁੱਲ ਕੇ ਵੀ ਤੁਰੀਂ ਨਾ ਯਾਰਾ,
ਸੁਣ ਕੇ ਸਲਾਹ ਮੇਰੀ, ਐਵੇਂ ਨਾ ਘੂਰ ਮੈਨੂੰ।
ਇੱਛਾ ਨਾ ਕੋਈ ਮੇਰੀ, ਮਿੱਤਰ ਤੇਰਾ ਬਣਾਂ ਮੈਂ,
ਇੱਛਾ ਹੈ, ਆਪਣਾ ਵੈਰੀ ਸਮਝੀਂ ਜ਼ਰੂਰ ਮੈਨੂੰ।
ਭਾਵੇਂ ਗ਼ਮਾਂ ਨੂੰ ਜਰਨੇ ਖ਼ਾਤਰ ਮੈਂ ਸਖ਼ਤ ਲੱਗਾਂ,
ਪਰ ਮੈਂ ਪੱਥਰ ਨਹੀਂ ਹਾਂ, ਨਾ ਰੱਖੋ ਦੂਰ ਮੈਨੂੰ।
ਜੇ ਕਰ ਇਨ੍ਹਾਂ ਚੋਂ ਲਭਦੇ ਨਾ ਗਲਤੀਆਂ ਅਲੋਚਕ,
ਕਰਦੇ ਨਾ ਸ਼ਿਅਰ ਮੇਰੇ, ਯਾਰੋ ਮਸ਼ਹੂਰ ਮੈਨੂੰ।



ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ -144526
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

* * * * * *

## ਮਨੁੱਖਤਾ ਦਾ ਹੜ੍ਹ

ਮਰੀ ਨਹੀਂ ਮਨੁੱਖਤਾ, ਹਾਲੇ ਵੀ ਜ਼ਿੰਦਾ ਹੈ,
ਹੱਥ ਨੂੰ ਹੱਥ ਮਨੁੱਖ, ਹਾਲੇ ਵੀ ਦਿੰਦਾ ਹੈ।

ਮੁਸੀਬਤਾਂ ਦੇ ਪਹਾੜ, ਜਦੋਂ ਵੀ ਟੁੱਟਦੇ ਨੇ,
ਹਮਦਰਦੀ ਦੇ ਦਿਆਲੂ, ਸੋਮੇ ਫੁੱਟਦੇ ਨੇ।

ਇਨਸਾਨੀਅਤ ਦੀ ਸ਼ਮਾ, ਅਜਿਹੀ ਜਗਦੀ ਹੈ,
ਹਰ ਬੇ ਉਮੀਦੀ ਉਮੀਦ 'ਚ, ਬਦਲਦੀ ਲੱਗਦੀ ਹੈ।

ਗ਼ਰੀਬ ਅਮੀਰ ਦਾ ਪਾੜਾ, ਮਿਟਦਾ ਲੱਗਦਾ ਹੈ,
ਜਦ ਬੰਦੇ ਲਈ ਬੰਦਾ ਹੀ, ਆ ਕੇ ਖੜ੍ਹਦਾ ਹੈ।


ਮੁਜੱਸਮਾ ਇਹ ਕਈ ਵਾਰ ਇੰਝ, ਪਰਗਟ ਹੋਇਆ ਹੈ,
ਹਰ ਵਾਰੀ ਇਸ ਨੇ ਨਵਾਂ ਹੀ, ਨ਼ਗਮਾ ਛੋਹਿਆ ਹੈ।

ਹੜ੍ਹਾਂ ਦੇ ਪਿੱਛੋਂ ਦੁਨੀਆ ਦਾ, ਹੜ੍ਹ ਆਇਆ ਹੈ,
ਜਿਸ ਨੇ ਡੁੱਬਦੀ ਮਾਨਵਤਾ, ਨੂੰ ਬਚਾਇਆ ਹੈ।

ਕੁਦਰਤ ਦੀ ਕਰੋਪੀ ਨੇ, ਸਬਕ ਨਵੇਂ ਸਿਖਾਏ ਨੇ,
ਬੰਦਿਆਂ ਲਈ ਅੰਤ ਬੰਦੇ ਹੀ, ਕੰਮ ਆਏ ਨੇ।

ਬੰਨ੍ਹ ਕਤਾਰਾਂ ਬਾਨ੍ਹਣੂੰ, ਨਵੇਂ ਹੀ ਬੰਨ੍ਹ ਦਿੱਤੇ,
ਬਿਨਾ ਝਿਜਕ ਆਪਣੇ ਤਨ, ਮਨ 'ਤੇ ਧਨ ਦਿੱਤੇ।

ਅਦੁੱਤੀਆਂ ਕਈ ਮਿਸਾਲਾਂ, ਸਾਹਮਣੇ ਆ ਗਈਆਂ,
ਜੋ ਦਵੈਤ ਭਾਵ 'ਤੇ ਨਫਰਤਾਂ ਨੂੰ, ਮਾਤਾਂ ਪਾ ਗਈਆਂ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ


* * * * * * *

## ਤਿੰਨ ਕਵਿਤਾਵਾਂ

1) ਮਿਲਣਾ ਵਿਛੜਨਾ
ਕਿੰਨਾ ਸੁਹਾਵਣਾ
ਚਾਂਦਨੀ ਰਾਤ ਵਿਚ
ਇਕੱਲੇ ਮਿਲਣਾ
ਸਵੇਰ ਹੋਈ ਤਾਂ
ਵਿਛੜ ਗਏ
ਯਾਦਾਂ ਦਾ ਪਰਛਾਵਾਂ
ਬਣਾ ਕੇ ਗਹਿਣਾ

2) ਸਮੇਂ ਦੇ ਨਾਲ
ਸਮੇਂ ਦੇ ਨਾਲ
ਨੇੜੇ ਤੋਂ ਨੇੜੇ
ਜਿਵੇਂ ਪੱਤੇ
ਪਰਤ ਆਉਂਦੇ ਨੇ
ਫਿਰ ਆਪਾਂ ਵੀ
ਇਕ ਦਿਨ
ਮੁੜ ਆਵਾਂਗੇ


3) ਜੀਵਨ
ਉਸ ਦੇ ਨੈਣਾਂ ਵਿਚੋਂ
ਉਮਰ ਭਰ
ਜ਼ਿੰਦਗੀ ਤਲਾਸ਼ੀ
ਉਸ ਦੀਆਂ ਯਾਦਾਂ ਵਿਚੋਂ
ਹੁਣ ਜੀਵਨ ਲੱਭਦਾ
ਰਾਹਾਂ ਵਿਚ
ਭਟਕ ਗਿਆ।



ਕਸ਼ਮੀਰੀ ਲਾਲ ਚਾਵਲਾ
ਸੰਪਾਦਕ ਅਦਬੀ ਪਰਿਕਰਮਾ
9814814791

## ਭਈਏ ਬਨਾਮ ਭਰਾ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਮੋਟਰਸਾਈਕਲ ਤੇ ਕਾਰਾਂ ਲੈ ਫਿਰਨ ਕਾਕੇ
ਟ੍ਰੈਕਟਰ ਖੇਤਾਂ ਵਿਚ ਕੌਣ ਚਲਾਊ ਗਾ ਜੀ।
ਗੇੜਾ ਮਾਰ ਹਰ ਸ਼ਹਿਰ ਵਿਚ ਸੋਚ ਲਈਏ
ਰੇਹੜੀ ਕੌਣ ਬਜ਼ਾਰਾਂ ਵਿਚ ਲਾਊ ਗਾ ਜੀ।
ਕਹਿੰਦੇ 'ਭਈਏ ਭਜਾਉਣੇ' ਪੰਜਾਬ ਵਿੱਚੋਂ
ਏਸ ਮਸਲੇ 'ਤੇ ਕੌਣ 'ਸਮਝਾਊ ਗਾ' ਜੀ।
ਦੂਜੇ 'ਸੂਬਿਆਂ ਵਿਚਲੇ' ਪੰਜਾਬੀਆਂ ਦੀ
ਕਿਹੜਾ 'ਸਕਾ' ਜੋ ਸੁੱਖ ਮਨਾਊ ਗਾ ਜੀ।
ਬਿਨ ਵਿਚਾਰ ਦੇ ਵਿੱਢਿਆ ਮਿਸ਼ਨ ਕੋਈ
ਕੋਈ 'ਸਮੱਸਿਆ' ਹੋਰ ਵਧਾਊ ਗਾ ਜੀ।
ਬੇਸ਼ੱਕ ਸਾੜੋ ਦੁਸ਼ਕਰਮੀਂ ਨੂੰ ਅੱਗ ਲਾ ਕੇ
ਕੀਤੀ ਆਪਣੀ ਆਪ ਖ਼ੁਦ ਪਾਊ ਗਾ ਜੀ।
78146-92724

## ਹਾਏ ਚਰਨਜੀਤ ਅਹੂਜਾ !



ਸ੍ਰੀਮਾਨ ਸੰਗੀਤ ਸਮਰਾਟ ਚਰਨਜੀਤ ਅਹੂਜਾ !
ਜੱਗ ਜਾਣਦਾ ਯਾਰੋ ਮੁੜ ਕੇ ਹੋਰ ਨਹੀਂ ਜੰਮਣਾ ਦੂਜਾ !!
ਸੁਰਾਂ ਦਾ ਸੁਦਾਗਰ ਗੀਤਾਂ ਦੀ ਜਿੰਦ ਜਾਨ ਸੀ ਉਹ !
ਪੰਜਾਬੀ ਮਾਂ ਬੋਲੀ ਦਾ ਚਹੇਤਾ, ਸਰਗੁਣ ਸੁਘੜ ਸੁਜਾਨ ਸੀ ਉਹ !
ਜੋ ਉਹਨੂੰ ਇਕ ਵਾਰ ਵੀ ਮਿਲਿਆ, ਉਹ ਉਸ ਦਾ ਹੀ ਹੋ ਕੇ ਰਹਿ ਗਿਆ !
ਭੇੜ ਕੇ ਦਿੱਲੀ ਦਾ ਦਰਵਾਜ਼ਾ 'ਚਰਨਜੀਤ' ਜਾ ਮੋਹਾਲੀ ਬਹਿ ਗਿਆ !!
ਸਚਿਨ ਅਹੂਜਾ, ਪੰਕਜ ਅਹੂਜਾ, ਕੁੱਲ ਪਰਿਵਾਰ ਅਹੂਜੇ ਦਾ !
ਮੰਤਰ ਮੁਗਧ ਮਿਊਜ਼ਿਕ ਦੇ ਵਿੱਚ, ਸਤਿਕਾਰ ਕਰਨ ਇਕ ਦੂਜੇ ਦਾ !!
ਕੈਂਸਰ ਨੇ ਹਾਏ ਕੀਤਾ ਕਾਰਾ ਇਹ ਕੀ ਅਣਹੋਣੀ ਹੋਈ !
ਸੋਚਾਂ ਦੇ ਵਿੱਚ ਪਾ ਗਿਆ ਸਭ ਨੂੰ, ਸਭਨਾਂ ਦੀ ਅੱਖ ਰੋਈ!!
ਹੇ ਮੇਰੇ ਸੱਚੇ ਸਤਿਗੁਰ ਸਾਈਆਂ, 'ਚੰਨ ਜੰਡਿਆਲਵੀ' ਯੂ ਕੇ ਦੀ ਅਰਦਾਸ !
ਘਰ ਪਰਿਵਾਰ ਨੂੰ ਦਿਓ ਦਿਲਾਸਾ, ਰੂਹ ਨੂੰ ਰੱਖੋ ਚਰਨਾਂ ਪਾਸ !!

ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ ਕੇ



# ਨਿਪਾਲ ਦੇ ਘਟਨਾਕ੍ਰਮ ਤੋਂ ਕਿਉਂ ਡਰੀ ਹੈ ਮੋਦੀ ਸਰਕਾਰ

**ਅਭੈ ਕੁਮਾਰ ਦੂਬੇ**



ਅੱਜ ਦਾ ਸਭ ਤੋਂ ਵੱਡਾ ਸੋਚਣ ਵਾਲਾ ਸਵਾਲ ਇਹ ਹੈ ਕਿ, ਕੀ ਨਿਪਾਲ ਵਿਚ ਵਾਪਰੀਆਂ ਘਟਨਾਵਾਂ ਨੇ ਭਾਰਤ ਦੀ ਸੱਤਾ ਸਥਾਪਤੀ ਨੂੰ ਡਰਾ ਦਿੱਤਾ ਹੈ ? ਇਸ ਸਮੇਂ ਸਥਿਤੀ ਇਹ ਹੈ ਕਿ ਸੱਤਾਧਾਰੀਆਂ ਨੂੰ ਨਿਪਾਲ ਦੀਆਂ ਘਟਨਾਵਾਂ ਵਿਚ ਇਕ ਕਿਸਮ ਦੀ ਲਾਗ (ਛੂਤ) ਦਿਖਾਈ ਦੇ ਰਹੀ ਹੈ, ਮਤਲਬ ਨਿਪਾਲ ਵਿਚ ਵਾਪਰੀਆਂ ਘਟਨਾਵਾਂ ਦੀ 'ਛੂਤ' ਭਾਰਤ ਦੇ ਰਾਜਨੀਤਕ ਘਟਨਾਕ੍ਰਮ ਨੂੰ ਵੀ ਲੱਗ ਸਕਦੀ ਜਾਂ ਪ੍ਰਭਾਵਿਤ ਕਰ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਨਿਪਾਲ ਵਿਚ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਜੋ ਉੱਥਲ-ਪੁਥਲ ਮਚਾਈ ਹੈ, ਉਹ ਭਾਰਤ ਵਿਚ ਵੀ ਦੁਹਰਾਈ ਜਾ ਸਕਦੀ ਹੈ। ਅਜਿਹੀ ਭਾਵਨਾ, ਇਸ ਤਰ੍ਹਾਂ ਦਾ ਸ਼ੱਕ/ਡਰ ਭਾਜਪਾ ਆਗੂਆਂ ਵਿਚ ਵੀ ਦਿਖਾਈ ਦੇਣ ਲੱਗਾ ਹੈ।

ਇਸ ਦਾ ਪਹਿਲਾ ਸਬੂਤ ਉਦੋਂ ਮਿਲਿਆ ਜਦੋਂ ਮੋਦੀ ਜੀ ਦੇ ਸਭ ਤੋਂ ਲਾਡਲੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਸਰਕਾਰ ਨੂੰ ਆਪਣਾ ਸੁਝਾਅ ਭੇਜਿਆ। ਹਾਲ ਹੀ ਵਿਚ ਨਿਸ਼ੀਕਾਂਤ ਦੂਬੇ ਨੂੰ ਕੰਸਟੀਚਿਊਸ਼ਨਲ ਕਲੱਬ ਦਿੱਲੀ ਦੀਆਂ ਚੋਣਾਂ ਵਿਚ ਹਰਾਉਣ ਵਾਲੇ ਭਾਜਪਾ ਦੇ ਹੀ ਰਾਜੀਵ ਪ੍ਰਤਾਪ ਰੂਡੀ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਉਸ (ਦੂਬੇ) ਦਾ ਰੁਤਬਾ ਹੁਣ ਇੰਨਾ ਵਧ ਗਿਆ ਹੈ ਕਿ ਹਾਈਕਮਾਨ ਨੇ ਉਸ ਨੂੰ ਸੰਸਦ ਨੂੰ ਕੰਟਰੋਲ ਕਰਨ ਦਾ ਵੀ ਮੌਕਾ ਦੇ ਦਿੱਤਾ ਹੈ। ਪਰ ਇਹ ਮੋਦੀ ਸਰਕਾਰ ਦੀ ਬਦਕਿਸਮਤੀ ਹੋਵੇਗੀ, ਜੇਕਰ ਉਹ ਨਿਸ਼ੀਕਾਂਤ ਦੇ ਸੁਝਾਅ ਨੂੰ ਲਾਗੂ ਕਰਨ ਬਾਰੇ ਸੋਚਦੀ ਵੀ ਹੈ। ਜੇਕਰ ਨਿਸ਼ੀਕਾਂਤ ਦੇ ਸੁਝਾਅ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਸਰਕਾਰ ਦਾ ਕਦਮ 8 ਤਰੀਕ ਤੋਂ ਪਹਿਲਾਂ ਨਿਪਾਲ ਦੇ ਪ੍ਰਧਾਨ ਮੰਤਰੀ ਓਲੀ ਵਲੋਂ ਚੁੱਕੇ ਗਏ ਕਦਮ ਵਰਗਾ ਹੀ ਹੋਵੇਗਾ, ਮਤਲਬ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਉਸ 'ਤੇ ਪਾਬੰਦੀਆਂ ਲਗਾ ਦੇਣੀਆਂ। ਇਸੇ ਕਾਰਨ ਓਲੀ ਸੱਤਾ ਤੋਂ ਬਾਹਰ ਕਰ ਦਿੱਤੇ ਗਏ ਹਨ। ਮੇਰਾ ਮੰਨਣਾ ਹੈ ਕਿ ਜੇਕਰ ਸਰਕਾਰ ਨਿਸ਼ੀਕਾਂਤ ਦੇ ਸੁਝਾਅ ਨੂੰ ਸਵੀਕਾਰ ਕਰ ਲੈਂਦੀ ਹੈ ਤਾਂ ਭਾਰਤ ਵਿਚ ਵੀ ਨਿਪਾਲ ਜਿਹੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ।

ਧਿਆਨਯੋਗ ਹੈ ਕਿ ਨਿਸ਼ੀਕਾਂਤ ਦੂਬੇ ਦਾ ਇਹ ਸੁਝਾਅ ਨਿੱਜੀ ਨਹੀਂ, ਸਗੋਂ ਅਧਿਕਾਰਤ ਤੌਰ 'ਤੇ ਦਿੱਤਾ ਗਿਆ ਹੈ। ਜਿਸ ਲਈ ਸਰਕਾਰ ਨੂੰ ਇਸ 'ਤੇ ਹਾਂ ਜਾਂ ਨਾਂਹ ਦੇ ਕਿਸੇ ਰੂਪ ਵਿਚ ਪ੍ਰਤੀਕਿਰਿਆ ਦੇਣੀ ਪੈ ਸਕਦੀ ਹੈ। ਜ਼ਿਕਰਯੋਗ ਹੈ ਕਿ ਨਿਸ਼ੀਕਾਂਤ ਦੂਬੇ ਸੰਸਦੀ ਕਮੇਟੀ (ਸੰਚਾਰ ਤੇ ਸੂਚਨਾ ਤਕਨਾਲੋਜੀ ਸੰਬੰਧੀ ਸਥਾਈ ਕਮੇਟੀ) ਦੇ ਚੇਅਰਮੈਨ ਹਨ ਅਤੇ ਉਨ੍ਹਾਂ ਵਲੋਂ ਹਾਲ ਹੀ ਵਿਚ ਪੇਸ਼ ਕੀਤੀ ਗਈ ਰਿਪੋਰਟ ਜਾਅਲੀ ਖ਼ਬਰਾਂ, ਏ.ਆਈ. ਦੀ ਦੁਰਵਰਤੋਂ ਤੇ ਗਲਤ ਜਾਣਕਾਰੀ ਨੂੰ ਰੋਕਣ ਲਈ ਸਖ਼ਤ ਕਾਨੂੰਨ, ਲਾਜ਼ਮੀ ਤੱਥ-ਜਾਂਚ, ਜੁਰਮਾਨੇ ਤੇ ਪਾਬੰਦੀਆਂ ਵਰਗੇ ਪ੍ਰਬੰਧਾਂ ਦੀ ਸਿਫ਼ਾਰਸ਼ ਕਰਦੀ ਹੈ। ਦੂਬੇ ਨੇ ਇਸ ਨੂੰ ਖੇਤਰੀ ਅਸਥਿਰਤਾ ਮਤਲਬ ਨਿਪਾਲ, ਬੰਗਲਾਦੇਸ਼, ਸ੍ਰੀਲੰਕਾ ਆਦਿ ਦੇ ਸੰਦਰਭ ਨਾਲ ਜੋੜਦਿਆਂ ਕਿਹਾ ਹੈ ਕਿ ਭਾਰਤ ਨੂੰ ਇਨ੍ਹਾਂ ਦੇਸ਼ਾਂ ਵਿਚ ਫੈਲੀ ਅਰਾਜਕ ਸਥਿਤੀ ਤੋਂ ਬਚਾਉਣ ਲਈ ਅਜਿਹੇ ਉਪਾਅ ਕਰਨੇ ਜ਼ਰੂਰੀ ਹਨ। ਇਹ ਰਿਪੋਰਟ 10 ਸਤੰਬਰ ਨੂੰ ਪੇਸ਼ ਕੀਤੀ ਗਈ ਹੈ, ਜਿਸ ਵਿਚ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜਾਅਲੀ ਖ਼ਬਰਾਂ ਨੂੰ 'ਜਨਤਕ ਵਿਵਸਥਾ ਅਤੇ ਲੋਕਤੰਤਰ ਲਈ ਖ਼ਤਰਾ' ਦੱਸਿਆ ਗਿਆ ਹੈ ਤੇ ਦੰਡਕਾਰੀ ਪ੍ਰਬੰਧਾਂ ਵਿਚ ਬਦਲਾਅ ਕਰਨ, ਸੰਪਾਦਕਾਂ/ਪ੍ਰਕਾਸ਼ਕਾਂ ਦੀ ਜਵਾਬਦੇਹੀ, ਅੰਦਰੂਨੀ ਲੋਕਪਾਲ ਦੀ ਨਿਯੁਕਤੀ ਅਤੇ ਏ.ਆਈ. ਦੇ ਸਾਧਨਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਖ਼ਤ ਮਨੁੱਖੀ ਨਿਗਰਾਨੀ ਦੀ ਸਿਫਾਰਸ਼ ਕੀਤੀ ਗਈ ਹੈ। ਦੂਬੇ ਦਾ ਸੁਝਾਅ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਉਹ ਰਾਹੁਲ ਗਾਂਧੀ ਤੇ ਵਿਰੋਧੀ ਧਿਰ ਦੇ ਨੇਤਾਵਾਂ 'ਤੇ ਭਾਰਤ ਵਿਚ ਨਿਪਾਲ ਵਰਗੀ ਸਥਿਤੀ ਪੈਦਾ ਕਰਨ ਲਈ 'ਟੂਲਕਿੱਟਾਂ' ਦੀ ਵਰਤੋਂ ਕਰਨ ਦਾ ਦੋਸ਼ ਲਗਾਉਂਦੇ ਹਨ। ਨਿਸ਼ੀਕਾਂਤ ਦੇ ਸੁਝਾਅ ਮੋਦੀ ਸਰਕਾਰ ਦੀ ਉਸ ਵਿਆਪਕ ਨੀਤੀ ਨਾਲ ਮੇਲ ਖਾਂਦੇ ਹਨ, ਜੋ ਸੋਸ਼ਲ ਮੀਡੀਆ ਨਿਯਮਨ (ਰੈਗੂਲੇਸ਼ਨ) ਨੂੰ ਰਾਸ਼ਟਰੀ ਸੁਰੱਖਿਆ ਤੇ ਸਥਿਰਤਾ ਨਾਲ ਜੋੜਦੀ ਹੈ।

ਇਹ ਕਹਿਣ ਦੀ ਲੋੜ ਨਹੀਂ ਕਿ ਸਰਕਾਰ ਦੀ ਸੋਚ ਵਿਰੋਧੀ ਧਿਰ ਦੀਆਂ ਸਰਗਰਮੀਆਂ ਤੋਂ ਬਹੁਤ ਪ੍ਰਭਾਵਿਤ ਹੁੰਦੀ ਹੈ। ਕਾਂਗਰਸ ਸਮੇਤ ਭਾਰਤ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨਿਪਾਲ ਵਿਚ ਵਾਪਰੀਆਂ ਘਟਨਾਵਾਂ ਅਤੇ ਭਾਰਤ ਦੀ ਸਥਿਤੀ ਵਿਚ ਸਮਾਨਤਾਵਾਂ ਨੂੰ ਰੇਖਾਂਕਿਤ ਕਰ ਰਹੀਆਂ ਹਨ। ਨਿਪਾਲ ਵਾਂਗ ਹੀ ਭਾਰਤ ਵਿਚ ਵੀ ਨੌਜਵਾਨ ਲਗਾਤਾਰ ਵਧਦੀ ਬੇਰੁਜ਼ਗਾਰੀ, ਵਿਆਪਕ ਭ੍ਰਿਸ਼ਟਾਚਾਰ ਤੇ ਆਰਥਿਕ ਅਸਮਾਨਤਾ ਦੇ ਸ਼ਿਕਾਰ ਹਨ। ਵਿਰੋਧੀ ਧਿਰ ਮੋਦੀ ਸਰਕਾਰ ਨੂੰ ਅਜਿਹੇ ਮੁੱਦਿਆਂ 'ਤੇ ਲਗਾਤਾਰ ਚਿਤਾਵਨੀ ਦੇ ਰਹੀ ਹੈ ਕਿ ਜੇਕਰ ਪ੍ਰਣਾਲੀਗਤ ਸਮੱਸਿਆਵਾਂ ਦਾ ਹੱਲ ਨਾ ਕੀਤਾ ਗਿਆ ਤਾਂ ਭਾਰਤ ਵਿਚ ਵੀ ਅਜਿਹੇ ਵਿਦਰੋਹ ਹੋ ਸਕਦੇ ਹਨ। ਕੁਝ ਰਿਪੋਰਟਾਂ ਅਨੁਸਾਰ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਭਾਰਤ ਦੇ ਸੱਤਾ ਹਲਕਿਆਂ ਵਿਚ 'ਚਿਤਾਵਨੀ ਦੀ ਘੰਟੀ' ਵਜੋਂ ਦੇਖਿਆ ਜਾ ਰਿਹਾ ਹੈ। ਹੁਣ ਸਭ ਜਾਣਦੇ ਹਨ ਕਿ ਜਦੋਂ ਨਿਪਾਲ ਵਿਚ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਗਈ ਸੀ ਤਾਂ ਇਹ ਬਗਾਵਤ ਦਾ ਕਾਰਨ ਬਣ ਗਈ। ਨੌਜਵਾਨਾਂ ਨੇ 'ਕੁਨੈਕਸ਼ਨ ਨਹੀਂ ਕੁਰੱਪਸ਼ਨ ਖਤਮ ਕਰੋ' ਦਾ ਨਾਅਰਾ ਲਗਾਇਆ। ਜੇਕਰ ਭਾਰਤ 'ਚ ਅਜਿਹਾ ਹੁੰਦਾ ਹੈ ਤਾਂ 'ਕੁਸ਼ਾਸਨ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਾਂ 'ਵੋਟ ਚੋਰੀ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਾਂ 'ਭ੍ਰਿਸ਼ਟਾਚਾਰ ਖਤਮ ਕਰੋ, ਸੋਸ਼ਲ ਮੀਡੀਆ ਨਹੀਂ' ਜਿਹੇ ਨਾਅਰੇ ਲੱਗ ਸਕਦੇ ਹਨ।




ਇਹ ਸਿੱਟਾ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ ਕਿ ਸਰਕਾਰ ਅਜਿਹੀਆਂ ਸਿ਼ਫਾਰਸ਼ਾਂ ਲਈ ਪਹਿਲਾਂ ਹੀ ਤਿਆਰੀ ਕਰਕੇ ਬੈਠੀ ਸੀ। ਨਹੀਂ ਤਾਂ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿ 8-9-10 ਸਤੰਬਰ ਨੂੰ ਨਿਪਾਲ ਵਿਚ ਨੌਜਵਾਨਾਂ ਦਾ ਵਿਦਰੋਹ ਹੋਇਆ ਅਤੇ ਸੰਸਦੀ ਕਮੇਟੀ ਨੇ ਜਲਦੀ ਨਾਲ ਇਕ ਮੀਟਿੰਗ ਕੀਤੀ ਅਤੇ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ। ਮੋਦੀ ਸਰਕਾਰ ਕੋਈ ਵੀ ਕੰਮ ਇੰਨੀ ਜਲਦੀ ਵਿਚ ਕਦੇ ਨਹੀਂ ਕਰਦੀ। ਦਰਅਸਲ ਮੋਦੀ ਸਰਕਾਰ ਰੁਜ਼ਗਾਰ, ਕਾਨੂੰਨ ਵਿਵਸਥਾ, ਸਿੱਖਿਆ ਅਤੇ ਵਿਕਾਸ ਵੱਲ ਘੱਟ ਧਿਆਨ ਦਿੰਦੀ ਹੈ ਅਤੇ ਜ਼ਿਆਦਾ ਸਮਾਂ ਆਪਣੇ ਦਬਦਬੇ ਨੂੰ ਬਚਾਉਣ ਵਿਚ ਬਿਤਾਉਂਦੀ ਹੈ। ਸਰਕਾਰ ਜਿਹੜੇ ਉਪਾਅ ਥੋਪਣਾ ਚਾਹੁੰਦੀ ਹੈ, ਉਸ ਵਿਚ ਇਹ ਧਮਕੀ ਹੈ ਕਿ ਜੇਕਰ ਕੋਈ ਸਰਕਾਰ ਵਿਰੁੱਧ ਲਿਖਦਾ ਹੈ ਤਾਂ ਇਸ ਨੂੰ ਰਾਸ਼ਟਰ ਵਿਰੋਧੀ ਕਾਰਵਾਈ ਦੱਸ ਕੇ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ। ਜੇਕਰ ਕੋਈ ਸਰਕਾਰ ਦੀਆਂ ਨੀਤੀਆਂ ਦੇ ਸਮਰਥਨ ਵਿਚ ਲਿਖੇਗਾ ਤਾਂ ਅਜਿਹੇ ਯੂਟਿਊਬਰਾਂ ਨੂੰ 8 ਲੱਖ ਤੱਕ ਦੇ ਇਸ਼ਤਿਹਾਰ ਮਿਲਣਗੇ। ਸਰਕਾਰ ਐਕਸ, ਫੇਸਬੁੱਕ, ਇੰਸਟਾਗ੍ਰਾਮ ਆਦਿ 'ਤੇ ਸਰਕਾਰ ਪੱਖੀ ਲਿਖਣ ਨੂੰ ਹੱਲਾਸ਼ੇਰੀ ਦੇਵੇਗੀ, ਜੋ ਦਰਅਸਲ ਇਕ ਰਿਸ਼ਵਤ ਹੀ ਹੈ। ਵਿਰੋਧੀ ਧਿਰ ਤੇ ਗੈਰ-ਸਰਕਾਰੀ ਸੰਗਠਨ ਇਸ ਨੂੰ 'ਪੱਤਰਕਾਰੀ ਨੂੰ ਕੰਟਰੋਲ ਕਰਨਾ' ਕਹਿੰਦੇ ਹਨ ਕਿਉਂਕਿ ਇਹ ਸਰਕਾਰ ਨੂੰ ਡਿਜੀਟਲ ਨਿਊਜ਼ ਪੋਰਟਲਾਂ ਅਤੇ ਓ.ਟੀ.ਟੀ. ਪਲੇਟਫਾਰਮਾਂ ਦੀ ਨਿਗਰਾਨੀ ਕਰਨ ਦਾ ਅਧਿਕਾਰ ਵੀ ਦਿੰਦਾ ਹੈ। ਉਦਾਹਰਨ ਵਜੋਂ, ਵੱਟਸਐਪ ਨੇ ਟ੍ਰੇਸਬਿਲਟੀ ਨਿਯਮ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੈ, ਕਿਉਂਕਿ ਇਹ ਉਪਭੋਗਤਾਵਾਂ ਦੀ ਗੋਪਨੀਯਤਾ ਨੂੰ ਪ੍ਰਭਾਵਿਤ ਕਰਦਾ ਹੈ। ਕੀ ਕੋਈ ਅਜਿਹਾ ਦੇਸ਼ ਕਦੇ ਤਰੱਕੀ ਕਰ ਸਕਦਾ ਹੈ, ਜਿੱਥੇ ਭਲਾਈ ਯੋਜਨਾਵਾਂ ਨਾਲੋਂ ਜਨਤਾ ਨੂੰ ਕੰਟਰੋਲ ਕਰਨ 'ਤੇ ਜ਼ਿਆਦਾ ਊਰਜਾ ਖਰਚ ਕੀਤੀ ਜਾਂਦੀ ਹੋਵੇ ?

ਮੋਦੀ ਸਰਕਾਰ ਦੇ ਪੈਗਾਸਸ ਜਾਸੂਸੀ ਘੁਟਾਲੇ ਦਾ 2021 'ਚ ਪਰਦਾਫਾਸ਼ ਹੋਇਆ ਸੀ। ਭਾਰਤ ਨੇ 2017 ਵਿਚ ਇਜ਼ਰਾਈਲ ਤੋਂ ਪੈਗਾਸਸ ਨਾਮ ਦਾ ਇਹ ਸਪਾਈਵੇਅਰ ਖਰੀਦਿਆ ਸੀ, ਜੋ 15 ਹਜ਼ਾਰ ਕਰੋੜ ਰੁਪਏ ਦੇ ਰੱਖਿਆ ਸੌਦੇ ਦਾ ਹਿੱਸਾ ਸੀ। ਦਰਅਸਲ, ਪੈਗਾਸਸ ਵਿਵਾਦ ਇਜ਼ਰਾਈਲੀ ਕੰਪਨੀ ਐਨ. ਐੱਸ. ਓ. ਗਰੁੱਪ ਦੁਆਰਾ ਵਿਕਸਤ ਸਪਾਈਵੇਅਰ ਦੀ ਦੁਰਵਰਤੋਂ ਨਾਲ ਸਬੰਧਤ ਇਕ ਗਲੋਬਲ ਜਾਸੂਸੀ ਘੁਟਾਲਾ ਹੈ। ਇਹ ਸਾਫਟਵੇਅਰ ਸਮਾਰਟਫੋਨ ਵਿਚ ਘੁਸਪੈਠ ਕਰਕੇ ਉਪਭੋਗਤਾ ਦੀ ਜਾਣਕਾਰੀ ਤੋਂ ਬਿਨਾਂ ਉਸ ਦੀਆਂ ਕਾਲਾਂ, ਸੰਦੇਸ਼ਾਂ, ਸਥਾਨ, ਕੈਮਰਾ ਤੇ ਮਾਈਕ੍ਰੋਫੋਨ ਤੱਕ ਪਹੁੰਚ ਕਰ ਸਕਦਾ ਹੈ। ਇਹ ਵਿਵਾਦ 2021 'ਚ ਉਦੋਂ ਉਭਰਿਆ ਜਦੋਂ 'ਦ ਵਾਇਰ ਐਮਨੈਸਟੀ ਇੰਟਰਨੈਸ਼ਨਲ' ਤੇ ਹੋਰ ਅੰਤਰਰਾਸ਼ਟਰੀ ਮੀਡੀਆ ਸੰਗਠਨਾਂ ਨੇ ਖੁਲਾਸਾ ਕੀਤਾ ਕਿ ਭਾਰਤ ਵਿਚ ਪੈਗਾਸਸ ਦੀ ਵਰਤੋਂ ਪੱਤਰਕਾਰਾਂ, ਵਿਰੋਧੀ ਨੇਤਾਵਾਂ, ਕਾਰਕੁਨਾਂ ਅਤੇ ਸਰਕਾਰੀ ਆਲੋਚਕਾਂ ਦੀ ਜਾਸੂਸੀ ਕਰਨ ਲਈ ਕੀਤੀ ਗਈ ਹੈ। ਨਿਪਾਲ 'ਚ 2025 ਦੀ ਅਸਥਿਰਤਾ ਅਤੇ ਭਾਰਤ ਵਿਚ ਸੋਸ਼ਲ ਮੀਡੀਆ ਕੰਟਰੋਲ ਦੀ ਚਰਚਾ ਦੇ ਸੰਦਰਭ ਵਿਚ ਵਿਰੋਧੀ ਧਿਰ ਤੇ ਕੁਝ ਵਿਸ਼ਲੇਸ਼ਕਾਂ ਦੁਆਰਾ ਪੈਗਾਸਸ ਵਿਵਾਦ ਨੂੰ ਸਰਕਾਰੀ ਨਿਗਰਾਨੀ ਤੇ ਕੰਟਰੋਲ ਦੀ ਇਕ ਵਿਆਪਕ ਰਣਨੀਤੀ ਦੇ ਹਿੱਸੇ ਵਜੋਂ ਦੇਖਿਆ ਜਾਂਦਾ ਹੈ।

ਨਿਸ਼ੀਕਾਂਤ ਦੂਬੇ ਵਰਗੇ ਸੰਸਦ ਮੈਂਬਰਾਂ ਦੀਆਂ ਹਾਲੀਆ ਸਿ਼ਫਾਰਸ਼ਾਂ ਇਸ ਖਦਸ਼ੇ ਨੂੰ ਹੋਰ ਮਜ਼ਬੂਤ ਕਰਦੀਆਂ ਹਨ ਕਿ ਸਰਕਾਰ ਖੇਤਰੀ ਅਸਥਿਰਤਾ ਦੇ ਡਰ ਕਾਰਨ ਡਿਜੀਟਲ ਨਿਗਰਾਨੀ ਤੇ ਕੰਟਰੋਲ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੀ ਹੈ। ਕੁੱਲ ਮਿਲਾ ਕੇ ਪੈਗਾਸਸ ਵਿਵਾਦ ਨੇ ਭਾਰਤ 'ਚ ਨਿਗਰਾਨੀ, ਨਿੱਜਤਾ ਤੇ ਲੋਕਤੰਤਰੀ ਜਵਾਬਦੇਹੀ 'ਤੇ ਬਹਿਸ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। 2021 ਵਿਚ ਲੀਕ ਹੋਈ ਸੂਚੀ ਵਿਚ 300 ਤੋਂ ਵੱਧ ਭਾਰਤੀਆਂ ਦੇ ਨੰਬਰ ਸਨ, ਜਿਨ੍ਹਾਂ ਵਿਚ ਰਾਹੁਲ ਗਾਂਧੀ, ਪ੍ਰਸ਼ਾਂਤ ਕਿਸ਼ੋਰ, 40 ਪੱਤਰਕਾਰ, ਦੋ ਕੇਂਦਰੀ ਮੰਤਰੀ (ਪ੍ਰਹਿਲਾਦ ਪਟੇਲ, ਅਸ਼ਵਨੀ ਵੈਸ਼ਨਵ) ਅਤੇ ਇਕ ਸੁਪਰੀਮ ਕੋਰਟ ਦੇ ਜੱਜ ਸ਼ਾਮਿਲ ਸਨ। ਪੈਗਾਸਸ ਮਨੁੱਖੀ ਅਧਿਕਾਰ ਕਾਰਕੁੰਨਾਂ, ਵਕੀਲਾਂ ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਮੋਦੀ ਸਰਕਾਰ ਨੇ ਪੈਗਾਸਸ ਦੀ ਵਰਤੋਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਕੋਈ ਅਣਅਧਿਕਾਰਤ ਨਿਗਰਾਨੀ ਨਹੀਂ ਕੀਤੀ ਗਈ। ਸਰਕਾਰ ਨੇ ਇਸ ਨੂੰ 'ਰਾਸ਼ਟਰੀ ਸੁਰੱਖਿਆ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਦੱਸਿਆ ਸੀ। ਸੁਪਰੀਮ ਕੋਰਟ ਨੇ 2021 ਵਿਚ ਜਸਟਿਸ ਰਵਿੰਦਰਨ ਦੀ ਅਗਵਾਈ ਵਿਚ ਇਕ ਸੁਤੰਤਰ ਜਾਂਚ ਕਮੇਟੀ ਬਣਾਈ ਸੀ, ਪਰ ਸਰਕਾਰ ਨੇ ਕਮੇਟੀ ਦੇ ਕੰਮ ਵਿਚ ਪੂਰਾ ਸਹਿਯੋਗ ਨਹੀਂ ਦਿੱਤਾ।

ਨਿਪਾਲ ਵਿਚ ਵਾਪਰੀਆਂ ਘਟਨਾਵਾਂ ਨੇ ਇਕ ਅਜਿਹਾ ਪਟਾਰਾ ਖੋਲ੍ਹ ਦਿੱਤਾ ਹੈ, ਜੋ ਕਿ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਅਤੇ ਲੋਕਤੰਤਰ ਨੂੰ ਸੀਮਤ ਕਰਨ ਵਾਲੇ ਬਿੱਛੂਆਂ ਤੇ ਸੱਪਾਂ ਨਾਲ ਭਰਿਆ ਹੋਇਆ ਹੈ। ਸਾਨੂੰ ਸਾਰਿਆਂ ਨੂੰ ਚੌਕਸ ਰਹਿੰਦਿਆਂ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣੀਆਂ ਪੈਣਗੀਆਂ ਤੇ ਸੰਘਰਸ਼ ਲਈ ਤਿਆਰ ਰਹਿਣਾ ਪਵੇਗਾ, ਕਿਉਂਕਿ ਇਹ ਸਮਾਂ ਕਦੇ ਵੀ ਆ ਸਕਦਾ ਹੈ।

# ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦਾ ਵਿਵਾਦ: ਸਿੱਖ ਮਰਯਾਦਾ ਜਾਂ ਸਿਆਸੀ ਸਾਜਿਸ਼?

**ਨਿਊਜ਼ ਸਟੋਰੀ**

**✪ ਸਿਰੋਪਾ ਸਬੰਧੀ ਸ਼੍ਰੋਮਣੀ ਕਮੇਟੀ ਦੀ ਸਖਤੀ ਰਾਹੁਲ ਬਾਰੇ ਕਿਉਂ, ਪਰ ਬਾਦਲ ਪਰਿਵਾਰ 'ਤੇ ਚੁੱਪੀ ਕਿਉਂ? ✪ ਸਿਰੋਪੇ ਦੀ ਪਰੰਪਰਾ: ਪੰਥਕ ਸਨਮਾਨ ਹੈ, ਸਿਆਸੀ ਪੈਂਤੜੇ ਬਾਜ਼ੀ ਨਹੀਂ-ਪੰਥਕ ਰਾਇ**





ਪੰਜਾਬ ਦੇ ਰਾਮਦਾਸ ਕਸਬੇ ਵਿੱਚ ਸਥਿਤ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੂੰ ਸਿਰੋਪਾ ਭੇਟ ਕਰਨ ਦਾ ਮਾਮਲਾ ਇੱਕ ਵੱਡੇ ਵਿਵਾਦ ਦਾ ਕਾਰਨ ਬਣ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ ਵਿੱਚ ਸਖਤ ਕਾਰਵਾਈ ਕਰਦਿਆਂ ਗੁਰਦੁਆਰੇ ਦੇ ਇੱਕ ਗ੍ਰੰਥੀ ਨੂੰ ਬਰਖਾਸਤ ਕਰ ਦਿੱਤਾ ਸੀ, ਦੋ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਸੀ ਅਤੇ ਇੱਕ ਨੂੰ ਤਬਦੀਲ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦਾ ਕਹਿਣਾ ਸੀ ਕਿ ਰਾਹੁਲ ਗਾਂਧੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਰੋਪਾ ਦੇਣ ਨਾਲ ਸਿੱਖ ਮਰਿਯਾਦਾ ਦਾ ਉਲੰਘਣ ਹੋਇਆ ਅਤੇ ਇਹ ਸਨਮਾਨ ਸਿਰਫ ਉਨ੍ਹਾਂ ਪੰਥਕ ਸਖਸ਼ੀਅਤਾਂ ਲਈ ਹੈ, ਜਿਨ੍ਹਾਂ ਨੇ ਸਿੱਖ ਧਰਮ ਅਤੇ ਸਮਾਜ ਦੀ ਵੱਡੀ ਸੇਵਾ ਕੀਤੀ ਹੋਵੇ। ਪਰ ਇਹ ਮਾਮਲਾ ਸਿਰਫ ਮਰਯਾਦਾ ਦੀ ਉਲੰਘਣਾ ਤੱਕ ਸੀਮਤ ਨਹੀਂ, ਸਗੋਂ ਇਸ ਵਿੱਚ ਸਿੱਖ ਸਿਆਸਤ ਅਤੇ ਬਾਦਲ ਪਰਿਵਾਰ ਦੀ ਰਾਜਨੀਤੀ ਵੀ ਮਹਿਸੂਸ ਹੋ ਰਹੀ ਹੈ।

## ਮਾਮਲੇ ਦੀ ਸੰਖੇਪ ਜਾਣਕਾਰੀ

ਇਸ ਹਫਤੇ ਦੀ ਸ਼ੁਰੂਆਤ ਵਿੱਚ ਰਾਹੁਲ ਗਾਂਧੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆਏ ਸਨ। ਇਸ ਦੌਰਾਨ ਉਹ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ। ਇੱਥੇ ਗੁਰਦੁਆਰੇ ਦੇ ਕੁਝ ਸੇਵਾਦਾਰਾਂ ਨੇ ਉਨ੍ਹਾਂ ਨੂੰ ਸਿਰੋਪ ਭੇਟ ਕੀਤਾ। ਇਹ ਸਿਰੋਪਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ, ਦਰਬਾਰ ਸਾਹਿਬ ਦੇ ਪਵਿੱਤਰ ਸਥਾਨ ਵਿੱਚ ਦਿੱਤਾ ਗਿਆ।

ਸ਼੍ਰੋਮਣੀ ਨੇ ਇਸ ਮਾਮਲੇ ਦੀ ਜਾਂਚ ਤੋਂ ਬਾਅਦ ਗੁਰਦੁਆਰੇ ਦੇ ਸਟਾਫ ਵਿਰੁੱਧ ਸਖਤ ਕਾਰਵਾਈ ਕੀਤੀ। ਪਰ ਇਸ ਕਾਰਵਾਈ ਨੂੰ ਲੈ ਕੇ ਸਿੱਖ ਸਮਾਜ ਅਤੇ ਸਿਆਸੀ ਹਲਕਿਆਂ ਵਿੱਚ ਵਿਵਾਦ ਛਿੜ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਨੂੰ "ਦੁਖਦ, ਹੈਰਾਨਕੁੰਨ ਅਤੇ ਮੰਦਭਾਗਾ" ਕਰਾਰ ਦਿੱਤਾ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਮੈਂਬਰ ਕਿਰਨਜੋਤ ਕੌਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਰਾਹੁਲ ਗਾਂਧੀ ਨੂੰ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ ਦੇ ਕੰਮਾਂ ਲਈ ਜਿੰਮੇਵਾਰ ਠਹਿਰਾਉਣਾ ਗਲਤ ਹੈ, ਕਿਉਂਕਿ 1984 ਦੇ ਸਮੇਂ ਰਾਹੁਲ ਸਿਰਫ ਇੱਕ ਬੱਚੇ ਸਨ।

## ਸ਼੍ਰੋਮਣੀ ਕਮੇਟੀ ਦੇ ਨਿਯਮ ਅਤੇ ਸਿਰੋਪੇ ਦੀ ਮਰਯਾਦਾ

ਸ਼੍ਰੋਮਣੀ ਕਮੇਟੀ ਨੇ ਨਵੰਬਰ 2022 ਵਿੱਚ ਸਿਰੋਪਾ ਦੇਣ ਦੀ ਪਰੰਪਰਾ ਨੂੰ ਨਿਯਮਬੱਧ ਕੀਤਾ ਸੀ। ਨਿਯਮਾਂ ਅਨੁਸਾਰ, ਸਿਰੋਪਾ ਸਿਰਫ ਉਨ੍ਹਾਂ ਪੰਥਕ ਸਖਸ਼ੀਅਤਾਂ ਨੂੰ ਦਿੱਤਾ ਜਾ ਸਕਦਾ ਹੈ, ਜਿਨ੍ਹਾਂ ਨੇ ਸਿੱਖ ਧਰਮ ਅਤੇ ਸਮਾਜ ਲਈ ਵਿਸ਼ੇਸ਼ ਸੇਵਾਵਾਂ ਕੀਤੀਆਂ ਹੋਣ। ਕਿਸੇ ਵੀ ਵੀ.ਆਈ.ਪੀ. ਜਾਂ ਰਾਜਨੀਤਕ ਸਖਸ਼ੀਅਤ ਨੂੰ ਗੁਰਦੁਆਰੇ ਦੇ ਪਵਿੱਤਰ ਸਥਾਨ ਵਿੱਚ ਸਿਰੋਪਾ ਨਹੀਂ ਦਿੱਤਾ ਜਾ ਸਕਦਾ। ਜੇਕਰ ਕਿਸੇ ਮਹੱਤਵਪੂਰਨ ਮਹਿਮਾਨ ਦਾ ਸਨਮਾਨ ਕਰਨਾ ਹੋਵੇ, ਤਾਂ ਉਸ ਨੂੰ ਗੁਰਦੁਆਰੇ ਦੇ ਬਾਹਰ ਧਾਰਮਿਕ ਕਿਤਾਬਾਂ ਦਾ ਸੈੱਟ ਜਾਂ ਹੋਰ ਸਨਮਾਨ ਭੇਟ ਕੀਤਾ ਜਾ ਸਕਦਾ ਹੈ।

ਸਿੱਖ ਵਿਦਵਾਨ ਪ੍ਰੋਫੈਸਰ ਧਰਮ ਸਿੰਘ ਅਨੁਸਾਰ, ਸਿਰੋਪਾ ਸਿੱਖ ਪਰੰਪਰਾ ਵਿੱਚ ਸੰਗਤ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਨੁਮਾਇੰਦਗੀ ਵਜੋਂ ਦਿੱਤਾ ਜਾਣ ਵਾਲਾ ਸਰਬਉੱਚ ਸਨਮਾਨ ਹੈ। ਇਹ ਸਿਰਫ ਉਸ ਨੂੰ ਮਿਲਣਾ ਚਾਹੀਦਾ ਹੈ, ਜੋ ਸਿੱਖ ਧਰਮ ਪ੍ਰਤੀ ਸਮਰਪਣ ਅਤੇ ਸੇਵਾ ਦੀ ਮਿਸਾਲ ਹੋਵੇ। ਪਰ ਅੱਜਕੱਲ੍ਹ ਸਿਰੋਪਾ ਦੀ ਪਰੰਪਰਾ ਨੂੰ ਸਿਆਸੀ ਅਤੇ ਸਮਾਜਿਕ ਪ੍ਰਭਾਵ ਵਾਲੇ ਲੋਕਾਂ ਨੂੰ ਸੌਖੇ ਢੰਗ ਨਾਲ ਦੇਣ ਦੀ ਰਵਾਇਤ ਬਣ ਗਈ ਹੈ, ਜੋ ਸਿੱਖ ਮਰਯਾਦਾ ਦੇ ਖਿਲਾਫ ਹੈ।

ਇਸ ਵਿਵਾਦ ਵਿੱਚ ਸਭ ਤੋਂ ਵੱਡਾ ਸਵਾਲ ਇਹ ਉੱਠਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਕੀ ਸਿਰਫ ਮਰਯਾਦਾ ਦੀ ਰਾਖੀ ਲਈ ਹੈ, ਜਾਂ ਇਸ ਪਿੱਛੇ ਬਾਦਲ ਪਰਿਵਾਰ ਦੀ ਸਿਆਸਤ ਕੰਮ ਕਰ ਰਹੀ ਹੈ? ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਰਾਹੁਲ ਗਾਂਧੀ ਵਿਰੁੱਧ ਸਖਤੀ ਨੂੰ ਸਿੱਖ ਸਮਾਜ ਦੇ ਇੱਕ ਵਰਗ ਨੇ ਸਿਆਸੀ ਚਾਲ ਮੰਨਿਆ ਹੈ। ਹਾਲ ਹੀ ਵਿੱਚ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਾਧ ਟੇਕ ਸਿੰਘ ਧਨੌਲਾ ਨੇ ਅਕਾਲੀ ਨੇਤਾ ਹਰਸਿਮਰਤ ਕੌਰ ਬਾਦਲ ਨੂੰ ਗੁਰਦੁਆਰੇ ਵਿੱਚ ਸਿਰੋਪਾ ਭੇਟ ਕੀਤਾ। ਇਹ ਘਟਨਾ ਵੀ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਦੀ ਉਲੰਘਣਾ ਸੀ, ਕਿਉਂਕਿ ਹਰਸਿਮਰਤ ਇੱਕ ਰਾਜਨੀਤਕ ਸਖਸ਼ੀਅਤ ਹਨ।

ਸਿਖ ਸਿਆਸਤ ਦੇ ਮਾਹਿਰਾਂ ਅਨੁਸਾਰ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਚੁੱਪੀ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਧਨੌਲਾ ਵਿਰੁੱਧ ਕੋਈ ਕਾਰਵਾਈ ਨਾ ਹੋਣ ਨੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਦੇ ਉਲਟ, ਰਾਹੁਲ ਗਾਂਧੀ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਤੁਰੰਤ ਜਾਂਚ ਅਤੇ ਸਖਤੀ ਨੇ ਇਹ ਸਪਸ਼ਟ ਕਰ ਦਿੱਤਾ ਕਿ ਇਹ ਕਾਰਵਾਈ ਸਿਰਫ ਮਰਯਾਦਾ ਦੀ ਰਾਖੀ ਲਈ ਨਹੀਂ, ਸਗੋਂ ਭਾਜਪਾ ਨੂੰ ਖੁਸ਼ ਕਰਨ ਤੇ ਸਿਆਸੀ ਏਜੰਡੇ ਨੂੰ ਅੱਗੇ ਵਧਾਉਣ ਲਈ ਹੈ।

## ਕੀ ਹੈ ਪੰਥਕ ਸਿਆਸਤ ਦੀ ਸਹੀ ਦਿਸ਼ਾ


ਬਾਦਲ ਦਲ ਦੀ ਸਿਆਸਤ ਨੂੰ ਸਿੱਖ ਪੰਥ ਦੀ ਸਹੀ ਨੁਮਾਇੰਦਗੀ ਨਹੀਂ ਮੰਨਿਆ ਜਾ ਸਕਦਾ। ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਸਿੱਖ ਕੌਮ ਦੀਆਂ ਘੱਟੋ-ਘੱਟ ਮੰਗਾਂ ਦਾ ਇੱਕ ਚਾਰਟਰ ਤਿਆਰ ਕਰੇ ਅਤੇ ਉਸ ਨੂੰ ਦੇਸ਼ ਦੀਆਂ ਵੱਡੀਆਂ ਸਿਆਸੀ ਪਾਰਟੀਆਂ-ਐਨ.ਡੀ.ਏ. ਅਤੇ ਇੰਡੀਆ ਗਠਜੋੜ-ਸਾਹਮਣੇ ਰੱਖੇ। ਜੋ ਪਾਰਟੀ ਸਿੱਖ ਮੰਗਾਂ ਨੂੰ ਸਵੀਕਾਰ ਕਰੇ, ਉਸ ਦਾ ਸਮਰਥਨ ਕੀਤਾ ਜਾਣਾ ਚਾਹੀਦਾ। ਪਰ ਬਾਦਲ ਦਲ ਦੀ ਭਾਜਪਾ ਨਾਲ ਨੇੜਤਾ ਅਤੇ ਕਾਂਗਰਸ ਵਿਰੁੱਧ ਮਾਹੌਲ ਬਣਾਉਣ ਦੀਆਂ ਕੋਸ਼ਿਸ਼ਾਂ ਸਿੱਖ ਪੰਥ ਦੀ ਮਜ਼ਬੂਤੀ ਨੂੰ ਕਮਜ਼ੋਰ ਕਰ ਰਹੀਆਂ ਹਨ। ਸਿੱਖ ਪੰਥ ਨੂੰ ਇੱਕਜੁਟ ਹੋਣ ਅਤੇ ਆਪਣੀ ਸਿਆਸੀ ਤਾਕਤ ਨੂੰ ਸਮਝਦਾਰੀ ਨਾਲ ਵਰਤਣ ਦੀ ਜ਼ਰੂਰਤ ਹੈ। ਰਾਹੁਲ ਗਾਂਧੀ ਵਰਗੇ ਨੇਤਾਵਾਂ ਨੂੰ ਪੁਰਾਣੇ ਇਤਿਹਾਸ ਦੇ ਆਧਾਰ 'ਤੇ ਵਿਤਕਰਾ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਨਾਲ ਸੰਵਾਦ ਅਤੇ ਸਮਝੌਤੇ ਦੀ ਨੀਤੀ ਅਪਣਾਉਣੀ ਚਾਹੀਦੀ। ਸਿੱਖ ਇਤਿਹਾਸ ਸਿਖਾਉਂਦਾ ਹੈ ਕਿ ਸਮਝਦਾਰੀ ਅਤੇ ਸੰਵਾਦ ਨਾਲ ਹੀ ਕੌਮ ਦੀ ਭਲਾਈ ਸੰਭਵ ਹੈ।

## ਰਾਹੁਲ ਗਾਂਧੀ ਅਤੇ 1984 ਦਾ ਸੰਦਰਭ

ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੇ ਵਿਵਾਦ ਨੂੰ 1984 ਦੇ ਸਿੱਖ ਕਤਲੇਆਮ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਨਾਲ ਜੋੜਿਆ ਜਾ ਰਿਹਾ ਹੈ। ਬਾਦਲ ਪਰਿਵਾਰ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਨੇਤਾਵਾਂ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ, ਜੋ ਇੰਦਰਾ ਗਾਂਧੀ ਦੇ ਪੋਤਰੇ ਹਨ, ਨੂੰ ਸਿਰੋਪਾ ਦੇਣਾ ਸਿੱਖ ਭਾਵਨਾਵਾਂ ਦਾ ਅਪਮਾਨ ਹੈ। ਪਰ ਇਸ ਦਲੀਲ ਨੂੰ ਸਿੱਖ ਸਮਾਜ ਦਾ ਵੱਡਾ ਵਰਗ ਗਲਤ ਮੰਨਦਾ ਹੈ। ਕਿਰਨਜੋਤ ਕੌਰ ਵਰਗੇ ਸਿੱਖ ਵਿਦਵਾਨਾਂ ਨੇ ਕਿਹਾ ਹੈ ਕਿ 1984 ਦੇ ਸਮੇਂ ਰਾਹੁਲ ਗਾਂਧੀ ਸਿਰਫ 14 ਸਾਲ ਦੇ ਸਨ ਅਤੇ ਉਸ ਸਮੇਂ ਉਨ੍ਹਾਂ ਦਾ ਕੋਈ ਸਿਆਸੀ ਜਾਂ ਪ੍ਰਸ਼ਾਸਨਿਕ ਰੋਲ ਨਹੀਂ ਸੀ। ਇਸ ਲਈ ਉਨ੍ਹਾਂ ਨੂੰ ਉਸ ਘਟਨਾ ਦਾ ਜਿੰਮੇਵਾਰ ਠਹਿਰਾਉਣਾ ਨਾ-ਇਨਸਾਫੀ ਹੈ। ਰਾਹੁਲ ਗਾਂਧੀ ਨੇ ਕਈ ਮੌਕਿਆਂ 'ਤੇ ਸਿੱਖ ਕਤਲੇਆਮ ਲਈ ਅਫਸੋਸ ਜ਼ਾਹਰ ਕੀਤਾ ਹੈ ਅਤੇ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਵੀ ਕੀਤੀ ਹੈ। ਪੰਥਕ ਮਾਹਿਰਾਂ ਅਨੁਸਾਰ ਸਿੱਖ ਇਤਿਹਾਸ ਵਿੱਚ ਮੁਆਫੀ ਅਤੇ ਸੰਵਾਦ ਦੀਆਂ ਕਈ ਮਿਸਾਲਾਂ ਹਨ। ਗੁਰੂ ਹਰਗੋਬਿੰਦ ਸਾਹਿਬ ਨੇ ਮੁਗਲ ਸਮਰਾਟ ਜਹਾਂਗੀਰ ਨਾਲ ਸਬੰਧ ਬਣਾਏ, ਜਿਸ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਹੁਕਮ ਦਿੱਤਾ ਸੀ। ਇਸੇ ਤਰ੍ਹਾਂ, ਨਵਾਬ ਕਪੂਰ ਸਿੰਘ ਨੇ ਸਿੱਖ ਨਸਲਕੁਸ਼ੀ ਦੀ ਜ਼ਿੰਮੇਵਾਰ ਮੁਗਲ ਸਰਕਾਰ ਤੋਂ ਨਵਾਬੀ ਸਵੀਕਾਰ ਕੀਤੀ, ਤਾਂ ਜੋ ਸਿੱਖ ਕੌਮ ਨੂੰ ਮਜ਼ਬੂਤ ਕੀਤਾ ਜਾ ਸਕੇ। ਇਨ੍ਹਾਂ ਮਿਸਾਲਾਂ ਤੋਂ ਸਪਸ਼ਟ ਹੈ ਕਿ ਸਿੱਖ ਪਰੰਪਰਾ ਵਿੱਚ ਸਮਝਦਾਰੀ ਅਤੇ ਸੰਵਾਦ ਨੂੰ ਅਹਿਮ ਸਥਾਨ ਦਿੱਤਾ ਗਿਆ ਹੈ।

# ਅਡਾਨੀ ਦਾ ਮੀਡੀਆ ’ਤੇ ਹੱਲਾ: ਪੱਤਰਕਾਰਾਂ ’ਤੇ ਸੈਂਸਰਸ਼ਿਪ ਦੀ ਤਲਵਾਰ ਲਟਕੀ

## ✪ ਅਦਾਲਤੀ ਹੁਕਮ ਕਾਰਣ ਪ੍ਰੈਸ ਦੀ ਆਜ਼ਾਦੀ ’ਤੇ ਸਵਾਲ ਖੜੇ ਹੋਏ ✪ ਕਾਰਪੋਰੇਟ ਦਬਾਅ ਅਤੇ ਸਰਕਾਰੀ ਤਾਕਤ: ਮੀਡੀਆ ਨੂੰ ਚੁੱਪ ਕਰਵਾਉਣ ਦੀ ਸਾਜ਼ਿਸ਼? ✪ ਹਾਈਕੋਰਟ ਵਿ ਪੱਤਰਕਾਰਾਂ ਨੇ ਅਡਾਨੀ ਵਿਰੁੱਧ ਅਵਾਜ਼ ਕੀਤੀ ਬੁਲੰਦ





ਦਿੱਲੀ ਦੀ ਇੱਕ ਅਦਾਲਤ ਨੇ ਅਡਾਨੀ ਸਮੂਹ ਦੇ ਮੁਖੀ ਗੌਤਮ ਅਡਾਨੀ ਅਤੇ ਉਸ ਦੀਆਂ ਕੰਪਨੀਆਂ ਨਾਲ ਜੁੜੀਆਂ ਖ਼ਬਰਾਂ ਅਤੇ ਵੀਡੀਓਜ਼ ਨੂੰ ਹਟਾਉਣ ਦਾ ਹੁਕਮ ਜਾਰੀ ਕਰਕੇ ਵਿਵਾਦ ਨੂੰ ਜਨਮ ਦਿੱਤਾ ਹੈ। ਇਸ ਹੁਕਮ ਨੇ ਪ੍ਰੈਸ ਦੀ ਆਜ਼ਾਦੀ ਅਤੇ ਕਾਰਪੋਰੇਟ ਜਗਤ ਦੇ ਪ੍ਰਭਾਵ ਨੂੰ ਲੈ ਕੇ ਵੱਡੀ ਬਹਿਸ ਛੇੜ ਦਿੱਤੀ ਹੈ। ਰੋਹਿਣੀ ਅਦਾਲਤ ਦੇ ਸਿਵਲ ਜੱਜ ਦੇ ਇਸ ਇਕਪਾਸੜ ਫੈਸਲੇ ਨੂੰ ਜ਼ਿਲ੍ਹਾ ਜੱਜ ਨੇ ਰੱਦ ਕਰ ਦਿੱਤਾ, ਪਰ ਮੀਡੀਆ ਅਤੇ ਪੱਤਰਕਾਰਾਂ ’ਤੇ ਦਬਾਅ ਦੀ ਇਹ ਘਟਨਾ ਸੈਂਸਰਸ਼ਿਪ ਦੇ ਖਤਰਿਆਂ ਨੂੰ ਉਜਾਗਰ ਕਰਦੀ ਹੈ। ਕਈ ਪੱਤਰਕਾਰ ਅਤੇ ਡਿਜੀਟਲ ਮੀਡੀਆ ਸੰਸਥਾਵਾਂ ਨੇ ਇਸ ਫੈਸਲੇ ਨੂੰ ਦਿੱਲੀ ਹਾਈਕੋਰਟ ਵਿੱਚ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ।

ਰੋਹਿਣੀ ਦੀ ਸਿਵਲ ਅਦਾਲਤ ਨੇ ਅਡਾਨੀ ਐਂਟਰਪ੍ਰਾਈਜ਼ਜ਼ ਲਿਮਟਿਡ ਦੀ ਸ਼ਿਕਾਇਤ ’ਤੇ 6 ਸਤੰਬਰ ਨੂੰ ਇੱਕ ਇਕਪਾਸੜ ਹੁਕਮ ਜਾਰੀ ਕੀਤਾ ਸੀ, ਜਿਸ ਵਿੱਚ ਕਈ ਯੂਟਿਊਬ ਚੈਨਲਾਂ ਅਤੇ ਸੁਤੰਤਰ ਪੱਤਰਕਾਰਾਂ ਨੂੰ ਅਡਾਨੀ ਸਮੂਹ ਨਾਲ ਜੁੜੀਆਂ 138 ਵੀਡੀਓਜ਼ ਅਤੇ 83 ਇੰਸਟਾਗ੍ਰਾਮ ਪੋਸਟਾਂ ਹਟਾਉਣ ਦਾ ਆਦੇਸ਼ ਦਿੱਤਾ ਗਿਆ ਸੀ। ਇਸ ਹੁਕਮ ਦਾ ਅਧਾਰ ਮਾਣਹਾਨੀ ਦਾ ਮੁਕੱਦਮਾ ਸੀ, ਜਿਸ ਵਿੱਚ ਅਡਾਨੀ ਸਮੂਹ ਨੇ ਦਾਅਵਾ ਕੀਤਾ ਕਿ ਇਹ ਸਮੱਗਰੀ ਉਸ ਦੀ ਸਾਖ ਨੂੰ ਨੁਕਸਾਨ ਪਹੁੰਚਾ ਰਹੀ ਹੈ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਇਸ ਆਦੇਸ਼ ’ਤੇ ਤੁਰੰਤ ਕਾਰਵਾਈ ਕਰਦਿਆਂ 16 ਸਤੰਬਰ ਨੂੰ ਨੋਟਿਸ ਜਾਰੀ ਕੀਤੇ ਸਨ ਅਤੇ 5 ਦਿਨਾਂ ਦੇ ਅੰਦਰ ਸਮੱਗਰੀ ਹਟਾਉਣ ਦੀ ਮੰਗ ਕੀਤੀ ਸੀ। ਜਦੋਂ ਕਈ ਚੈਨਲਾਂ ਨੇ ਇਸ ਦੀ ਪਾਲਣਾ ਨਾ ਕੀਤੀ, ਤਾਂ ਮੰਤਰਾਲੇ ਨੇ 36 ਘੰਟਿਆਂ ਦਾ ਅਲਟੀਮੇਟਮ ਜਾਰੀ ਕੀਤਾ।

ਇਸ ਹੁਕਮ ਦੀ ਸਭ ਤੋਂ ਵੱਡੀ ਆਲੋਚਨਾ ਇਹ ਸੀ ਕਿ ਅਦਾਲਤ ਨੇ ਪੱਤਰਕਾਰਾਂ ਜਾਂ ਮੀਡੀਆ ਸੰਸਥਾਵਾਂ ਦਾ ਪੱਖ ਸੁਣੇ ਬਿਨਾਂ ਹੀ ਫੈਸਲਾ ਸੁਣਾਇਆ।

ਇਸ ਹੁਕਮ ਦਾ ਅਸਰ ਕਈ ਨਾਮੀ ਪੱਤਰਕਾਰਾਂ ਅਤੇ ਡਿਜੀਟਲ ਮੀਡੀਆ ਪਲੇਟਫਾਰਮਾਂ ’ਤੇ ਪਿਆ, ਜਿਨ੍ਹਾਂ ਵਿੱਚ ਨਿਊਜ਼ ਲੌਂਡਰੀ, ਅਭਿਸਾਰ ਸ਼ਰਮਾ, ਧਰੁਵ ਰਾਠੀ, ਰਵੀਸ਼ ਕੁਮਾਰ, ਦੀ ਦੇਸ਼ਭਕਤ (ਆਕਾਸ਼ ਬੈਨਰਜੀ), ਦੀਪਕ ਸ਼ਰਮਾ, ਅਜੀਤ ਅੰਜੁਮ, ਪ੍ਰਜਨਾ ਦਾ ਪੰਨਾ, ਪਰੰਜੋਏ ਗੁਹਾ ਠਾਕੁਰਤਾ ਅਤੇ ਐਚਡਬਲਯੂ ਨਿਊਜ਼ ਇੰਗਲਿਸ਼ ਸ਼ਾਮਲ ਹਨ। ਇਨ੍ਹਾਂ ’ਤੇ ਅਡਾਨੀ ਸਮੂਹ ਨਾਲ ਜੁੜੀਆਂ ਰਿਪੋਰਟਾਂ ਜਾਂ ਵੀਡੀਓਜ਼ ਨੂੰ ਹਟਾਉਣ ਦਾ ਦਬਾਅ ਪਾਇਆ ਗਿਆ ਸੀ। ਵਰਿਸ਼ਠ ਪੱਤਰਕਾਰ ਅਭਿਸਾਰ ਸ਼ਰਮਾ, ਜਿਨ੍ਹਾਂ ਦੇ ਯੂਟਿਊਬ ਚੈਨਲ ’ਤੇ 90 ਲੱਖ ਤੋਂ ਵੱਧ ਸਬਸਕ੍ਰਾਈਬਰ ਹਨ, ਨੇ ਕਿਹਾ ਕਿ ਉਨ੍ਹਾਂ ਨੂੰ ਅਦਾਲਤ ਦਾ ਕੋਈ ਨੋਟਿਸ ਨਹੀਂ ਮਿਲਿਆ, ਸਿਰਫ਼ ਯੂਟਿਊਬ ਵੱਲੋਂ ਵੀਡੀਓ ਹਟਾਉਣ ਦਾ ਫਰਮਾਨ ਆਇਆ। ਉਨ੍ਹਾਂ ਨੇ ਇਸ ਆਦੇਸ਼ ਨੂੰ ਦਿੱਲੀ ਹਾਈਕੋਰਟ ਵਿੱਚ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ।

ਅਜੀਤ ਅੰਜੁਮ ਨੇ ਸੋਸ਼ਲ ਮੀਡੀਆ ’ਤੇ ਲਿਖਿਆ, “ਕੀ ਅਡਾਨੀ ਦਾ ਨਾਂ ਲੈਣਾ ਹੁਣ ਗੁਨਾਹ ਹੋ ਗਿਆ? ਮੇਰੇ 24 ਵੀਡੀਓਜ਼, ਜਿਨ੍ਹਾਂ ਵਿੱਚ ਪ੍ਰਸ਼ਾਂਤ ਭੂਸ਼ਣ, ਯਸ਼ਵੰਤ ਸਿਨਹਾ ਅਤੇ ਸੁਚੇਤਾ ਦਲਾਲ ਵਰਗੇ ਲੋਕਾਂ ਦੇ ਇੰਟਰਵਿਊ ਸ਼ਾਮਲ ਹਨ, ਨੂੰ ਹਟਾਉਣ ਦਾ ਹੁਕਮ ਮਿਲਿਆ ਹੈ।” ਇਸੇ ਤਰ੍ਹਾਂ ਦੀਪਕ ਸ਼ਰਮਾ ਨੇ ਵੀ ਸਵਾਲ ਉਠਾਇਆ ਕਿ ਬਿਨਾਂ ਨੋਟਿਸ ਜਾਂ ਸੁਣਵਾਈ ਦੇ ਅਜਿਹੇ ਫੈਸਲੇ ਕਿਵੇਂ ਸੁਣਾਏ ਜਾ ਸਕਦੇ ਹਨ।

ਇਸ ਮਾਮਲੇ ਨੇ ਪ੍ਰੈਸ ਦੀ ਆਜ਼ਾਦੀ ਅਤੇ ਕਾਰਪੋਰੇਟ ਜਗਤ ਦੇ ਮੀਡੀਆ ’ਤੇ ਪ੍ਰਭਾਵ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਐਡੀਟਰਜ਼ ਗਿਲਡ ਆਫ਼ ਇੰਡੀਆ ਨੇ ਇਸ ’ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਆਲੋਚਨਾਤਮਕ ਅਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਹਨ। ਨਿਊਜ਼ ਲੌਂਡਰੀ ਨੇ ਵੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਨਿਰਦੇਸ਼ ਨੂੰ ਦਿੱਲੀ ਹਾਈਕੋਰਟ ਵਿੱਚ ਚੁਣੌਤੀ ਦਿੱਤੀ ਹੈ।

ਰਵੀਸ਼ ਕੁਮਾਰ ਨੇ ਵੀ ਦਿੱਲੀ ਹਾਈਕੋਰਟ ਵਿੱਚ ਇਸ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਦੀ ਯਾਚਿਕਾ ਵਿੱਚ ਕਿਹਾ ਗਿਆ ਹੈ ਕਿ ਇਹ ਆਦੇਸ਼ ਸੰਵਿਧਾਨਕ ਅਧਿਕਾਰਾਂ, ਖਾਸ ਕਰਕੇ ਪ੍ਰੈਸ ਦੀ ਆਜ਼ਾਦੀ ਦੇ ਸੰਵਿਧਾਨਕ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਅਜਿਹੀਆਂ ਕਾਰਵਾਈਆਂ ਤੋਂ ਰੋਕਿਆ ਜਾਵੇ।

ਇਹ ਮਾਮਲਾ ਦਰਸਾਉਂਦਾ ਹੈ ਕਿ ਕਿਵੇਂ ਵੱਡੇ ਕਾਰਪੋਰੇਟ ਘਰਾਣੇ ਅਦਾਲਤੀ ਅਤੇ ਪ੍ਰਸ਼ਾਸਨਿਕ ਰਾਹੀਂ ਮੀਡੀਆ ’ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਅਡਾਨੀ ਸਮੂਹ ਦੀਆਂ ਕੰਪਨੀਆਂ ’ਤੇ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਮੱਗਰੀ ਜਨਹਿੱਤ ਵਿੱਚ ਸੀ ਜਾਂ ਵਿਅੰਗਾਤਮਕ ਸੀ, ਨਾ ਕਿ ਮਾਣਹਾਨੀਕਾਰਕ। ਨਿਊਜ਼ ਲੌਂਡਰੀ ਨੇ ਆਪਣੀ ਯਾਚਿਕਾ ਵਿੱਚ ਕਿਹਾ ਕਿ ਉਨ੍ਹਾਂ ਦੇ ਇੱਕ ਵੀਡੀਓ ਵਿੱਚ ਅਡਾਨੀ ਸਮੂਹ ਨਾਲ ਸਬੰਧਤ ਕੋਈ ਮਾਣਹਾਨੀਕਾਰਕ ਸਮੱਗਰੀ ਨਹੀਂ ਸੀ, ਅਤੇ ਇੱਕ ਵੀਡੀਓ ਨੂੰ ਸਿਰਫ਼ ਇਸ ਲਈ ਹਟਾਉਣ ਦਾ ਹੁਕਮ ਦਿੱਤਾ ਗਿਆ ਕਿਉਂਕਿ ਉਸ ਦੇ ਵੇਰਵੇ ਵਿੱਚ ਅਡਾਨੀ ਦੀ ਧਾਰਾਵੀ ਪ੍ਰੋਜੈਕਟ ਨੂੰ ਵਿਵਾਦਤ ਦੱਸਿਆ ਗਿਆ ਸੀ।

ਇਸ ਘਟਨਾ ਨੇ ਇਹ ਸਵਾਲ ਉਠਾਇਆ ਹੈ ਕਿ ਕੀ ਵੱਡੇ ਕਾਰਪੋਰੇਟ ਘਰਾਣੇ ਅਦਾਲਤੀ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਆਲੋਚਨਾਤਮਕ ਰਿਪੋਰਟਿੰਗ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੱਤਰਕਾਰਾਂ ਅਤੇ ਮੀਡੀਆ ਸੰਸਥਾਵਾਂ ਦਾ ਮੰਨਣਾ ਹੈ ਕਿ ਅਜਿਹੀਆਂ ਕਾਰਵਾਈਆਂ ਨਾਲ ਨਾ ਸਿਰਫ਼ ਪ੍ਰੈਸ ਦੀ ਆਜ਼ਾਦੀ ’ਤੇ ਖਤਰਾ ਮੰਡਰਾਉਂਦਾ ਹੈ, ਸਗੋਂ ਲੋਕਤੰਤਰੀ ਸਿਸਟਮ ਦੀ ਜਵਾਬਦੇਹੀ ਵੀ ਕਮਜ਼ੋਰ ਹੁੰਦੀ ਹੈ।

### -ਮਾਮਲਾ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪ ਲਾਪਤਾ ਹੋਣ ਦਾ-

## ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੌਰਾਨ ਸ਼੍ਰੋਮਣੀ ਕਮੇਟੀ ਦਾ ਕਰਨਗੇ ਵਿਰੋਧ



ਅਜਨਾਲਾ-ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਅਜਨਾਲਾ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਭਾਈ ਅਮਰੀਕ ਸਿੰਘ ਅਜਨਾਲਾ ਨੇ ਐਲਾਨ ਕੀਤਾ ਕਿ ਨਵੰਬਰ ਮਹੀਨੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਜਾਏ ਜਾਣ ਵਾਲੇ ਨਗਰ ਕੀਰਤਨ ਜਾਂ ਹੋਰਨਾਂ ਧਾਰਮਿਕ ਸਮਾਗਮਾਂ ਵਿਚ ਆਉਣ ਵਾਲੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਵਿਰੋਧ ਕੀਤਾ ਜਾਵੇਗਾ ਭਾਈ ਅਮਰੀਕ ਸਿੰਘ ਅਜਨਾਲਾ ਨੇ ਅੱਗੇ ਕਿਹਾ ਕਿ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪ ਲਾਪਤਾ ਕਰਨ ਤੇ ਸ਼੍ਰੋਮਣੀ ਕਮੇਟੀ ਵਲੋਂ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ ਗਈ, ਦੋਸ਼ੀਆਂ ਨੂੰ ਜਨਤਕ ਵੀ ਨਹੀਂ ਕੀਤਾ ਗਿਆ ਤੇ ਨਾ ਹੀ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕਰਵਾਈ ਹੈ ਜੋ ਸਾਡੇ ਵਿਰੋਧ ਦਾ ਮੁੱਖ ਕਾਰਨ ਹੈ।

## ਧੁੱਸੀ ਬੰਨ੍ਹ ਨੂੰ ਮਜ਼ਬੂਤੀ ਕਰਨ ਲਈ ਸੁਖਬੀਰ ਸਿੰਘ ਬਾਦਲ ਨੇ ਦਿੱਤਾ 1 ਲੱਖ 4 ਹਜ਼ਾਰ ਲੀਟਰ ਡੀਜ਼ਲ



ਫਿਲੌਰ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਲਕਾ ਫਿਲੌਰ ਦੇ ਪਿੰਡ ਛੋਲੇ ਬਾਜ਼ਾਰ ਧੁੱਸੀ ਬੰਨ੍ਹ ’ਤੇ ਪਹੁੰਚੇ। ਬੰਨ੍ਹ ’ਤੇ ਕੰਮ ਕਰ ਰਹੇ ਵਰਕਰਾਂ ਨਾਲ ਬੰਨ੍ਹ ਦੀ ਮਜ਼ਬੂਤੀ ਸਬੰਧੀ ਗੱਲਬਾਤ ਕੀਤੀ। ਉਨ੍ਹਾਂ ਇਕ ਲੱਖ ਤੇ 4000 ਲੀਟਰ ਡੀਜ਼ਲ ਦਿੱਤਾ ਤੇ ਜੇਕਰ ਹੋਰ ਵੀ ਕਿਸੇ ਮਦਦ ਦੀ ਲੋੜ ਪਈ ਤਾਂ ਉਹ 24 ਘੰਟੇ ਸੇਵਾ ਲਈ ਤਿਆਰ ਰਹਿਣਗੇ। ਇਸ ਮੌਕੇ ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ ਫਿਲੌਰ, ਜਥੇਦਾਰ ਕੁਲਦੀਪ ਸਿੰਘ ਬਾਜਵਾ, ਅੱਪਰਾ, ਤੇ ਇਲਾਕੇ ਦੀਆਂ ਸ਼ਖ਼ਸੀਅਤਾਂ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਉੱਠ ਪੰਜਾਬ ਸਿਆਂ



ਰਣਵੀਰ ਸਿੰਘ ਰਾਣਾ



ਦੁਨੀਆਂ ਦੇ ਨਕਸ਼ੇ 'ਤੇ ਜੇ ਆਪਾਂ ਝਾਤ ਮਾਰੀਏ ਤਾਂ ਇੱਕ ਦੇਸ਼ ਭਾਰਤ ਦਿਸੇਗਾ। ਜੇ ਭਾਰਤ ਦੇ ਨਕਸ਼ੇ 'ਤੇ ਝਾਤ ਮਾਰੀਏ ਤਾਂ ਇੱਕ ਕੋਨੇ ਵਿੱਚ ਇੱਕ ਟੁਕੜਾ ਦਿਸੇਗਾ ਜਿਹਦਾ ਨਾਂ ਪੰਜਾਬ ਆ। ਸਾਰੀ ਦੁਨੀਆਂ ਤੋਂ ਇਸ ਟੁਕੜੇ ਦੀਆਂ ਵੱਖਰੀਆਂ ਕਹਾਣੀਆਂ ਨੇ, ਜੇ ਇਹਦਾ ਆਪਾਂ ਇਤਿਹਾਸ ਫਰੋਲਦੇ ਹਾਂ ਤਾਂ ਹਜ਼ਾਰਾਂ ਨਹੀਂ ਲੱਖਾਂ ਕਹਾਣੀਆਂ ਆਪਣਾ ਇਤਿਹਾਸ ਦਰਸਾਉਂਦੀਆਂ ਮਿਲਣਗੀਆਂ। ਅੱਜ ਨਹੀਂ ਹਜ਼ਾਰਾਂ ਸਾਲਾਂ ਤੋਂ ਇਹਦਾ ਵੱਖਰਾ ਮਾਣ, 'ਤੇ ਸਾਰੀ ਦੁਨੀਆ ਤੋਂ ਵੱਖਰਾ ਇਤਿਹਾਸ ਮਿਲੇਗਾ। ਜੇ ਸੁਤਿਜੁਗ ਸਮੇਂ ਦੀ ਗੱਲ ਕਰੀਏ ਤਾਂ ਇੱਕ ਕਹਾਣੀ ਅਨੁਸਾਰ ਸ੍ਰੀ ਰਾਮ ਚੰਦਰ ਨੇ ਆਪਣਾ ਘੋੜਾ ਸਾਰੇ ਦੇਸ਼ ਵਿੱਚ ਦੌੜਾਇਆ ਕਿਸੇ ਵਿੱਚ ਡੱਕਣ ਦੀ ਹਿੰਮਤ ਨਾ ਪਈ। ਸਿਰਫ਼ ਪਹਿਲੀ ਵਾਰ ਪੰਜਾਬ ਵਿੱਚ ਉਸ ਘੋੜੇ ਦੀਆਂ ਲਗਾਮਾਂ ਫੜੀਆਂ ਗਈਆਂ। ਉਸ ਸਮੇਂ ਦਾ 'ਵੱਡਾ ਪੁਰਖ ਰਿਸ਼ੀ ਬਾਲਮੀਕ' ਦੀ ਇਸ ਧਰਤੀ ਨੂੰ ਛੋਹ ਪ੍ਰਾਪਤ ਹੋਈ। ਉਸ 'ਤੋਂ ਬਾਅਦ ਤਾਂ ਹਜ਼ਾਰਾਂ ਗੁਰੂਆਂ ਪੀਰਾਂ ਭਗਤਾਂ ਦੀ ਇਸ ਧਰਤੀ ਨੂੰ ਛੋਹ ਪ੍ਰਾਪਤ ਹੋਈ। ਉਸ 'ਤੋਂ ਬਾਅਦ ਫੇਰ ਸਿਕੰਦਰ ਵਰਗਾ ਜਿਹੜਾ ਸੌਂਹ ਖਾ ਕੇ ਤੁਰਿਆ ਸੀ। ਸਾਰੀ ਧਰਤੀ ਮੈਂ ਜਿੱਤ ਕੇ ਮੁੜਾਂਗਾ ਉਹਦੇ ਰਸਤੇ ਵਿੱਚ ਕੋਈ ਨਾ ਆਇਆ ਜਦੋਂ ਉਹਨੇ ਪੰਜਾਬ ਦੀ ਧਰਤੀ 'ਤੇ ਪੈਰ ਰੱਖਿਆ, ਤਦ ਪੰਜਾਬ ਦੇ ਸੂਰਮੇ ਉਹਦੇ ਮੂਹਰੇ ਅੜੇ, ਗਹਿ ਗੱਚ ਮੁਕਾਬਲਾ ਕੀਤਾ, ਭਾਵੇਂ ਹਾਰ ਗਏ, ਪਰ ਸਿਕੰਦਰ ਨੂੰ ਇੱਕ ਵਾਰੀ ਸੋਚਣ ਲਈ ਮਜਬੂਰ ਕਰ ਦਿੱਤਾ। 'ਇਹ ਲੋਕ ਕੌਣ ਨੇ ?'

ਜਦੋਂ ਸਿਕੰਦਰ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ ਤਾਂ ਪੰਜਾਬ ਦੇ ਸੂਰਮੇ ਨੇ ਹੱਸ ਕੇ ਇਹ ਜਵਾਬ ਦਿੱਤਾ। "ਕੀ ਹੋਇਆ ਜੇ ਹਰ ਕੇ ਮੁੜਿਆ ਹਾਂ ਘਰ ਬਹਿਣ ਨਾਲੋਂ ਤਾਂ ਚੰਗਾ ਹਾਂ ਚਾਰ ਹੱਥ ਕਰਕੇ ਮੁੜਿਆ ਹਾਂ" ਜਿੱਥੇ ਸਿਕੰਦਰ ਇਹ ਬੋਲ ਸੁਣ ਕੇ ਖ਼ੁਸ਼ ਹੋਇਆ, ਉੱਥੇ ਸੋਚਣ ਲਈ ਮਜਬੂਰ ਵੀ ਹੋਇਆ। 'ਕਿਹੋ ਜਿਹੀ ਇਹ ਧਰਤੀ ਆ, ਕਿਹੋ ਜਿਹਾ ਇਥੇ ਦਾ ਪੌਣ ਪਾਣੀ ਆ, ਕਿਹੋ ਜਿਹੇ ਇਹ ਲੋਕ ਨੇ 'ਇਸ ਤੋਂ ਬਾਅਦ ਹੋਰ ਵੀ ਬਹੁਤ ਸਾਰੇ ਸੂਰਮੇ ਇਸ ਧਰਤੀ ਨੇ ਪੈਦਾ ਕੀਤੇ, ਜਿਹਨਾਂ ਆਪਣੀਆਂ ਨੰਗੀਆਂ ਹਿੱਕਾਂ ਜਾਲਮਾ ਮੂਹਰੇ ਡਾਹੀਆਂ। ਫੇਰ ਤੁਰਦਿਆਂ ਸਮਾ 'ਬਾਬੇ ਨਾਨਕ ਦਾ' ਸਮਾ ਆਇਆ, ਪੰਜਾਬ ਨੇ ਕਰਵੱਟ ਬਦਲੀਆਂ, ਰੱਬੀ ਬੋਲ ਗੁਰਬਾਣੀ ਦੇ ਹਵਾ ਵਿੱਚ ਗੂੰਜ ਉੱਠੇ। 'ਬਾਬਾ ਨਾਨਕ' ਨੇ ਇੱਕ ਸਿਧਾਂਤ ਸਿਖਾਇਆ। "ਮਰ ਕੇ ਵੀ ਹਾਰ ਨੀ ਮੰਨਣੀ ?" ਇਹ ਬੋਲ ਹੁਣ ਤੱਕ ਸੱਚ ਹੋ ਗੁਜ਼ਰੇ, ਪੰਜਾਬ ਵਾਸੀਆਂ ਨੇ ਕਦੇ ਹਾਰ ਨਹੀਂ ਮੰਨੀ। ਭਾਵੇਂ ਲੱਖਾਂ ਮੁਸੀਬਤਾਂ ਝੱਲੀਆਂ, ਬਾਬੇ ਨਾਨਕ ਨੇ ਪੰਜਵੇਂ ਜਾਮੇ ਵਿੱਚ ਆ ਕੇ ਤਸੀਹੇ ਸਹਿ ਕੇ ਦੱਸ ਦਿੱਤਾ, "ਹਾਰ ਨੀ ਮੰਨਣੀ "ਫੇਰ ਦਸਵੇਂ ਜਾਮੇ ਵਿੱਚ ਸਾਰਾ ਕੁੱਝ ਲੁੱਟਾਂ ਕੇ ਫੇਰ ਵੀ ਸਮੇਂ ਦੀ ਸਰਕਾਰ ਨੂੰ ਇਕ ਚਿੱਠੀ ਲਿਖ ਕੇ ਲਲਕਾਰਿਆ ਇਕ ਫਕੀਰ ਫਲਾਣੇ ਚੁਬਾਰੇ ਵਿੱਚ ਬੈਠਾ ਆ ਜੇ ਚਾਰ ਹੱਥ ਕਰਨੇ। "ਹਾਰ ਨੀ ਮੰਨਣੀ" ਇਹੋ ਜਜ਼ਬਾ ਆਪਣੇ ਧੀਆਂ ਪੁੱਤਰਾਂ ਵਿੱਚ ਗੁਰੂ ਭਰ ਗਿਆ। ਫੇਰ ਇੱਕ ਸਮਾਂ ਇਹ ਆਇਆ ਇੱਕ ਪਾਸੇ ਬਾਬੇ ਨਾਨਕ ਦਾ ਸਿਧਾਂਤ 'ਤੇ ਦੂਜੇ ਪਾਸੇ ਮੁਗਲਾਂ ਦਾ ਜ਼ੁਲਮ ਹਜ਼ਾਰਾਂ ਨਹੀਂ ਲੱਖਾਂ ਦੀ ਗਿਣਤੀ ਵਿੱਚ ਇਹਨੂੰ ਵੱਢ ਵੱਢ ਥੱਕ ਗਿਆ ਪਰ ਇਹਨਾਂ ਨੂੰ ਖ਼ਤਮ ਨਾ ਕਰ ਸਕੇ, ਸਗੋਂ ਇਹਨਾਂ ਨੂੰ ਖਤਮ ਕਰਦੇ,ਆਪ ਖਤਮ ਹੋ ਗਏ। ਸਗੋਂ ਇਹਨਾਂ ਨੇ ਘੋੜਿਆਂ ਦੀਆਂ ਕਾਠੀਆਂ 'ਤੇ ਗੁਜ਼ਾਰੇ ਕਰਕੇ 'ਤੇ ਮੁੱਠੀ ਭਰ ਛੋਲੇ ਚੱਬ ਕੇ, ਬਹੁਤ ਥੋੜੇ ਸਮੇਂ ਵਿੱਚ ਰਾਜ ਭਾਗ ਦੇ ਮਾਲਕ ਬਣ ਗਏ। ਇੱਕ ਵਿਦਵਾਨ ਦਾ ਕਹਿਣਾ, "ਮੈਂ ਜਦੋਂ ਪੰਜਾਬ ਦੀ ਧਰਤੀ 'ਤੇ ਤੁਰਦਾ ਹਾਂ, ਬੜਾ ਸੰਭਲ਼ ਸੰਭਲ਼ ਕੇ ਪੈਰ ਰੱਖਦਾ ਹਾਂ, ਕਿਉਂਕਿ ਥਾਂ ਥਾਂ ਸ਼ਹੀਦਾ ਨੇ ਆਪਣਾ ਖੂਨ ਡੋਲ ਕੇ ਇਹ ਧਰਤੀ ਪਵਿੱਤਰ ਕੀਤੀ ਹੋਈ ਹੈ।" ਮੁਗਲ ਤਾਂ ਚਲੇ ਗਏ, ਫੇਰ ਅੰਗਰੇਜ਼ ਦਾ ਦੌਰ ਸ਼ੁਰੂ ਹੋਇਆ, ਅੰਗਰੇਜ਼ ਬਹੁਤ ਤੇਜ਼ ਸੀ। ਉਹਨੇ ਜਿੱਥੇ ਜੇਲਾਂ, ਕਾਲੇ ਪਾਣੀਆਂ, ਫਾਂਸੀ ਦੀ ਸਜ਼ਾ ਕਾਇਮ ਕੀਤੀ, ਉਥੇ ਬਹੁਤ ਸਾਰੇ ਕਾਲੇ ਕਾਨੂੰਨ ਪੰਜਾਬ ਉੱਤੇ ਥੋਪੇ ਗਏ। ਨਾਲੇ ਲੋਕਾਂ ਦੇ ਘਰ ਬਾਰ ਉਜਾੜਨੇ ਸ਼ੁਰੂ ਕੀਤੇ ਉੱਥੇ ਆਰਥਿਕ ਪੱਖੋਂ ਬੜਾ ਨੁਕਸਾਨ ਕੀਤਾ। ਇਹਨਾਂ ਨੂੰ ਮਾਰਦਾ ਮਾਰਦਾ ਆਪ ਤੁਰ ਗਿਆ। ਪਰ ਇਹਨਾਂ ਤੋਂ ਬਾਬੇ ਨਾਨਕ ਦਾ ਸਿਧਾਂਤ ਨਾ ਖੋਹ ਸਕਿਆ। "ਮਰ ਕੇ ਵੀ ਨਹੀਂ ਹਾਰ ਮੰਨਣੀ" ਦੇਸ਼ ਆਜ਼ਾਦ ਹੋ ਗਿਆ। ਪੰਜਾਬ ਨੂੰ ਕਾਬੂ ਰੱਖਣ ਲਈ ਕਾਲੇ ਕਾਨੂੰਨ ਘੜੇ ਗਏ।

ਸੈਂਟਰ ਵਲੋਂ ਸਦਾ 'ਮਤਰੇਈ ਮਾਂ' ਵਾਂਗ ਸਲੂਕ ਕੀਤਾ ਗਿਆ। ਸਭ ਤੋਂ ਪਹਿਲਾਂ ਹਰਿਆਣਾ ਤੇ ਹਿਮਾਚਲ ਵੱਖ ਕੀਤੇ ਗਏ। ਬੋਲੀ ਦੇ ਆਧਾਰ 'ਤੇ ਪੰਜਾਬ ਦੀ ਕਾਣੀ ਵੰਡ, ਪਾਣੀ ਦੀ ਕਾਣੀ ਵੰਡ, ਰਾਜਧਾਨੀ ਦੀ ਕਾਣੀ ਵੰਡ, ਲੰਗੜਾ ਸੂਬਾ, ਡੇਰਾਵਾਦ ਸ਼ੁਰੂ ਕੀਤਾ, ਜਾਤ ਪਾਤ ਦਾ ਸ਼ੁਰੂ ਕਰਕੇ ਇੱਕ ਭਾਈਚਾਰਾ ਦੂਜੇ ਵਿਰੁੱਧ ਖੜ੍ਹਾ ਕੀਤਾ ਗਿਆ। ਹੋਰ ਵੀ ਬਹੁਤ ਕੁਝ ਕੀਤਾ ਗਿਆ। ਉਹੀ ਅੰਗਰੇਜ਼ ਵਾਲੇ ਕਾਲੇ ਕਾਨੂੰਨ ਆਜ਼ਾਦ ਭਾਰਤ ਵਿੱਚ ਪੰਜਾਬ ਉੱਤੇ ਉਸ ਤਰ੍ਹਾਂ ਜਾਰੀ ਨੇ। ਪੰਜਾਬ ਨੂੰ ਕਮਜ਼ੋਰ ਕਰਨ ਦੀ ਕੋਈ ਕਸਰ ਨਹੀਂ ਛੱਡੀ ਗਈ। ਫੇਰ ਇਕ ਸ਼ਾਇਰ ਦੇ ਬੋਲ ਗੂੰਜੇ, "ਪੰਜਾਬ ਗੁਰੂਆਂ ਦੇ ਨਾਂ 'ਤੇ ਵਸਦਾ, ਵਸਦਾ ਰਹੇਗਾ "ਉਜਾੜਨ ਵਾਲਾ ਤੁਰ ਜਾਣਗੇ, ਫੇਰ 1978 ਤੋਂ ਲੈ ਕੇ 1994 ਤੱਕ ਹੱਦੋਂ ਵੱਧ ਜਾਨ ਮਾਲ ਨੁਕਸਾਨ ਕੀਤਾ ਗਿਆ।ਪਿਛਲੀਆਂ ਸਾਰੀਆਂ ਸਦੀਆਂ ਦੇ ਰਿਕਾਰਡ ਤੋੜ ਦਿੱਤੇ ਗਏ। ਸਾਲ 1988 ਵਿੱਚ ਹੜ੍ਹਾਂ ਦੀ ਮਾਰ ਕਰਕੇ ਸੋਨਾ ਉੱਗਦੀ ਧਰਤੀ ਰੇਤ ਬਣਾ ਮਾਰੀ। ਉੱਤੋਂ ਸਰਕਾਰੀ ਮੀਡੀਆ ਨੇ ਹੁਣ ਤੱਕ ਪੰਜਾਬ ਨੂੰ ਬਦਨਾਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਸਰਕਾਰ ਕੋਈ ਵੀ ਆਈ, ਸਭ ਨੇ ਪੰਜਾਬ ਦਾ ਲਹੂ ਪੀਤਾ, ਅੱਜ ਤੱਕ ਕਿਸੇ ਨੇ ਵੀ ਨਹੀਂ ਇਹਦੇ ਰਿਸਦੇ ਜ਼ਖ਼ਮਾਂ 'ਤੇ ਮਲ੍ਹਮ ਨਹੀਂ ਲਾਈ। ਇੱਕ ਮੁਸਲਮਾਨ ਵਿਦਵਾਨ ਦੇ ਬੋਲ ਨੇ, "ਜਿੰਨਾ ਪੈਸਾ ਮੁਸਲਮਾਨਾਂ, ਸਿੱਖਾਂ, 'ਤੇ ਘੱਟ ਗਿਣਤੀਆਂ ਨੂੰ ਕੁਚਲਣ, 'ਤੇ ਬਦਨਾਮ ਕਰਨ 'ਤੇ ਲਾਇਆ ਜਾਂਦਾ, ਕਾਸ਼ ਕਿਤੇ ਇਹ ਪੈਸਾ ਇਹਨਾਂ ਦੀ ਬਹੇਤਰੀ 'ਤੇ ਲਾਇਆ ਜਾਵੇ, ਅੱਜ ਭਾਰਤ ਦਾ ਨਕਸ਼ਾ ਕੁਝ ਹੋਰ ਹੋਵੇ।" ਫੇਰ ਇੱਕ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਇਕ ਦੂਜੇ ਭਾਈਚਾਰੇ ਵਿੱਚ ਨਫ਼ਰਤਾਂ ਫੈਲਾਈਆਂ ਗਈਆਂ। ਜਿੱਥੇ ਸਰਕਾਰਾਂ ਦੀਆਂ ਮਾਰਾਂ ਪੈਂਦੀਆਂ ਰਹੀਆਂ, ਉੱਥੇ 'ਕੁਦਰਤੀ ਆਫ਼ਤ' ਵੀ ਬਹੁਤ ਨੂੰ ਪੰਜਾਬ ਪ੍ਰਭਾਵਿਤ ਕੀਤਾ। ਇੱਕ ਵਿਦਵਾਨ ਦਾ ਕਥਨ ਆ। "ਕੁਦਰਤ 'ਤੇ ਮਨੁੱਖ ਦਾ ਇਹ ਖੇਲ ਸਦੀਆਂ ਤੋਂ ਚੱਲਦਾ ਆਇਆ, ਕੁਦਰਤ ਮਨੁੱਖ ਨੂੰ ਬਹੁਤ ਵਾਰ ਥੱਲੇ ਸੁੱਟਦੀ ਆ, ਮਨੁੱਖ ਆਪਣੀ ਹਿੰਮਤ ਨਾਲ ਉਠਦਾ, ਫੇਰ ਤਰੱਕੀ ਕਰਦਾ।" ਐਤਕੀਂ ਵੀ ਕੁਦਰਤ ਨੇ ਪੰਜਾਬ 'ਤੇ ਬੜੀ ਭਿਆਨਕ ਹੜ੍ਹਾਂ ਦੀ ਮਾਰੀ, ਅਰਬਾਂ ਦਾ ਨੁਕਸਾਨ ਹੋਇਆ, ਫਸਲਾਂ ਪਸ਼ੂਆਂ 'ਤੇ ਕੀਮਤੀ ਜਾਨਾਂ ਦਾ ਨੁਕਸਾਨ ਹੋਇਆ। ਭਾਵੇਂ ਇਹ ਨੁਕਸਾਨ ਨਾ ਝੱਲਣ ਜੋਗ ਆ, ਪਰ ਉੱਥੇ ਇਕ ਗੱਲ ਬੜੀ ਚੰਗੀ ਹੋਈ, ਸਭ ਭਾਈਚਾਰਾ ਨਫ਼ਰਤ ਵੈਰ ਵਿਰੋਧ ਸਭ ਕੁਝ ਭੁੱਲ ਕੇ ਇਸ ਸਭ ਤੋਂ ਉੱਪਰ ਉਠ ਕੇ ਇਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜਕੇ ਖੜ ਗਿਆ। ਸਗੋਂ ਹੋਰ ਬਹੁਤ ਸਾਰੇ ਸੂਬਿਆਂ 'ਤੇ ਜਿੱਥੇ ਲੋਕਾਂ ਨੇ ਇਮਦਾਦ ਭੇਜੀ, ਉਥੇ ਨਾਲ ਖੜੇ ਹੌਣ ਹਮਦਰਦੀ ਦਾ ਨਾਹਰਾ ਵੀ ਮਾਰਿਆ। ਬਹੁਤ ਸਾਰੀਆਂ ਹੈਰਾਨ ਕਰਨ ਵਾਲੀਆਂ ਵੀਡੀਉ ਵੀ ਆਈਆਂ, ਗਰੀਬ ਬੰਦਾ ਵੀ ਇਸ ਔਖੀ ਘੜੀ ਵਿੱਚ ਮੁੱਠੀ ਭਰ ਦਾਣਿਆਂ ਦੀ ਇਮਦਾਦ ਲੇ ਕੇ ਆਇਆ। ਪ੍ਰਦੇਸ਼ ਬੈਠਾ ਭਾਈਚਾਰੇ ਨੇ ਕੋਈ ਕਸਰ ਨਹੀਂ ਛੱਡੀ। ਇਸ ਵਾਰ ਇਹ ਵੀ ਹੋਇਆ ਕੋਈ ਕਿਸੇ ਵੀ ਕਿੱਤੇ ਨਾਲ ਜੁੜਿਆ ਸੀ ਉਸ ਹਿਸਾਬ ਨਾਲ ਉਹਨੇ ਆਪਣਾ ਯੋਗਦਾਨ ਪਾਇਆ। ਇਸ ਗੱਲ ਨੇ ਸਭ ਹੈਰਾਨ ਕਰ ਦਿੱਤੇ, ਇਹ ਕਿਹੋ ਜਿਹੇ ਲੋਕ ਨੇ, ਬੱਸ ਉਹਨੂੰ ਇੰਨਾ ਕੁ ਯਾਦ ਦਿਵਾਇਆ, "ਇਹ ਗੁਰੂਆਂ ਪੀਰਾਂ ਦੀ ਧਰਤੀ ਦੇ ਵਾਰਿਸ ਨੇ" ਜਿਥੇ ਐਨੀ ਔਖੀ ਘੜੀ ਵਿੱਚ ਸਭ ਨੇ ਸਾਥ ਦਿੱਤਾ, ਉਥੇ ਇੱਕ ਅੱਧੇ ਟੈਲੀ ਨੇ ਟਿੰਡ ਵਿੱਚ ਕਾਨਾ ਅੱਧੀ ਵੀਡੀਉ ਚਲਾਕੇ ਪਾਈ ਰੱਖਿਆ। ਦੇਖੋ ਜੀ ਉੱਥੇ ਆ ਹੁੰਦਾ ? ਭਾਵੇਂ ਕੁਦਰਤੀ ਆਫ਼ਤਾਂ ਨੇ ਬਹੁਤ ਨੁਕਸਾਨ ਕੀਤਾ, ਭਾਵੇਂ ਸਮਾਂ ਲੱਗ ਜਾਵੇ, ਪੰਜਾਬ ਫਿਰ ਉਠੇਗਾ, ਫਿਰ ਆਪਣੇ ਪੈਰਾਂ 'ਤੇ ਖੜ੍ਹਾ ਹੋਵੇਗਾ। ਬੇਸ਼ੱਕ ਸਰਕਾਰ ਵਲੋਂ ਹੰਗਾਰਾ ਨਾਂ ਪੱਖੀ ਰਹਿਆਂ ਦੋ ਬੋਲ ਵੀ ਨਹੀਂ ਪੰਜਾਬ ਲਈ ਬੋਲੇ ਗਏ। ਉੱਥੇ ਨੈਸਨਲ ਮੀਡੀਆ ਜਿਹੜਾ ਚਿੜੀ ਮਰੀ 'ਤੇ ਵੀ ਖੌਰੂ ਪਾਇਆ ਜਾਂਦਾ, ਉਹ ਐਤਕੀਂ ਐਨਾ ਪੰਜਾਬ ਦਾ ਨੁਕਸਾਨ ਹੌਣ 'ਤੇ ਵੀ ਆਪਣੀ ਚੁੱਪ ਨਹੀਂ ਤੌੜੀ ਇਹ ਸਭ ਕੁਝ ਵੇਖ ਕੇ ਐਤਕੀਂ ਹਿੰਦੂ ਭਾਈਚਾਰੇ ਨੇ ਵੀ ਅਹਿਸਾਸ ਕੀਤਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਬੇਸ਼ੱਕ ਖੁੱਲੇ ਤੌਰ 'ਤੇ ਸਾਹਮਣੇ ਨਹੀਂ ਆਇਆ।

ਸਮਾਂ ਬੜਾ ਬਲਵਾਨ ਹੁੰਦਾ ਸਮੇਂ ਨਾਲ ਬੇਸ਼ੱਕ ਜ਼ਖ਼ਮ ਭਰ ਜਾਂਦਾ ਨੇ ਪਰ ਪਿੱਛੇ ਪਿੰਡੇ 'ਤੇ ਲੱਗੇ ਨਿਸ਼ਾਨ ਰਹਿ ਜਾਂਦੇ ਨੇ ? ਇਕ ਲੇਖਕ ਦੀ ਨਜ਼ਰ ਤੋਂ ਐਤਕੀਂ ਹੜਾ ਵਿਚ ਇੰਝ ਲੱਗਾ ਜਿਦਾਂ ਬਾਬਾ ਨਾਨਕ 'ਤੇ ਬਾਬਾ ਰਵਿਦਾਸ ਜੀ ਲੋਕਾਂ ਦੀ ਅਗਵਾਈ ਕਰ ਰਹੇ ਹੌਣ, 'ਤੇ ਬਾਬਾ ਨਾਨਕ ਜੀ ਕਹਿ ਰਹੇ ਹੌਣ ਔਖੇ ਸਮੇਂ ਨਹੀ, ਸਦਾ ਸਭ ਨੇ ਵੰਡ ਕੇ ਛਕਣਾ, 'ਤੇ ਭਾਈਚਾਰੇ ਵਿੱਚ ਤਰੇੜਾਂ ਨਹੀਂ ਪੈਣ ਦੇਣੀਆਂ, ਤੇ ਬਾਬਾ ਰਵਿਦਾਸ ਜੀ ਕਹਿ ਰਹੇ ਹੌਣ, "ਐਹ ਮੇਰੇ ਪੁੱਤਰੋ ਮੈਂ ਤੁਹਾਨੂੰ ਬਹੁਤ ਚਿਰ ਪਹਿਲਾਂ ਇਹ ਗੱਲ ਕਹਿ ਦਿੱਤੀ ਸੀ, ਤੁਸੀਂ ਮਧੂ ਮੱਖੀਆਂ ਵਾਂਗ ਇਕੱਠੇ ਰਹਿਣਾ, ਫੇਰ ਤੁਸੀਂ ਵਧੀਆ ਸਮਾਜ ਸਿਰਜ ਸਕਦੇ ਹੋ 'ਤੇ ਉਸ ਸਮਾਜ ਵਿੱਚ ਵਧੀਆ ਬੰਦੇ ਹੋਣਗੇ।" ਜੇ ਆਪਾਂ ਜਿਦਾਂ ਐਤਕੀਂ ਦੁੱਖਾਂ ਦੀਆਂ ਘੜੀਆਂ ਵਿੱਚ ਸਭ ਭਾਈਚਾਰੇ ਇਕੱਠੇ ਹੋ ਕੇ ਜਾਤਾਂ ਪਾਤਾ, ਧਰਮਾਂ ਕਰਮਾਂ ਤੋਂ ਉਪਰ ਉੱਠ ਕੇ 2027 ਦੀਆਂ ਵੋਟਾਂ ਵਿੱਚ ਵਧੀਆ ਬੰਦੇ ਅੱਗੇ ਲਿਆਵਾਂਗੇ, ਤਦ "ਬੇਗਮਪੁਰੇ" ਦਾ ਸੰਕਲਪ ਪੂਰਾ ਕਰੀਏ, ਤੇ ਸਭ ਪ੍ਰਸੰਨ ਚਿੱਤ ਅਸੀਂ ਵੀ, ਤੇ ਸਾਡੇ ਮਹਾਂਪੁਰਸ਼ ਹੋਣਗੇ। ਤੇ ਫੇਰ ਪੰਜਾਬ ਇਕ ਵਾਰ ਫੇਰ ਉਠੇਗਾ, ਇਹ ਹੜਾ ਦੀ ਮਾਰ ਸਾਨੂੰ ਬਹੁਤ ਕੁਝ ਸਿਖਾ ਕੇ ਗਈ ਆ। ਜਿੱਥੇ ਵੀ ਕੋਈ ਬੈਠਾ ਪੰਜਾਬ ਲਈ ਦੁਆਵਾਂ, ਹਮਦਰਦੀ, ਅਰਦਾਸਾਂ ਕਰ ਰਿਹਾ ਹੈ। ਕਾਸ ਕਿਤੇ ਅਸੀਂ ਸਾਰੇ ਰਲ ਕੇ ਰਹੀਏ। ਜਿਦਾਂ ਹਰ ਵਾਰ ਲਹਿਰਾਂ ਪੰਜਾਬ 'ਤੋਂ ਉੱਠਦੀਆਂ ਨੇ, ਐਤਕੀਂ ਵੀ ਭਾਈਚਾਰਕ ਲਹਿਰ ਪੰਜਾਬ ਤੋਂ ਤੁਰੀ ਆ, ਸਾਰੇ ਦੇਸ਼ ਲਈ ਪੰਜਾਬ ਇਕ ਵਾਰ ਫੇਰ ਮਿਸਾਲ ਬਣਕੇ ਉੱਠ ਤੁਰਿਆ ਹੈ।

# ਵੈਲੈਂਟਾਈਨਾ ਗੋਮੇਜ਼ ਦਾ ਲੰਡਨ ਵਿਚ ਮੁਸਲਮਾਨਾਂ ਵਿਰੋਧੀ ਨਫਰਤੀ ਜ਼ਹਿਰੀਲਾ ਭਾਸ਼ਣ

**○ ਕਿਹਾ ਕਿ ਇਸਲਾਮ ਨੂੰ ਅਮਰੀਕਾ-ਯੂਰਪ ਤੋਂ ਖ਼ਤਮ ਕਰਾਂਗੇ ○ ਬ੍ਰਿਟਿਸ਼ ਪੀਐਮ 'ਤੇ ਇਲਜ਼ਾਮ ਲਗਾਏ, ਗੋਮੇਜ਼ ਦਾ ਕੀਰ ਸਟਾਰਮਰ 'ਤੇ ਹਮਲਾ**
**○ ਮੁਸਲਮਾਨਾਂ ਨੂੰ 'ਬਲਾਤਕਾਰੀ' ਕਹਿਣ ਦਾ ਵਿਵਾਦ ਛਿੜਿਆ ○ ਗਲੋਬਲ ਸੱਜੇ-ਪੱਖੀ ਗਠਜੋੜ, ਬ੍ਰਿਟੇਨ ਵਿਚ ਪਰਵਾਸੀ ਵਿਰੋਧੀ ਰੈਲੀ ਦਾ ਅਸਰ**

ਲੰਡਨ-ਬ੍ਰਿਟੇਨ ਵਿੱਚ ਹੋਏ ਵੱਡੇ ਪਰਵਾਸ ਵਿਰੋਧੀ ਮੁਜ਼ਾਹਰੇ ਵਿੱਚ ਅਮਰੀਕੀ ਰਿਪਬਲਿਕਨ ਪਾਰਟੀ ਦੀ ਨੇਤਾ ਅਤੇ ਡੋਨਲਡ ਟਰੰਪ ਦੀ ਕੱਟੜ ਸਮਰਥਕ ਵੈਲੇਂਟਾਈਨਾ ਗੋਮੇਜ਼ ਨੇ ਮੁਸਲਮਾਨਾਂ ਵਿਰੁੱਧ ਜ਼ਹਿਰ ਉਗਲਿਆ। 13 ਸਤੰਬਰ ਨੂੰ ਟੌਮੀ ਰੌਬਿਨਸਨ ਵੱਲੋਂ ਆਯੋਜਿਤ 'ਯੂਨਾਈਟ ਦਿ ਕਿੰਗਡਮ' ਰੈਲੀ ਵਿੱਚ 1,10,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਗੋਮੇਜ਼ ਨੇ ਇੱਥੇ ਮੁਸਲਮਾਨਾਂ ਨੂੰ 'ਬਲਾਤਕਾਰੀ' ਤੇ 'ਪੀਡੋਫਾਈਲ' ਕਹਿ ਕੇ ਨਿਸ਼ਾਨਾ ਬਣਾਇਆ ਅਤੇ ਐਕਸ (ਟਵਿੱਟਰ) ਤੇ ਪੋਸਟ ਕਰਕੇ ਧਮਕੀ ਦਿੱਤੀ ਕਿ ਅਸੀਂ ਅਮਰੀਕਾ ਅਤੇ ਯੂਰਪ ਤੋਂ ਇਸਲਾਮ ਨੂੰ ਖ਼ਤਮ ਕਰ ਦੇਵਾਂਗੇ"। ਇਹ ਰੈਲੀ ਹਿੰਸਕ ਹੋ ਗਈ, ਜਿਸ ਵਿੱਚ ਪੁਲਿਸ ਨਾਲ ਝੜਪਾਂ ਹੋਈਆਂ ਅਤੇ 24 ਲੋਕ ਗ੍ਰਿਫ਼ਤਾਰ ਹੋਏ।

ਗੋਮੇਜ਼, ਜੋ ਮਿਸੂਰੀ ਤੋਂ ਕਾਂਗਰਸ ਨੇਤਾ ਅਭਿਆਸੀ ਹੈ, ਨੇ ਰੈਲੀ ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਨਿਸ਼ਾਨਾ ਬਣਾਇਆ। ਉਸ ਨੇ ਵੀਡੀਓ ਸ਼ੇਅਰ ਕਰਕੇ ਕਿਹਾ, "ਕੀਰ ਸਟਾਰਮਰ, ਤੁਸੀਂ ਪੀਡੋਫਾਈਲਾਂ ਦੇ ਸਭ ਤੋਂ ਵੱਡੇ ਸਮਰਥਕ ਹੋ ਅਤੇ ਗਾਡ ਵੇਖ ਰਿਹਾ ਹੈ ਕਿ ਤੁਸੀਂ ਇੰਗਲੈਂਡ ਨਾਲ ਕੀ ਕੀਤਾ ਹੈ"। ਇਹ ਇਲਜ਼ਾਮ ਪੁਰਾਣੇ ਵਿਵਾਦ ਨਾਲ ਜੁੜਿਆ ਹੈ, ਜਿੱਥੇ ਸਟਾਰਮਰ ਨੂੰ ਬ੍ਰਿਟੇਨ ਦੇ ਚੀਫ਼ ਪ੍ਰਾਸੀਕਿਊਟਰ ਰਹਿੰਦੇ ਹੋਏ ਪਾਕਿਸਤਾਨੀ ਮੁਸਲਿਮਾਂ ਵੱਲੋਂ ਨਾਬਾਲਿਗ ਬ੍ਰਿਟਿਸ਼ ਲੜਕੀਆਂ ਨਾਲ ਬਲਾਤਕਾਰ ਦੇ ਮਾਮਲਿਆਂ ਨੂੰ ਦਬਾਉਣ ਦਾ ਦੋਸ਼ ਲੱਗਿਆ ਸੀ।

ਗੋਮੇਜ਼ ਨੇ ਰੈਲੀ ਵਿੱਚ ਪੁਲਿਸ ਨੂੰ ਵੀ ਉਕਸਾਇਆ ਕਿ "ਸਰਕਾਰ ਦੇ ਹੁਕਮ ਨਾ ਮੰਨੋ, ਕਿਉਂਕਿ ਤੁਹਾਡੇ ਦੇਸ਼ ਵਿੱਚ ਬਲਾਤਕਾਰ ਹੋ ਰਹੇ ਨੇ ਅਤੇ ਤੁਹਾਨੂੰ ਦੂਜੀ ਤਰਫ਼ ਵੇਖਣ ਨੂੰ ਕਿਹਾ ਜਾ ਰਿਹਾ ਹੈ"। ਉਸ ਨੇ ਲੋਕਾਂ ਨੂੰ ਉੱਠਣ ਅਤੇ ਲੜਨ ਦੀ ਅਪੀਲ ਕੀਤੀ, ਕਹਿ ਕੇ "ਇਹ 'ਹੁਣ ਜਾਂ ਕਦੇ ਨਹੀਂ' ਦਾ ਸਮਾਂ ਹੈ"।

ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਗੋਮੇਜ਼ ਨੇ ਕਿਹਾ, "ਜੇ ਇਹ ਬਲਾਤਕਾਰੀ ਮੁਸਲਿਮ ਬ੍ਰਿਟੇਨ ਤੇ ਕਬਜ਼ਾ ਕਰ ਲੈਣਗੇ ਤਾਂ ਤੁਹਾਡੀਆਂ ਔਰਤਾਂ ਨਾਲ ਬਲਾਤਕਾਰ ਹੀ ਨਹੀਂ ਕਰਨਗੇ, ਤੁਹਾਡੇ ਬੇਟਿਆਂ ਦੇ ਸਿਰ ਕੱਟ ਦੇਣਗੇ, ਜਿਵੇਂ ਉਨ੍ਹਾਂ ਨੇ 7 ਅਕਤੂਬਰ ਨੂੰ ਇਜ਼ਰਾਈਲ ਵਿੱਚ ਕੀਤਾ"। ਉਸ ਨੇ ਲੋਕਾਂ ਨੂੰ 'ਜੀਸਸ ਕਰਾਈਸਟ ਦੇ ਯੋਧੇ' ਕਹਿ ਕੇ ਲੜਨ ਲਈ ਉਕਸਾਇਆ ਅਤੇ ਕਿਹਾ, "ਅਸੀਂ ਲੜਨ ਵਾਲੇ ਹਾਂ... ਲੜੋ ਜਾਂ ਮਰੋ"। ਗੋਮੇਜ਼ ਨੇ ਮੁਸਲਮਾਨਾਂ ਨੂੰ ਵਾਪਸ ਉਨ੍ਹਾਂ ਦੇ 'ਸ਼ਰੀਆ ਵਾਲੇ ਦੇਸ਼ਾਂ' ਭੇਜਣ ਦੀ ਮੰਗ ਕੀਤੀ ਅਤੇ ਕਿਹਾ, "ਸਾਨੂੰ ਇੱਕ ਨਵੇਂ ਪ੍ਰਧਾਨ ਮੰਤਰੀ ਦੀ ਲੋੜ ਹੈ ਜੋ ਬ੍ਰਿਟਿਸ਼ ਲੋਕਾਂ ਲਈ ਖੜ੍ਹਾ ਹੋਵੇ ਅਤੇ ਇਨ੍ਹਾਂ ਬਲਾਤਕਾਰੀ ਮੁਸਲਮਾਨਾਂ ਨੂੰ ਵਾਪਸ ਭੇਜੇ"। ਇੱਕ ਹੋਰ ਪੋਸਟ ਵਿੱਚ ਉਸ ਨੇ ਕਿਹਾ, "ਇੰਗਲੈਂਡ ਇੰਗਲਿਸ਼ ਲੋਕਾਂ ਲਈ ਹੈ"।



ਗੋਮੇਜ਼ ਪਹਿਲਾਂ ਵੀ ਵਿਵਾਦਾਂ ਵਿੱਚ ਰਹੀ ਹੈ। ਉਸ ਨੇ ਪਵਿੱਤਰ ਕੁਰਾਨ ਨੂੰ ਸਾੜਨ ਵਾਲੀ ਵੀਡੀਓ ਸ਼ੇਅਰ ਕੀਤੀ ਸੀ, ਜਿਸ ਨਾਲ ਇਸਲਾਮੋਫੋਬੀਆ ਦੇ ਦੋਸ਼ ਲੱਗੇ। ਉਸ ਦੇ ਐਕਸ ਪੋਸਟਾਂ ਵਿੱਚ ਉਹ ਅਕਸਰ ਮੁਸਲਮਾਨਾਂ ਨੂੰ ਅੱਤਵਾਦੀਆਂ ਨਾਲ ਜੋੜਦੀ ਹੈ । ਇਸ ਰੈਲੀ ਵਿੱਚ ਉਸ ਦੇ ਨਾਲ ਐਲਨ ਮਸਕ (ਵੀਡੀਓ ਰਾਹੀਂ), ਫ੍ਰੈਂਚ ਫਾਰ-ਰਾਈਟ ਨੇਤਾ ਐਰਿਕ ਜ਼ੈਮੂਰ ਅਤੇ ਜਰਮਨੀ ਦੀ ਏਐਫਡੀ ਪਾਰਟੀ ਨੇਤਾ ਪੈਟਰ ਬਾਈਸਟ੍ਰੋਨ ਵੀ ਸਨ।

ਇਸ ਰੈਲੀ ਨੂੰ ਬ੍ਰਿਟੇਨ ਦੇ ਸਭ ਤੋਂ ਵੱਡੇ ਫਾਰ-ਰਾਈਟ ਮੁਜ਼ਾਹਰੇ ਵਜੋਂ ਵੇਖਿਆ ਜਾ ਰਿਹਾ ਹੈ, ਜਿਸ ਵਿੱਚ ਪਰਵਾਸੀਆਂ ਵਿਰੁੱਧ ਨਫ਼ਰਤ ਅਤੇ ਗਲੋਬਲ ਰਾਈਟ-ਵਿੰਗ ਐਲਾਇੰਸ ਦਾ ਪ੍ਰਦਰਸ਼ਨ ਹੋਇਆ। ਐਂਟੀ-ਰੇਸਿਜ਼ਮ ਗਰੁੱਪਾਂ ਨੇ ਇਸ ਨੂੰ 'ਹਿੰਸਕ ਅਤੇ ਨਸਲਵਾਦੀ' ਕਿਹਾ ਹੈ।

ਗੋਮੇਜ਼ ਦੀਆਂ ਧਮਕੀਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਵਿਵਾਦ ਖੜ੍ਹਾ ਕਰ ਦਿੱਤਾ ਹੈ, ਜਿੱਥੇ ਮੁਸਲਿਮ ਸੰਗਠਨਾਂ ਨੇ ਇਸ ਨੂੰ 'ਨਸਲਵਾਦੀ ਕਿਹਾ ਹੈ ਬ੍ਰਿਟੇਨ ਵਿੱਚ ਐਂਟੀ-ਰੇਸਿਜ਼ਮ ਕਾਊਂਟਰ-ਪ੍ਰੋਟੈਸਟ ਹੋਏ, ਪਰ ਗਲੋਬਲ ਰਾਈਟ-ਵਿੰਗ ਲਹਿਰ ਨੂੰ ਰੋਕਣ ਲਈ ਵੱਡੀ ਚੁਣੌਤੀ ਹੈ।

## ਪੰਜਾਬ ਵਿਚ 374 ਥਾਵਾਂ 'ਤੇ ਛਾਪਿਆਂ ਦੌਰਾਨ 89 ਸਮਗਲਰ ਫੜੇ

ਚੰਡੀਗੜ੍ਹ-ਬੀਤੇ ਦਿਨੀਂ ਪੰਜਾਬ ਪੁਲਿਸ ਨੇ 374 ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਸਮੇਂ ਦੌਰਾਨ, ਸੂਬੇ ਭਰ ਵਿੱਚ 89 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 78 ਐਫਆਈਆਰ ਦਰਜ ਕੀਤੀਆਂ ਗਈਆਂ। ਇਸ ਦੇ ਨਾਲ, 204 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 30,440 ਹੋ ਗਈ ਹੈ। ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਤੋਂ 4.5 ਕਿਲੋਗ੍ਰਾਮ ਹੈਰੋਇਨ, 2.3 ਕਿਲੋਗ੍ਰਾਮ ਭੰਗ, 1,524 ਪਾਬੰਦੀਸ਼ੁਦਾ ਗੋਲੀਆਂ ਅਤੇ ਕੈਪਸੂਲ ਅਤੇ 59,810 ਦੀ ਡਰੱਗ ਮਨੀ ਬਰਾਮਦ ਕੀਤੀ ਗਈ।

ਪੁਲਿਸ ਨੇ ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ 48 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦੇ ਇਲਾਜ ਲਈ ਰਾਜ਼ੀ ਕੀਤਾ ਹੈ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________________
SON / DAUGHTER / WIFE OF MR ____________________
WHOSE PERMANENT ADDRESS IN INDIA IS ____________________
____________________
AND IS NOW LIVING AT ____________________
____________________ HEREBY GIVE NOTICE OF MY INTENTION
TO CHANGE MY NAME TO ____________________
TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## ਤਾਜ਼ਾ ਸਰਵੇਖਣਾਂ ਵਿੱਚ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਤਾਜ਼ਾ ਸਰਵੇਖਣਾਂ ਵਿੱਚ ਬਹੁਗਿਣਤੀ ਅਮਰੀਕੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਕਾਰਗੁਜ਼ਾਰੀ ਨੂੰ ਨਕਾਰ ਦਿੱਤਾ ਹੈ ਤੇ ਉਸ ਦੀਆਂ ਨੀਤੀਆਂ ਨਾਲ ਅਸਹਿਮਤੀ ਪ੍ਰਗਟਾਈ ਹੈ। ਵਾਸ਼ਿੰਗਟਨ ਪੋਸਟ-ਇਪਸਾਸ ਸਰਵੇ ਜੋ 4 ਦਿਨਾਂ ਵਿੱਚ ਮੁਕੰਮਲ ਹੋਇਆ,ਅਨੁਸਾਰ ਕੇਵਲ 43% ਅਮਰੀਕੀਆਂ ਨੇ ਟਰੰਪ ਦੇ ਹੱਕ ਵਿੱਚ ਵੋਟ ਪਾਈ ਹੈ ਜਦ ਕਿ 56% ਨੇ ਉਸ ਦੀ ਕਾਰਗੁਜ਼ਾਰੀ ਵਿਰੁੱਧ ਵੋਟ ਪਾਈ ਹੈ ਤੇ ਨਿਰਾਸ਼ਤਾ ਪ੍ਰਗਟ ਕੀਤੀ ਹੈ। ਅਪ੍ਰੈਲ ਵਿੱਚ ਹੋਏ ਸਰਵੇ ਵਿੱਚ ਕੇਵਲ 39% ਅਮਰੀਕੀਆਂ ਨੇ ਰਾਸ਼ਟਰਪਤੀ ਦੀ ਕਾਰਗੁਜ਼ਾਰੀ ਨੂੰ ਪਸੰਦ ਕੀਤਾ ਸੀ ਤੇ 55% ਨੇ ਨਾ ਪਸੰਦ ਕੀਤਾ ਸੀ। ਨਿਊਯਾਰਕ ਟਾਈਮਜ਼ ਦੇ ਸਰਵੇ ਅਨੁਸਾਰ ਵੀ 43% ਅਮਰੀਕੀ ਟਰੰਪ ਦੇ ਹੱਕ ਵਿੱਚ ਭੁਗਤੇ ਹਨ ਜਦ ਕਿ 54% ਨੇ ਉਸ ਦੀ ਕਾਰਗੁਜ਼ਾਰੀ ਨਾਲ ਅਸਹਿਮਤੀ ਪ੍ਰਗਟਾਈ ਹੈ। ਰੀਅਲ ਕਲੀਅਰ ਪੋਲਿਟਿਕਸ ਸਰਵੇ ਵਿੱਚ 46% ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਹੈ ਜਦ ਕਿ 52% ਨੇ ਅਸਹਿਮਤੀ ਪ੍ਰਗਟਾਈ ਹੈ। ਪੋਸਟ ਪੋਲ ਸਰਵੇ ਵਿੱਚ ਵੀ ਬਹੁਗਿਣਤੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਰੱਦ ਕੀਤਾ ਹੈ। ਇਹ ਸਰਵੇ ਅਰਥਵਿਵਸਥਾ, ਇਮਗੀਗ੍ਰੇਸ਼ਨ, ਟੈਰਿਫ, ਅਪਰਾਧ, ਰੂਸ-ਯੁਕਰੇਨ ਤੇ ਇਸਰਾਈਲ ਹਮਾਸ ਜੰਗ ਸਮੇਤ ਹੋਰ ਭਖਦੇ ਮੁੱਦਿਆਂ ਨੂੰ ਲੈ ਕੇ ਕੀਤੇ ਗਏ ਹਨ।

## ਬਲਾਤਕਾਰ ਦੀ ਸ਼ਿਕਾਰ 15 ਸਾਲਾ ਲੜਕੀ ਨੇ ਬੱਚੇ ਨੂੰ ਦਿੱਤਾ ਜਨਮ

ਗੜ੍ਹਸ਼ੰਕਰ-ਨੇੜਲੇ ਪਿੰਡ ਦੀ ਇਕ 15 ਸਾਲਾ ਲੜਕੀ ਨਾਲ ਜਬਰ-ਜਨਾਹ ਤੋਂ ਬਾਅਦ ਲੜਕੀ ਨੇ ਬੀਤੇ ਦਿਨੀਂ ਸਰਕਾਰੀ ਹਸਪਤਾਲ ਗੜ੍ਹਸ਼ੰਕਰ ਵਿਖੇ ਇਕ ਲੜਕੀ ਨੂੰ ਜਨਮ ਦਿੱਤਾ, ਜਿਸ ਉਪਰੰਤ ਪੁਲਿਸ ਵੱਲੋਂ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। ਪੁਲਿਸ ਨੂੰ ਦਿੱਤੇ ਬਿਆਨਾਂ 'ਚ ਲੜਕੀ ਨੇ ਦੱਸਿਆ ਕਿ ਉਹ ਲਾਗਲੇ ਪਿੰਡ ਦੇ ਸਕੂਲ 'ਚ ਦਸਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਰੋਜ਼ਾਨਾ ਸਾਈਕਲ ਤੇ ਸਕੂਲ ਜਾਂਦੀ ਹੈ। ਹਰਪ੍ਰੀਤ ਸਿੰਘ ਮਿੰਟੂ ਗੜ੍ਹਸ਼ੰਕਰ ਉਸ ਨੂੰ ਦੋਸਤੀ ਕਰਨ ਲਈ ਮਜਬੂਰ ਕਰਦਾ ਸੀ। ਜਨਵਰੀ 2025 'ਚ ਮਿੰਟੂ ਨੇ ਉਸ ਨੂੰ ਕਿਹਾ ਕਿ ਉਸ ਕੋਲ ਇਕ ਚੀਜ਼ ਹੈ ਜੋ ਉਸ ਨੂੰ ਆਪਣੇ ਘਰ ਲਿਜਾ ਕੇ ਦਿਖਾਉਣੀ ਹੈ। ਸਕੂਲ ਛੁੱਟੀ ਹੋਣ ਤੋਂ ਬਾਅਦ ਉਹ ਉਸ ਦੇ ਘਰ ਚਲੀ ਗਈ, ਜਿੱਥੇ ਉਹ ਇਕੱਲਾ ਹੀ ਸੀ। ਮਿੰਟੂ ਨੇ ਉਸ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਏ। ਕੁਝ ਮਹੀਨਿਆ ਬਾਅਦ ਉਸ ਦੇ ਢਿੱਡ 'ਚ ਦਰਦ ਹੋਣ ਲੱਗੀ, ਜਿਸ ਤੇ ਉਸ ਦੀ ਅਧਿਆਪਕਾ ਨੇ ਉਸ ਦੀ ਮਾਤਾ ਨੂੰ ਫੋਨ ਕਰ ਕੇ ਬੁਲਾਇਆ। ਉਸ ਦੀ ਮਾਤਾ ਤੇ ਚਾਚੀ ਉਸ ਨੂੰ ਸਰਕਾਰੀ ਹਸਪਤਾਲ ਗੜ੍ਹਸ਼ੰਕਰ ਲੈ ਗਏ, ਜਿੱਥੇ ਉਸ ਨੇ ਇਕ ਲੜਕੀ ਨੂੰ ਜਨਮ ਦਿੱਤਾ। ਉਸ ਦੀ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਹੁਸ਼ਿਆਰਪੁਰ ਰੈਫਰ ਕਰ ਦਿੱਤਾ। ਪੁਲਿਸ ਵੱਲੋਂ ਹਰਪ੍ਰੀਤ ਸਿੰਘ ਮਿੰਟੂ ਖ਼ਿਲਾਫ਼ ਪੋਕਸੋ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ

ਹਲਾਲ

## ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

## HALAL OR KUTTHA MEAT SERVED

### IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.